

A Voice of NRI's

ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

Chief Editor: Gurjatinder Singh Randhawa

Punjab Mail USA

ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਵਧਾਈਆਂ








Vol. 18, Issue- 797, 11 to 17 April, 2024, Ph: 916-320-9444, E-mail: punjabmailusa@yahoo.com, Web: punjabmailusa.com


## ਕੈਨੇਡਾ 'ਚ ਕਤਲ ਹੋਏ ਗੁਰਦੁਆਰੇ ਦੇ ਪ੍ਰਧਾਨ ਨੇ ਪਹਿਲਾਂ ਵੀ ਪੁਲਿਸ ਨੂੰ ਕੀਤਾ ਸੀ ਸੂਚਿਤ

### ■ ਹਮਲਾਵਰ ਨੇ ਖੁਦ ਨੂੰ ਗੋਲੀ ਮਾਰ ਕੀਤੀ ਖੁਦਕੁਸ਼ੀ; ਇਕ ਹੋਰ ਗੰਭੀਰ ਜ਼ਖਮੀ




ਮ੍ਰਿਤਕ ਬੂਟਾ ਸਿੰਘ ਗਿੱਲ ਦੀ ਫਾਈਲ ਫੋਟੋ। (ਸੱਜੇ) 2. ਹਮਲਾਵਰ ਨਿੱਕ ਧਾਲੀਵਾਲ ਦੀ ਫਾਈਲ ਫੋਟੋ।

ਅਲਬਰਟਾ, (ਪੰਜਾਬ ਮੇਲ)- ਐਡਮਿੰਟਨ 'ਚ ਇੱਕ ਨਾਮੀਂ ਬਿਲਡਰ ਅਤੇ ਸ਼ਹਿਰ ਦੇ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਦੇ ਪ੍ਰਧਾਨ ਬੂਟਾ ਸਿੰਘ ਗਿੱਲ ਦੀ ਦਿਨ-ਦਿਹਾੜੇ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਗਿਆ। ਇਹ ਘਟਨਾ ਮ੍ਰਿਤਕ ਬੂਟਾ ਸਿੰਘ ਗਿੱਲ ਜਿਸਦਾ ਪਿਛਲਾ ਪਿੰਡ ਲਾਂਧੜਾ (ਨੇੜੇ ਫਿਲੌਰ) ਹੈ, ਦੇ ਕਾਰੋਬਾਰ ਨਾਲ ਜੁੜੀ ਇੱਕ ਕੰਸਟ੍ਰਕਸ਼ਨ ਸਾਈਟ 'ਤੇ ਵਾਪਰੀ ਦੱਸੀ ਜਾ ਰਹੀ ਹੈ, ਜੋ ਮਿਲਵੁੱਡ ਰਿੱਕ ਸੈਂਟਰ ਦੇ ਨੇੜੇ ਸਥਿਤ ਹੈ। ਮਿਲੀਆਂ ਖਬਰਾਂ ਅਨੁਸਾਰ ਹਮਲਾਵਰ ਜਿਸਦਾ ਨਾਮ ਨਿੱਕ ਧਾਲੀਵਾਲ ਹੈ, ਵੀ ਕੰਸਟ੍ਰਕਸ਼ਨ ਦੇ ਕਿੱਤੇ ਨਾਲ ਬਤੌਰ 'ਰੂਫਰ' ਜੁੜਿਆ ਹੋਇਆ ਸੀ। ਇਸ ਘਟਨਾ ਦਾ ਤੀਜਾ ਸ਼ਿਕਾਰ ਸਰਬਜੀਤ ਸਿੰਘ ਦੱਸਿਆ ਗਿਆ ਹੈ, ਜੋ ਇੱਕ ਸਿਵਲ ਇੰਜੀਨੀਅਰ ਹੈ, ਜੋ ਸਖ਼ਤ ਜਖ਼ਮੀ ਹਾਲਤ 'ਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ।

ਸੂਤਰ ਅਨੁਸਾਰ ਤਿੰਨੋਂ ਵਿਅਕਤੀ ਕੰਸਟ੍ਰਕਸ਼ਨ ਸਾਈਟ 'ਤੇ ਮੌਜੂਦ ਸਨ, ਜਦੋਂ ਮਰਹੂਮ ਗਿੱਲ ਅਤੇ ਧਾਲੀਵਾਲ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਤਲਖ਼ ਕਲਾਮੀ ਹੋਈ, ਜਿਸ ਤੋਂ ਬਾਅਦ ਧਾਲੀਵਾਲ ਨੇ ਆਪਣਾ ਪਿਸਤੌਲ ਕੱਢਕੇ ਗੋਲੀਆਂ ਵਰ੍ਹਾ ਦਿੱਤੀਆਂ, ਜਿਸ ਨਾਲ ਧਾਲੀਵਾਲ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਇੰਜੀਨੀਅਰ ਸਰਬਜੀਤ ਸਿੰਘ ਜਖ਼ਮੀ ਹੋ ਗਿਆ। ਸੂਤਰਾਂ ਅਨੁਸਾਰ ਘਟਨਾ ਉਪਰੰਤ ਨਿੱਕ ਧਾਲੀਵਾਲ ਨੇ ਖੁਦ ਨੂੰ ਵੀ ਗੋਲੀ ਮਾਰ ਲਈ ਅਤੇ ਮੌਕੇ 'ਤੇ ਹੀ ਮਾਰਿਆ ਗਿਆ। ਭਾਵੇਂ ਫਿਲਹਾਲ ਝਗੜੇ ਦਾ ਕੋਈ ਸਪੱਸ਼ਟ ਕਾਰਨ

■ ਬਾਕੀ ਖਬਰ ਸਫਾ 30 'ਤੇ

## ਭਾਰਤ ਸਥਿਤ ਅਮਰੀਕੀ ਦੂਤਘਰ ਵੱਲੋਂ ਵੀਜ਼ਾ ਅਪੁਆਇੰਟਮੈਂਟ ਪ੍ਰਕਿਰਿਆ 'ਚ ਆਵੇਗੀ ਤੇਜ਼ੀ

### ■ ਅਮਰੀਕੀ ਰਾਸ਼ਟਰਪਤੀ ਵੱਲੋਂ ਭਾਰਤ 'ਚ ਵੀਜ਼ਾ ਲਈ ਉਡੀਕ ਸਮਾਂ ਘਟਾਉਣ ਦਾ ਹੁਕਮ




ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤ ਦੇ ਦਿੱਲੀ ਸਥਿਤ ਅਮਰੀਕੀ ਦੂਤਘਰ ਨੇ ਆਪਣੀ ਵੀਜ਼ਾ ਅਪੁਆਇੰਟਮੈਂਟ ਪ੍ਰਕਿਰਿਆ 'ਚ ਬਦਲਾਅ ਕੀਤਾ ਹੈ, ਤਾਂ ਜੋ ਅਮਰੀਕਾ ਜਾਣ ਵਾਲੇ ਭਾਰਤੀਆਂ ਨੂੰ ਵੀਜ਼ਾ ਜਲਦੀ ਮਿਲ ਸਕੇ। ਅਮਰੀਕੀ ਰਾਜਦੂਤ ਗਾਰਸੇਟੀ ਨੇ ਦੱਸਿਆ ਕਿ ਰਾਸ਼ਟਰਪਤੀ ਜੋਅ ਬਾਇਡਨ ਨੇ ਉਨ੍ਹਾਂ ਨੂੰ ਭਾਰਤ 'ਚ ਵੀਜ਼ਾ ਲਈ ਉਡੀਕ ਸਮਾਂ ਘਟਾਉਣ ਦਾ ਹੁਕਮ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਗ੍ਰੀਨ ਕਾਰਡ ਬੈਕਲਾਗ ਦਾ ਮੁੱਦਾ ਵੀ ਵੱਡੀ ਸਮੱਸਿਆ ਹੈ ਤੇ ਇਸ ਨੂੰ ਵੀ ਜਲਦੀ ਹੱਲ ਕਰ ਲਿਆ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਇਸ ਹੁਕਮ ਨਾਲ ਉਡੀਕ ਸਮਾਂ 75 ਫ਼ੀਸਦੀ ਤੱਕ ਘੱਟ ਜਾਵੇਗਾ। ਦੂਜੇ ਪਾਸੇ ਅਮਰੀਕਾ ਨੇ ਕਈ ਵੀਜ਼ਾ ਸ਼੍ਰੇਣੀਆਂ ਲਈ ਅਰਜ਼ੀਆਂ ਦੀ ਫੀਸ 'ਚ ਵੱਡਾ ਵਾਧਾ ਕੀਤਾ ਹੈ।

ਅਮਰੀਕੀ ਰਾਜਦੂਤ ਨੇ ਕਿਹਾ ਕਿ ਭਾਵੇਂ ਗੱਲ ਪ੍ਰਵਾਸੀਆਂ ਦੀ ਹੋਵੇ, ਗ੍ਰੀਨ ਕਾਰਡ ਜਾਂ ਪੱਕੀ ਨਾਗਰਿਕਤਾ ਲੈਣ ਵਾਲੇ ਲੋਕਾਂ ਦੀ ਹੋਵੇ, ਸਾਰੇ ਦੇਸ਼ਾਂ ਵਾਂਗ ਅਮਰੀਕਾ 'ਚ ਵੀ ਕਿਸੇ ਵੀ ਕੰਮ ਲਈ ਕੁਝ ਵਿਧਾਨਕ ਹੱਦਾਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਹ ਮਾਪਦੰਡ ਭਾਰਤੀਆਂ ਲਈ ਨਿਰਾਸ਼ਾਜਨਕ ਹਨ ਕਿਉਂਕਿ ਇਥੇ ਬਹੁਤ ਸਾਰੇ ਭਾਰਤੀ ਹਨ, ਜੋ ਅਮਰੀਕਾ ਜਾਣਾ ਚਾਹੁੰਦੇ ਹਨ। ਗਾਰਸੇਟੀ ਨੇ ਕਿਹਾ ਕਿ ਅਮਰੀਕਾ ਦਾ ਵੀਜ਼ਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਦੇ ਮਾਮਲੇ 'ਚ ਭਾਰਤ ਮੈਕਸੀਕੋ ਤੋਂ ਬਾਅਦ ਦੂਜੇ ਨੰਬਰ 'ਤੇ ਹੈ। ਸਾਲ 2023 'ਚ 2,45,000 ਤੋਂ ਵੱਧ ਭਾਰਤੀ ਵਿਦਿਆਰਥੀ ਵੀਜ਼ਾ ਲੈ ਕੇ ਅਮਰੀਕਾ ਗਏ ਸਨ।

ਦੂਜੇ ਪਾਸੇ ਅਮਰੀਕਾ ਜਾਣ ਲਈ ਐੱਚ-1ਬੀ, ਐੱਲ-1 ਤੇ ਈ.ਬੀ.-5 ਵੀਜ਼ਾ ਲਈ ਅਰਜ਼ੀਆਂ ਦੀ ਫੀਸ ਵਧਾ ਦਿੱਤੀ ਗਈ ਹੈ। ਇਹ ਸਾਰੇ ਗੈਰ-ਪ੍ਰਵਾਸੀ ਵੀਜ਼ਾ ਸ਼੍ਰੇਣੀ 'ਚ ਆਉਂਦੇ ਹਨ। ਐੱਚ-1ਬੀ ਵਿਦੇਸ਼ੀ ਹੁਨਰਮੰਦਾਂ ਨੂੰ ਅਮਰੀਕੀ ਕੰਪਨੀਆਂ ਲਈ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਇਸ ਦੇ ਨਾਲ ਹੀ ਐੱਲ-1 ਉਨ੍ਹਾਂ ਕਰਮਚਾਰੀਆਂ ਲਈ ਹੈ, ਜੋ ਕੰਪਨੀ ਅੰਦਰ ਦੇਸ਼ ਬਦਲ ਕੇ ਟਰਾਂਸਫਰ ਕੀਤੇ ਜਾਂਦੇ ਹਨ। ਈ.ਬੀ.-5 ਨਿਵੇਸ਼ ਰਾਹੀਂ ਅਮਰੀਕਾ 'ਚ ਰਹਿਣ ਦਾ ਰਸਤਾ ਪ੍ਰਦਾਨ ਕਰਦਾ ਹੈ। ■ ਬਾਕੀ ਖਬਰ ਸਫਾ 30 'ਤੇ

## ਪੰਜਾਬੀ ਸਾਹਿਤ ਸਭਾ ਵੱਲੋਂ ਅੰਤਰਰਾਸ਼ਟਰੀ ਕਾਨਫਰੰਸ 19 ਮਈ ਨੂੰ



ਦਲਵੀਰ ਦਿਲ ਨਿੱਜਰ



ਗੁਰਜਤਿੰਦਰ ਸਿੰਘ ਰੰਧਾਵਾ

ਸੈਕਰਾਮੈਂਟੋ, (ਪੰਜਾਬ ਮੇਲ)- ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ 20ਵੀਂ ਸਾਲਾਨਾ ਪੰਜਾਬੀ ਕਾਨਫਰੰਸ 19 ਮਈ, 2024 ਨੂੰ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗੀ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਭਾ ਦੇ ਪ੍ਰਧਾਨ ਦਲਵੀਰ ਦਿਲ ਨਿੱਜਰ ਅਤੇ ਜਨਰਲ ਸਕੱਤਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਇਸ ਕਾਨਫਰੰਸ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਸਾਹਿਤਕਾਰ ਅਤੇ ਬੁੱਧੀਜੀਵੀ ਹਿੱਸਾ ਲੈਣ ਲਈ ਪਹੁੰਚ ਰਹੇ ਹਨ। ਇਸ ਮੌਕੇ ਪੰਜਾਬੀ ਸਾਹਿਤ ਬਾਰੇ ਪਰਚੇ ਪੜ੍ਹੇ ਜਾਣਗੇ। ਕਵੀ ਸੰਮੇਲਨ ਹੋਵੇਗਾ। ਪੰਜਾਬੀ ਮਾਂ ਬੋਲੀ ਬਾਰੇ ਵਿਚਾਰ-ਚਰਚਾ ਹੋਵੇਗੀ। ਇਸ ਤੋਂ ਇਲਾਵਾ ਗੀਤ-ਸੰਗੀਤ ਵੀ ਹੋਵੇਗਾ। ਦੇਸ਼ਾਂ-ਵਿਦੇਸ਼ਾਂ ਤੋਂ ਸਾਹਿਤਕਾਰਾਂ ਨੂੰ ਇਸ ਕਾਨਫਰੰਸ ਵਿਚ ਪਹੁੰਚਣ ਲਈ ਸੁਨੇਹੇ ਪਹੁੰਚਣੇ ਸ਼ੁਰੂ ਹੋ ਗਏ ਹਨ। ਇਹ ਕਾਨਫਰੰਸ ਵਿਖੇ Pooja Restaurant, 1223 Merkely Ave. West Sacramento, 95691 ਹੋਵੇਗੀ। ਹੋਰ ਜਾਣਕਾਰੀ ਲਈ 916-628-2210 ਜਾਂ 916-320-9444 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਵਿਸਾਖੀ ਦੇ ਜਸ਼ਨਾਂ ਲਈ ਪਾਕਿਸਤਾਨ ਵੱਲੋਂ ਭਾਰਤੀ ਸਿੱਖ ਸ਼ਰਧਾਲੂਆਂ ਨੂੰ 2,843 ਵੀਜ਼ੇ ਜਾਰੀ

### ■ ਸ਼ਰਧਾਲੂਆਂ ਨੂੰ 13 ਤੋਂ 22 ਅਪ੍ਰੈਲ ਤੱਕ ਪਾਕਿਸਤਾਨ ਵਿਚ ਹੋਣ ਵਾਲੇ ਸਾਲਾਨਾ ਵਿਸਾਖੀ ਤਿਉਹਾਰ 'ਚ ਹਿੱਸਾ ਲੈਣ ਦੀ ਮਿਲੀ ਇਜਾਜ਼ਤ

ਨਵੀਂ ਦਿੱਲੀ, (ਪੰਜਾਬ ਮੇਲ)- ਪਾਕਿਸਤਾਨ ਨੇ ਭਾਰਤ ਦੇ ਸਿੱਖ ਸ਼ਰਧਾਲੂਆਂ ਨੂੰ 2,843 ਵੀਜ਼ੇ ਜਾਰੀ ਕੀਤੇ ਹਨ, ਜਿਸ ਨਾਲ ਉਨ੍ਹਾਂ ਨੂੰ 13 ਅਪ੍ਰੈਲ ਤੋਂ 22 ਅਪ੍ਰੈਲ ਤੱਕ ਪਾਕਿਸਤਾਨ ਵਿਚ ਹੋਣ ਵਾਲੇ ਸਾਲਾਨਾ ਵਿਸਾਖੀ ਤਿਉਹਾਰ 'ਚ ਹਿੱਸਾ ਲੈਣ ਦੀ ਇਜਾਜ਼ਤ ਮਿਲ ਗਈ ਹੈ। ਇਹ ਘੋਸ਼ਣਾ ਭਾਰਤ ਵਿਚ ਪਾਕਿਸਤਾਨ ਹਾਈ ਕਮਿਸ਼ਨ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਕ ਪੋਸਟ ਰਾਹੀਂ ਕੀਤੀ ਗਈ। ਵਿਸਾਖੀ, ਸਿੱਖ ਭਾਈਚਾਰੇ ਲਈ ਬਹੁਤ ਸੱਭਿਆਚਾਰਕ ਅਤੇ

■ ਬਾਕੀ ਖਬਰ ਸਫਾ 30 'ਤੇ

## ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਦਾ ਪੁੱਤਰ ਨਸ਼ੇ ਮਾਮਲੇ 'ਚ ਗ੍ਰਿਫ਼ਤਾਰ

### ■ 42.89 ਗ੍ਰਾਮ ਚਿੱਟਾ ਕੀਤਾ ਬਰਾਮਦ




ਸ਼ਿਮਲਾ, (ਪੰਜਾਬ ਮੇਲ)- ਸ਼ਿਮਲਾ ਪੁਲਿਸ ਨੇ ਪੁਰਾਣੇ ਬੱਸ ਸਟੈਂਡ ਦੇ ਨਜ਼ਦੀਕ ਇਕ ਹੋਟਲ 'ਚ ਛਾਪਾ ਮਾਰ ਕੇ 42.89 ਗ੍ਰਾਮ ਚਿੱਟੇ ਦੇ ਨਾਲ ਪੰਜਾਬ ਦੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਦੇ ਪੁੱਤਰ ਪ੍ਰਕਾਸ਼ ਸਿੰਘ ਤੇ ਇਕ ਲੜਕੀ ਸਮੇਤ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪ੍ਰਕਾਸ਼ ਸਿੰਘ ਮਕਾਨ ਨੰਬਰ 512, ਸੈਕਟਰ 36 ਚੰਡੀਗੜ੍ਹ ਦਾ ਰਹਿਣ ਵਾਲਾ ਹੈ। ਹੋਰ ਮੁਲਜ਼ਮ ਅਜੇ ਕੁਮਾਰ ਪਿੰਡ ਨਾਰਖੇਰੀਆ ਪਟਿਆਲਾ, ਸ਼ੁਭਮ ਕੌਸ਼ਲ ਮਕਾਨ ਨੰਬਰ 204 ਬਲਾਕ ਏ, ਸੈਕਟਰ ਇਕ ਚੰਡੀਗੜ੍ਹ ਤੇ ਬਲਵਿੰਦਰ ਨਵਾਂ ਗਾਓਂ, ਮੋਹਾਲੀ ਦਾ ਰਹਿਣ ਵਾਲਾ ਹੈ। ਇਹ ਸਾਰੇ ਸ਼ਿਮਲਾ ਦੇ ਇਕ ਹੋਟਲ 'ਚ ਕਮਰਾ ਨੰਬਰ 46 'ਚ ਠਹਿਰੇ ਸਨ। ਪੁਲਿਸ ਇਨ੍ਹਾਂ ਤੋਂ ਪੁੱਛਗਿੱਛ ਕਰ ਰਹੀ ਹੈ। ਪਤਾ ਲਗਾਇਆ ਜਾ ਰਿਹਾ ਹੈ ਕਿ ਚਿੱਟਾ ਕਿੱਥੋਂ ਲਿਆਂਦੇ ਸਨ ਤੇ ਇਸਨੂੰ ਕਿੱਥੇ ਪਹੁੰਚਾਇਆ ਜਾਣਾ ਸੀ।

## ਕੇਜਰੀਵਾਲ ਨੂੰ ਨਹੀਂ ਮਿਲ ਸਕੇ ਸੰਜੇ ਸਿੰਘ ਤੇ ਭਗਵੰਤ ਮਾਨ

### ■ ਜੇਲ੍ਹ ਪ੍ਰਸ਼ਾਸਨ ਤੋਂ ਨਹੀਂ ਮਿਲੀ ਇਜਾਜ਼ਤ, ਸੁਰੱਖਿਆ ਕਾਰਨਾਂ ਦਾ ਦਿੱਤਾ ਹਵਾਲਾ





ਨਵੀਂ ਦਿੱਲੀ, (ਪੰਜਾਬ ਮੇਲ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ 'ਆਪ' ਸੰਸਦ ਮੈਂਬਰ ਸੰਜੇ ਸਿੰਘ ਜੇਲ੍ਹ 'ਚ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਨਹੀਂ ਕਰ ਸਕੇ। 'ਆਪ' ਨੇ ਕਿਹਾ ਕਿ ਤਿਹਾੜ ਜੇਲ੍ਹ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੱਤਾ ਹੈ। ਹੁਣ ਤਿਹਾੜ ਜੇਲ੍ਹ ਪ੍ਰਸ਼ਾਸਨ ਮੁਲਾਕਾਤ ਦੀ ਨਵੀਂ ਤਰੀਕ ਬਾਰੇ ਜਾਣਕਾਰੀ ਦੇਵੇਗਾ।

ਸੂਤਰਾਂ ਅਨੁਸਾਰ ਜੇਲ੍ਹ ਪ੍ਰਸ਼ਾਸਨ ਨੂੰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਲਈ ਪੱਤਰ ਮਿਲਿਆ ਸੀ। ਇਸ ਤੋਂ ਬਾਅਦ ਸੰਭਾਵਨਾ ਜਤਾਈ ਜਾ ਰਹੀ ਸੀ ਕਿ ਬੁੱਧਵਾਰ ਨੂੰ ਸੰਜੇ ਸਿੰਘ ਅਤੇ ਭਗਵੰਤ ਮਾਨ ਜੇਲ੍ਹ 'ਚ ਕੇਜਰੀਵਾਲ ਨਾਲ ਮੁਲਾਕਾਤ ਕਰਨਗੇ। ਹਾਲਾਂਕਿ ਜੇਲ੍ਹ ਪ੍ਰਸ਼ਾਸਨ ਨੇ ਇਸ ਦੀ ਇਜਾਜ਼ਤ ਨਹੀਂ ਦਿੱਤੀ।

ਜੇਲ੍ਹ ਨਾਲ ਸਬੰਧਤ ਸੂਤਰਾਂ ਨੇ ਦੱਸਿਆ ਕਿ ਤਿਹਾੜ ਦੇ ਡੀ.ਆਈ.ਜੀ. ਪੱਤਰ ਦਾ ਜਵਾਬ ਦੇਣਗੇ। ਡੀ.ਆਈ.ਜੀ. ਦਾ ਜਵਾਬ ਸੁਰੱਖਿਆ ਜਾਣਕਾਰੀ ਪ੍ਰਦਾਨ ਕਰੇਗਾ ਤੇ ਮੀਟਿੰਗ ਲਈ ਕੁਝ ਤਰੀਕਾਂ ਦਾ ਸੁਝਾਅ ਦੇਵੇਗਾ। ਜੇਕਰ ਸੰਜੇ ਸਿੰਘ ਤੇ ਸੀ.ਐੱਮ. ਭਗਵੰਤ ਮਾਨ ਚਾਹੁਣ ਤਾਂ ਉਹ ਉਨ੍ਹਾਂ ਤਰੀਕਾਂ ਨੂੰ ਸੀ.ਐੱਮ. ਕੇਜਰੀਵਾਲ ਨੂੰ ਮਿਲ ਸਕਦੇ ਹਨ।

ਦੱਸ ਦੇਈਏ ਕਿ ਇਸ ਤੋਂ ਪਹਿਲਾਂ ਮੰਗਲਵਾਰ ਨੂੰ ਸੀ.ਐੱਮ. ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਤਿਹਾੜ ਜੇਲ੍ਹ ਜਾ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ। ਮੁੱਖ ਮੰਤਰੀ ਦੇ ਪੀ.ਏ. ਵਿਭਵ ਕੁਮਾਰ ਵੀ ਉਨ੍ਹਾਂ ਦੇ ਨਾਲ ਰਹੇ। ਸੀ.ਐੱਮ. ਕੇਜਰੀਵਾਲ ਤਿਹਾੜ ਜੇਲ੍ਹ ਨੰਬਰ 5 ਵਿਚ ਬੰਦ ਹਨ।

ਅਰਵਿੰਦ ਕੇਜਰੀਵਾਲ ਜਦੋਂ ਤਿਹਾੜ ਗਏ ਸਨ, ਤਾਂ ਉਨ੍ਹਾਂ ਨੇ ਜੇਲ੍ਹ 'ਚ ਮੁਲਾਕਾਤ ਕਰਨ ਵਾਲਿਆਂ 'ਚ ਆਪਣੀ ਪਤਨੀ ਸੁਨੀਤਾ ਕੇਜਰੀਵਾਲ, ਦੋਵੇਂ ਬੱਚਿਆਂ, 'ਆਪ' ਆਗੂ ਸੰਦੀਪ ਪਾਠਕ ਤੇ ਉਨ੍ਹਾਂ ਦੇ ਨਿੱਜੀ ਸਕੱਤਰ ਦੇ ਨਾਂ ਲਿਖੇ ਸਨ। ਹੁਣ ਇਸ ਸੂਚੀ 'ਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਨਾਂ ਵੀ ਸ਼ਾਮਲ ਹੋ ਗਿਆ ਹੈ।

## ਮੂਸੇਵਾਲਾ ਹੱਤਿਆਕਾਂਡ; 25 ਮੁਲਜ਼ਮਾਂ ਨੇ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ



ਮਾਨਸਾ, (ਪੰਜਾਬ ਮੇਲ)- ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ 27 ਵਿਚੋਂ 25 ਮੁਲਜ਼ਮਾਂ ਨੇ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ, ਜਦੋਂਕਿ ਬਾਕੀ ਦੋ ਮੁਲਜ਼ਮਾਂ ਦੀਪਕ ਮੁੰਡੀ ਅਤੇ ਸਚਿਨ ਭਿਵਾਨੀ ਨਾਲ ਜੇਲ੍ਹ ਵਿਚ ਤਾਲਮੇਲ ਨਹੀਂ ਹੋ ਸਕਿਆ। ਅਦਾਲਤ ਨੇ ਅਗਲੀ ਸੁਣਵਾਈ 19 ਅਪ੍ਰੈਲ 'ਤੇ ਪਾ ਦਿੱਤੀ ਹੈ। ਉਸ ਦਿਨ ਗੈਂਗਸਟਰ ਲਾਰੈਂਸ ਬਿਸ਼ਨੋਈ, ਚਰਨਜੀਤ ਸਿੰਘ ਉਰਫ਼ ਚੇਤਨ, ਜੱਗੂ ਭਗਵਾਨਪੁਰੀਆ ਅਤੇ ਜਗਤਾਰ ਸਿੰਘ ਦੀਆਂ ਅਰਜ਼ੀਆਂ 'ਤੇ ਬਹਿਸ ਹੋਵੇਗੀ, ਜਿਸ ਵਿਚ ਗੈਂਗਸਟਰਾਂ ਨੇ ਖੁਦ ਨੂੰ ਬੇਗੁਨਾਹ ਦੱਸਿਆ ਹੈ।

ਇਸ ਤੋਂ ਪਹਿਲਾਂ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਸਮੇਤ ਤਿੰਨ ਮੁਲਜ਼ਮਾਂ ਵੱਲੋਂ ਦਾਇਰ ਅਰਜ਼ੀਆਂ ਦਾ ਵਿਰੋਧ ਕਰਦਿਆਂ ਹੇਠਲੀ ਅਦਾਲਤ ਵਿਚ ਜਵਾਬ ਦਾਖ਼ਲ ਕੀਤਾ ਹੈ, ਜਦੋਂਕਿ ਇਨ੍ਹਾਂ ਗੈਂਗਸਟਰਾਂ ਵੱਲੋਂ ਕਤਲ ਕੇਸ ਵਿਚ ਸ਼ਾਮਲ ਨਾ ਹੋਣ ਦਾ ਦਾਅਵਾ ਪਹਿਲਾਂ ਹੀ ਕੀਤਾ ਗਿਆ ਸੀ।

■ ਬਾਕੀ ਖਬਰ ਸਫਾ 30 'ਤੇ

APCA is excited to announce its

# 10TH ANNUAL BUYER'S TRADE SHOW IN FRESNO

on

Wednesday, May 8th, 2024
at Industrial Commerce Building
The Big Fresno Fair,
Fresno, CA 93702

**FREE ADMISSION**

*Special Vendor Deals + New Items*

- 100+Vendor Booths and 600+ Retailers From All Over California.
- Cash Prizes A GRAND PRIZE and free Raffle Prizes are being given Away

10 YEARS ANNIVERSARY

## APCA
AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

**May 8th, 2024 From 12:30pm to 5:30pm at Industrial Commerce Building, The Big Fresno Fair, Fresno, CA 93702**

**ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ**

## 10ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ

**8 ਮਈ 2024, 12.30 ਤੋਂ 5.30 ਵਜੇ ਤੱਕ**

**ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।**



ਜੱਗ ਜਿਉਂਦਿਆ ਦੇ ਮੇਲੇ
ਹਰਭਜਨ ਮਾਨ

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ 10ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 100 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।

*Live Performance*

## *Harbhajan Mann*

*Venue: PAUL PAUL THEATER*
*1121, S Chance Ave, Fresno, CA 93702*
*Wednesday, May 8th*
*From 6:30pm to 9:00pm*

*FOR FREE TICKET POLICY & PRICING INFORMATION*

- C-STORE OWNERS: BECOME AN APCA MEMBER AND ATTEND SHOW FOR FREE
- EXISTING MEMBERS: ENSURE YOUR 2024 MEMBERSHIP DUES ARE CURRENT
- MULTIPLE STORE OWNERS: ENROLL ALL STORES WITH APCA TO GET TWO ADDITIONAL FREE TICKETS PER STORE
- TO RECEIVE YOUR TWO FREE TICKETS, MUST ATTEND APCA TRADE SHOW ON MAY 8TH AT "THE BIG FRESNO FAIR, FRESNO"
- ADDITIONAL TICKETS: $50 EACH

*Platinum Sponsor*

Flamingo Catering & Banquet Hall

*Media Partners*

PUNJAB MAIL USA TV Channel

Radio Punjab

PTC PUNJABI

*For More Information*

ANDY CHHIKARA: 559-259-4006
JASBIR SARAI: 209-675-0866
BALWINDER SINGH: 559-718-9339
AMRIT DHALIWAL: 209-598-6980
PUNEET BAINS: 559-347-7728
PAUL HAYER: 707-290-8530
ROCKY MALHI: 916-792-8023
KEWAL KRISHAN: 510-290-7144

Copyright @ Punjab Mail USA

# ਪਾਕਿ ਸਰਕਾਰ ਵਿਸਾਖੀ ਮੌਕੇ ਸਿੱਖ ਸ਼ਰਧਾਲੂਆਂ ਦੀ ਸੁਰੱਖਿਆ ਲਈ 1000 ਤੋਂ ਵਧ ਪੁਲਿਸ ਮੁਲਾਜ਼ਮ ਕਰੇਗੀ ਤਾਇਨਾਤ

**ਲਾਹੌਰ, (ਪੰਜਾਬ ਮੇਲ)-** ਪਾਕਿਸਤਾਨੀ ਸੂਬੇ ਪੰਜਾਬ ਦੇ ਘੱਟ-ਗਿਣਤੀ ਮਾਮਲਿਆਂ ਦੇ ਮੰਤਰੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐੱਸ.ਜੀ.ਪੀ.ਸੀ.) ਦੇ ਚੇਅਰਮੈਨ ਰਮੇਸ਼ ਸਿੰਘ ਅਰੋੜਾ ਨੇ ਸਿੱਖ ਭਾਈਚਾਰੇ ਦੇ ਮਨਾਏ ਜਾ ਰਹੇ ਸਮਾਗਮਾਂ ਲਈ ਭਾਰਤ ਨੂੰ ਸੱਦਾ ਦਿੱਤਾ ਹੈ ਅਤੇ ਆਉਣ ਵਾਲੇ ਵਿਸਾਖੀ ਮੇਲੇ ਦੇ ਨਾਲ ਭਾਰਤ ਤੋਂ ਆਉਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਵਧੀਆ ਸਹੂਲਤਾਂ ਮੁਹੱਈਆ ਕਰਨ ਦਾ ਦ੍ਰਿੜ੍ਹ ਸੰਕਲਪ ਜ਼ਾਹਿਰ ਕੀਤਾ ਹੈ। ਸਰਹੱਦ ਪਾਰਲੇ ਸੂਤਰਾਂ ਅਨੁਸਾਰ ਰਮੇਸ਼ ਸਿੰਘ ਅਰੋੜਾ ਨੇ ਇਹ ਪ੍ਰਗਟਾਵਾ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਵਿਖੇ ਵਿਸਾਖੀ ਦੇ ਦਿਹਾੜੇ ਸਬੰਧੀ ਸਬੰਧੀ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਹੋਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ। ਉਨ੍ਹਾਂ ਨੇ ਭਾਰਤ ਤੋਂ ਆਉਣ ਵਾਲੇ ਸਿੱਖ ਸ਼ਰਧਾਲੂਆਂ ਦੀ ਸੁਰੱਖਿਆ, ਰਿਹਾਇਸ਼ ਅਤੇ ਸਫਾਈ ਸਹੂਲਤਾਂ ਦਾ ਜਾਇਜ਼ਾ ਲੈਣ ਲਈ ਯਾਤਰੀ ਬੋਰਡਿੰਗ ਬਲਾਕ, ਰਸੋਈ ਅਤੇ ਮੁੱਖ ਪ੍ਰਾਰਥਨਾ ਸਥਾਨ ਦਾ ਦੌਰਾ ਕੀਤਾ।

ਉਨ੍ਹਾਂ ਕਿਹਾ ਕਿ ਦੇਸ਼ 'ਚ ਮੌਜੂਦਾ ਅਮਨ-ਕਾਨੂੰਨ ਦੀ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਭਾਰਤੀ ਸਿੱਖ ਸ਼ਰਧਾਲੂਆਂ ਲਈ ਬਹੁ-ਪੱਧਰੀ ਅਤੇ ਫੁਲਪਰੂਫ ਸੁਰੱਖਿਆ ਪ੍ਰਬੰਧ ਕਰਨ ਦੇ ਨਿਰਦੇਸ਼ ਦਿੰਦਿਆਂ ਸ਼ਰਧਾਲੂਆਂ ਨੂੰ ਉਨ੍ਹਾਂ ਦੀ ਯਾਤਰਾ ਦੌਰਾਨ ਮੁਫਤ ਭੋਜਨ ਅਤੇ ਮੈਡੀਕਲ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਅਰੋੜਾ ਨੇ ਕਿਹਾ ਕਿ ਯਾਤਰਾ ਦੇ ਬਿਹਤਰ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਸ਼ਰਧਾਲੂਆਂ ਲਈ ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਜਾਣਗੀਆਂ ਅਤੇ ਪਾਕਿਸਤਾਨ ਅਤੇ ਭਾਰਤ ਵਿਚਾਲੇ ਹੋਏ ਪ੍ਰੋਟੋਕੋਲ ਅਨੁਸਾਰ ਵੀਜ਼ੇ ਜਾਰੀ ਕੀਤੇ ਜਾਣਗੇ, ਜਦਕਿ ਪਾਕਿਸਤਾਨ ਸਰਕਾਰ ਨੇ ਵੱਖ-ਵੱਖ ਸਿੱਖ ਗੁਰਦੁਆਰਿਆਂ 'ਚ ਵਿਸਾਖੀ ਦਾ ਦਿਹਾੜਾ ਮਨਾਉਣ ਲਈ ਪ੍ਰਬੰਧ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ 'ਚ ਖਾਸ ਕਰ ਕੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਅਤੇ ਗੁਰਦੁਆਰਾ ਸ੍ਰੀ ਡੇਰਾ ਸਾਹਿਬ ਲਾਹੌਰ ਵਿਚ ਸਿੱਖ ਸੰਗਤਾਂ ਦੀ ਸੁਰੱਖਿਆ ਦੇ ਪ੍ਰਬੰਧਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

ਇਸ ਮੌਕੇ ਮੰਤਰੀ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਥਾਨਕ ਨੁਮਾਇੰਦਿਆਂ ਨੂੰ ਆ ਰਹੀਆਂ ਸਮੱਸਿਆਵਾਂ ਅਤੇ ਸੁਝਾਵਾਂ ਤੋਂ ਜਾਣੂ ਕਰਵਾਉਂਦਿਆਂ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਹੱਲ ਕਰਨ ਦੇ ਨਿਰਦੇਸ਼ ਵੀ ਦਿੱਤੇ। ਇਸ ਮੌਕੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਕੁਲੈਕਟਰ ਰਾਓ ਆਤਿਫ਼ ਰਜ਼ਾ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈ.ਟੀ.ਪੀ.ਬੀ.) ਅਤੇ ਪੀ.ਐੱਸ.ਜੀ.ਪੀ.ਸੀ. ਦੇ ਸਹਿਯੋਗ ਨਾਲ ਸ਼ਰਧਾਲੂਆਂ ਲਈ ਗੁਰਦੁਆਰਾ ਸਾਹਿਬ ਵਿਖੇ ਸੁਰੱਖਿਆ, ਭੋਜਨ ਅਤੇ ਰਿਹਾਇਸ਼ ਲਈ ਇਕ ਵਿਆਪਕ ਯੋਜਨਾ ਨੂੰ ਅੰਤਿਮ ਰੂਪ ਦਿੱਤਾ ਹੈ। ਰਾਓ ਨੇ ਕਿਹਾ ਕਿ ਸੁਰੱਖਿਆ ਦੀ ਨਿਗਰਾਨੀ ਲਈ 6 ਐੱਸ.ਡੀ.ਪੀ.ਓ., 17 ਇੰਸਪੈਕਟਰ, 103 ਵਧੀਕ ਪੁਲਿਸ ਸੁਪਰਡੈਂਟ, 94 ਹੈੱਡ ਕਾਂਸਟੇਬਲ, 667 ਕਾਂਸਟੇਬਲ ਅਤੇ 36 ਮਹਿਲਾ ਕਾਂਸਟੇਬਲਾਂ ਸਮੇਤ ਲਗਭਗ 1,000 ਪੁਲਿਸ ਅਧਿਕਾਰੀ ਅਤੇ ਕਰਮਚਾਰੀ ਤਾਇਨਾਤ ਕੀਤੇ ਜਾਣਗੇ। ਇਸ ਮੌਕੇ ਸਹਾਇਕ ਕਮਿਸ਼ਨਰ ਹਿੰਦੂ ਬੀਬੀ ਅਫ਼ਸਰ ਡਾ. ਸਨਾ ਰਾਮਚੰਦ, ਔਕਾਫ਼ ਬੋਰਡ, ਪੀ.ਐੱਸ.ਜੀ.ਪੀ.ਸੀ., ਪੁਲਿਸ ਅਤੇ ਵੱਖ-ਵੱਖ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਅਧਿਕਾਰੀ ਵੀ ਹਾਜ਼ਰ ਸਨ।



**■ 'ਸਿੱਖ ਸੰਗਤਾਂ ਦੀ ਸੁਰੱਖਿਆ ਪ੍ਰਬੰਧਾਂ ਵੱਲ ਦਿੱਤਾ ਜਾ ਰਿਹੈ ਵਿਸ਼ੇਸ਼ ਧਿਆਨ'**

## ਅਮਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਹੇਠ ਮੈਕਸੀਕੋ ਸਰਹੱਦ 'ਤੇ 222 ਪ੍ਰਵਾਸੀਆਂ ਖ਼ਿਲਾਫ਼ ਕਾਰਵਾਈ

**ਨਿਊਯਾਰਕ, (ਪੰਜਾਬ ਮੇਲ)-** 200 ਤੋਂ ਵੱਧ ਪ੍ਰਵਾਸੀ ਜੋ ਮੈਕਸੀਕੋ ਦੀ ਸਰਹੱਦ ਪਾਰ ਕਰ ਕੇ ਟੈਕਸਾਸ ਅਮਰੀਕਾ ਵਿਚ ਦਾਖਲ ਹੋਏ ਸਨ, ਉਨ੍ਹਾਂ 'ਤੇ ਦੰਗੇ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਉਨ੍ਹਾਂ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਇਮੀਗ੍ਰੇਸ਼ਨ ਅਧਿਕਾਰੀਆਂ ਅਨੁਸਾਰ ਬੀਤੀ 21 ਮਾਰਚ, 2024 ਨੂੰ ਵਾਪਰੀ ਘਟਨਾ ਵਿਚ ਪ੍ਰਵਾਸੀਆਂ ਦਾ ਇੱਕ ਸਮੂਹ ਸਰਹੱਦ ਦੇ ਨਾਲ ਰੇਜ਼ਰ ਤਾਰ ਦੀ ਵਾੜ ਤੋੜ ਕੇ ਰੀਓ ਗ੍ਰਾਂਡੇ ਵਿਖੇ ਇੱਕ ਗੇਟ ਰਾਹੀਂ ਦਾਖਲ ਹੋਏ ਅਤੇ ਝਗੜੇ ਵਿਚ ਟੈਕਸਾਸ ਨੈਸ਼ਨਲ ਗਾਰਡ ਦੇ ਮੈਂਬਰਾਂ ਨੂੰ ਵੀ ਜ਼ਖਮੀ ਕਰ ਦਿੱਤਾ।

ਐਲਪਾਸੋ ਜ਼ਿਲ੍ਹਾ ਅਟਾਰਨੀ ਬਿਲ ਹਿਕਸ ਅਨੁਸਾਰ 9 ਪ੍ਰਵਾਸੀਆਂ ਨੇ ਰੇਜ਼ਰ ਤਾਰ ਕੱਟਣ ਤੋਂ ਬਾਅਦ ਨੈਸ਼ਨਲ ਗਾਰਡ ਦੇ ਮੈਂਬਰਾਂ 'ਤੇ ਹਮਲਾ ਕੀਤਾ ਕਿਉਂਕਿ ਲਗਭਗ 1,000 ਪ੍ਰਵਾਸੀਆਂ ਨੇ ਸਰਹੱਦ ਪਾਰ ਕਰਨ ਤੋਂ ਬਾਅਦ ਆਤਮ ਸਮਰਪਣ ਕਰ ਦਿੱਤਾ ਸੀ। ਸਰਹੱਦ 'ਤੇ ਹੋਏ ਦੰਗਿਆਂ ਦੇ ਕੁਝ ਹੈਰਾਨ ਕਰਨ ਵਾਲੇ ਦ੍ਰਿਸ਼ ਵੀ ਕੈਮਰੇ 'ਚ ਕੈਦ ਹੋਏ, ਜੋ ਬਾਅਦ 'ਚ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਏ। ਬਾਰਡਰ ਰਿਪੋਰਟ ਡਾਟ ਕਾਮ ਦੀ ਇੱਕ ਰਿਪੋਰਟ ਅਨੁਸਾਰ 21 ਮਾਰਚ ਦੀ ਘਟਨਾ ਵਿਚ ਸ਼ਾਮਲ 222 ਪ੍ਰਵਾਸੀਆਂ ਦੀ ਪਛਾਣ ਕਰਨ ਤੋਂ ਬਾਅਦ, ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਅਮਰੀਕਾ 'ਚ ਅਗਵਾ ਹੋਣ ਮਗਰੋਂ ਭਾਰਤੀ ਵਿਦਿਆਰਥੀ ਦੀ ਮਿਲੀ ਲਾਸ਼

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕਾ 'ਚ ਇਕ ਭਾਰਤੀ ਵਿਦਿਆਰਥੀ ਜੋ 20 ਮਾਰਚ ਤੋਂ ਲਾਪਤਾ ਸੀ, ਦੀ ਮੌਤ ਹੋਣ ਦੀ ਸੂਚਨਾ ਪ੍ਰਾਪਤ ਹੋਈ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਉਸ ਦੇ ਪਰਿਵਾਰ ਤੋਂ ਭਾਰਤ 'ਚ 1200 ਡਾਲਰ ਤੱਕ ਦੀ ਰਕਮ ਦੀ ਮੰਗ ਕੀਤੀ ਗਈ ਸੀ। ਇਸ ਭਾਰਤੀ ਵਿਦਿਆਰਥੀ ਦਾ ਪਿਛੋਕੜ ਅੰਬੇਡਕਰ ਨਗਰ, ਨਾਚਰ (ਹੈਦਰਾਬਾਦ) ਦੇ ਨਾਲ ਸੰਬੰਧਤ ਸੀ।



ਫ਼ਾਈਲ ਫੋਟੋ ਅਬਦੁਲ ਮੁਹੰਮਦ ਅਰਾਫਾਤ।

ਭਾਰਤ ਦੇ ਨਿਊਯਾਰਕ ਕੌਂਸਲੇਟ ਪੁਲਿਸ ਦੀ ਜਾਂਚ ਵਿਚ ਪੂਰਾ ਸਹਿਯੋਗ ਕਰ ਰਿਹਾ ਹੈ। ਅਮਰੀਕਾ ਵਿਚ ਭਾਰਤੀ ਵਿਦਿਆਰਥੀਆਂ ਦੀ ਮੌਤ ਦੀਆਂ ਖਬਰਾਂ ਲਗਾਤਾਰ ਆ ਰਹੀਆਂ ਹਨ। ਪਰਿਵਾਰ ਦਾ ਦੋਸ਼ ਹੈ ਕਿ ਮ੍ਰਿਤਕ ਲੜਕੇ ਦੇ ਪਿਤਾ ਕੋਲੋਂ 1200 ਡਾਲਰ ਦੀ ਮੰਗ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਇਹ ਵਿਦਿਆਰਥੀ 20 ਮਾਰਚ ਤੋਂ ਅਮਰੀਕਾ ਤੋ ਲਾਪਤਾ ਸੀ ਅਤੇ ਹੁਣ ਉਸ ਦੀ ਮੌਤ ਦੀ ਖ਼ਬਰ ਸਾਹਮਣੇ ਆਈ ਹੈ। ਭਾਰਤ ਦਾ ਨਿਊਯਾਰਕ ਕੌਂਸਲੇਟ ਪੁਲਿਸ ਜਾਂਚ ਵਿਚ ਸਹਿਯੋਗ ਕਰ ਰਿਹਾ ਹੈ ਅਤੇ ਮ੍ਰਿਤਕ ਵਿਦਿਆਰਥੀ ਦੀ ਪਛਾਣ ਮੁਹੰਮਦ ਅਬਦੁਲ ਅਰਾਫਾਤ (25) ਵਜੋਂ ਹੋਈ ਹੈ। ਮ੍ਰਿਤਕ ਮਈ 2023 ਵਿਚ ਉੱਚ ਸਿੱਖਿਆ ਲਈ ਅਮਰੀਕਾ ਗਿਆ ਸੀ। ਉਹ ਕਲੀਵਲੈਂਡ ਯੂਨੀਵਰਸਿਟੀ ਵਿਚ ਐੱਮ.ਐੱਸ. ਦੀ ਪੜ੍ਹਾਈ ਕਰ ਰਿਹਾ ਸੀ।

**■ ਗੈਂਗਸਟਰਾਂ ਨੇ ਉਸ ਦੇ ਪਿਤਾ ਤੋਂ ਮੰਗੇ ਸੀ 1200 ਸੌ ਡਾਲਰ**

## ਵਿਸ਼ਵ ਬੈਂਕ ਵੱਲੋਂ 2024 'ਚ ਭਾਰਤੀ ਆਰਥਿਕ ਵਿਕਾਸ ਦਰ 7.5 ਫ਼ੀਸਦੀ ਦੀ ਰਹਿਣ ਦਾ ਅਨੁਮਾਨ

**ਵਾਸ਼ਿੰਗਟਨ, (ਪੰਜਾਬ ਮੇਲ)-** ਵਿਸ਼ਵ ਬੈਂਕ ਨੇ 2024 ਵਿਚ ਭਾਰਤੀ ਅਰਥਚਾਰੇ ਦੀ ਵਿਕਾਸ ਦਰ 7.5 ਫ਼ੀਸਦੀ ਰਹਿਣ ਦਾ ਅਨੁਮਾਨ ਲਾਇਆ ਹੈ। ਇਸ ਨੇ ਆਪਣੇ ਪੁਰਾਣੇ ਅਨੁਮਾਨ ਨੂੰ 1.2 ਫੀਸਦੀ ਤੱਕ ਸੋਧਿਆ ਹੈ। ਦੱਖਣੀ ਏਸ਼ੀਆ ਦੀ ਵਿਕਾਸ ਦਰ 'ਤੇ ਜਾਰੀ ਤਾਜ਼ਾ ਜਾਣਕਾਰੀ 'ਚ ਵਿਸ਼ਵ ਬੈਂਕ ਨੇ ਕਿਹਾ ਕਿ 2024 'ਚ ਦੱਖਣੀ ਏਸ਼ੀਆ 'ਚ ਵਿਕਾਸ ਦਰ ਦੇ 6.0 ਫੀਸਦੀ ਤੱਕ ਮਜ਼ਬੂਤ ਹੋਣ ਦੀ ਉਮੀਦ ਹੈ। ਇਹ ਮੁੱਖ ਤੌਰ 'ਤੇ ਭਾਰਤ ਵਿਚ ਮਜ਼ਬੂਤ ਵਿਕਾਸ ਅਤੇ ਪਾਕਿਸਤਾਨ ਅਤੇ ਸ੍ਰੀਲੰਕਾ ਵਿਚ ਆਰਥਿਕਤਾ ਪਟੜੀ 'ਤੇ ਆਉਣ ਕਾਰਨ ਸੰਭਵ ਹੋਵੇਗਾ। ਰਿਪੋਰਟ ਮੁਤਾਬਕ ਅਗਲੇ ਦੋ ਸਾਲਾਂ ਤੱਕ ਦੱਖਣੀ ਏਸ਼ੀਆ ਦੁਨੀਆਂ ਦਾ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਖੇਤਰ ਬਣੇ ਰਹਿਣ ਦੀ ਉਮੀਦ ਹੈ। ਸਾਲ 2025 ਵਿਚ ਵਿਕਾਸ ਦਰ 6.1 ਫੀਸਦੀ ਰਹਿਣ ਦਾ ਅਨੁਮਾਨ ਹੈ।


ਸੱਦਾ ਪੱਤਰ

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)
ਵੱਲੋਂ 20ਵੀਂ
ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ
ਮਈ 19, 2024, ਸਵੇਰੇ 9 ਵਜੇ ਤੋਂ 6 ਵਜੇ ਤੱਕ
ਸਥਾਨ : Pooja Restaurant, 1223 Merkely Ave. West Sacramento, 95691

ਪ੍ਰੋਗਰਾਮ
- ਉਦਘਾਟਨ : 9.00 ਵਜੇ ਸਵੇਰੇ
- ਕਵੀ ਸੰਮੇਲਨ : 11.00 ਵਜੇ
- ਦੁਪਹਿਰ ਦਾ ਖਾਣਾ : 1.30 ਵਜੇ
- ਪੰਜਾਬੀ ਸਾਹਿਤ ਵਿਚਾਰ ਵਟਾਂਦਰਾ : 2.00 ਵਜੇ
- ਗੀਤ ਸੰਗੀਤ : 5.00 ਵਜੇ ਸ਼ਾਮ

ਆਪ ਜੀ ਨੂੰ ਬੇਨਤੀ ਹੈ ਕਿ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ 20ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਮਿਤੀ 19 ਮਈ, 2024 ਨੂੰ ਹੋ ਰਹੀ ਹੈ। ਇਸ ਮੌਕੇ ਪੰਜਾਬੀ ਸਾਹਿਤ ਬਾਰੇ ਪਰਚੇ ਪੜ੍ਹੇ ਜਾਣਗੇ। ਕਵੀ ਸੰਮੇਲਨ ਹੋਵੇਗਾ। ਪੰਜਾਬੀ ਮਾਂ ਬੋਲੀ ਬਾਰੇ ਵਿਚਾਰ ਚਰਚਾ ਹੋਵੇਗੀ। ਇਸ ਤੋਂ ਇਲਾਵਾ ਗੀਤ-ਸੰਗੀਤ ਹੋਵੇਗਾ। ਆਪ ਜੀ ਨੂੰ ਬੇਨਤੀ ਹੈ ਕਿ ਆਪ ਇਸ ਮੌਕੇ ਪਹੁੰਚ ਕੇ ਕਾਨਫਰੰਸ ਦੀ ਰੌਣਕ ਨੂੰ ਵਧਾਉ।

ਦਲਵੀਰ 'ਦਿਲ' ਨਿੱਜਰ
ਪ੍ਰਧਾਨ
916-628-2210

ਉਡੀਕਵਾਨ :
ਸਮੁੱਚੀ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ

ਗੁਰਜਤਿੰਦਰ ਸਿੰਘ ਰੰਧਾਵਾ
ਜਨਰਲ ਸਕੱਤਰ
916-320-9444



ਸਮੂਹ ਸਿੱਖ ਜਗਤ ਨੂੰ ਖਾਲਸਾ ਜੀ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦੀ ਲੱਖ-ਲੱਖ ਵਧਾਈ।





Amolak Singh Gakhal, Iqbal Singh Gakhal, Palwinder Singh Gakhal

# A & I TRUCKING

COMMITMENT TO SERVICE

ਅਮੋਲਕ ਸਿੰਘ ਗਾਖਲ (ਕਬੱਡੀ ਪ੍ਰਮੋਟਰ)


ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ

Designed By Punjab Mail USA

A&I Watsonville, CA

GAKHAL GROUP

GB Entertainment



123, E LEE ROAD WATSONVILLE, CA 95076



# ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



Designed By Punjab Mail USA

# ਮਨਮੋਹਨ ਸਿੰਘ ਧਾਲੀਵਾਲ

## ਉੱਘੇ ਬਿਜਨੈਸਮੈਨ ਅਤੇ ਸਿੱਖ ਆਗੂ

## Manmohan Singh Dhaliwal



Manmohan Singh Dhaliwal

# J & H Express Inc.

20415 72nd Ave.
S Suite Kent, WA 98032




ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਵੱਲੋਂ ਸਮੂਹ ਸਿੱਖ ਸੰਗਤ ਨੂੰ ਖਾਲਸਾ ਸਿਰਜਣਾ ਦਿਵਸ ਅਤੇ ਖੁਸ਼ੀਆਂ-ਖੇੜਿਆਂ ਦੇ ਤਿਉਹਾਰ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ।



Designed By Punjab Mail USA








## Randhir Singh Nijjar

Lakhy Singh | Sajjad Anwar

# CAMP LOGISTICS


TRANSPORATATION & BROKERAGE INC

9365, Miko Circle, Elk Grove, CA 95624

## ਧੀਰਾ ਨਿੱਝਰ (ਖੇਡ ਪ੍ਰਮੋਟਰ)



# ਸੱਚੇ ਪਾਤਸ਼ਾਹ ਸਾਹਿਬ
# ਸ੍ਰੀ ਗੁਰੂ ਗੋਬਿੰਦ ਸਿੰਘ ਜੀ
## ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ
## ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ



ਸ. ਪਾਖਰ ਸਿੰਘ ਅਕਾਲੀ



ਸ. ਸੌਦਾਗਰ ਸਿੰਘ ਅਕਾਲੀ



ਸ. ਸੁਰਿੰਦਰ ਸਿੰਘ ਨਿੱਝਰ, ਸ. ਅਵਤਾਰ ਸਿੰਘ ਅਕਾਲੀ, ਸ. ਅੰਮ੍ਰਿਤਪਾਲ ਸਿੰਘ ਨਿੱਝਰ



Varinder Singh Nijjar Jagbir Singh Nijjar



Manhamir Singh Nijjar

Designed By Punjab Mail USA

# ਸੁਰਿੰਦਰ ਸਿੰਘ ਨਿੱਝਰ,
# ਅੰਮ੍ਰਿਤਪਾਲ ਸਿੰਘ ਨਿੱਝਰ

ਟਕਸਾਲੀ ਅਕਾਲੀ ਆਗੂ, ਪਿੰਡ ਭਾਗਸਿੰਘ ਪੁਰਾ, ਫਿਲੌਰ (ਜਲੰਧਰ)

ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ

# ਨਿੱਝਰ ਬ੍ਰਦਰਜ਼ ਤੇ ਪਰਿਵਾਰ

ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ: 559-479-1804, 1-800-317-2577

TRANSCORP
Hiring Owner Operators & Drivers

# Charhda Punjab Club

## Sacramento

# ਚੜ੍ਹਦਾ ਪੰਜਾਬ ਕਲੱਬ, ਸੈਕਰਾਮੈਂਟੋ ਵੱਲੋਂ




## ਸਮੂਹ ਸਿੱਖ ਸੰਗਤ ਨੂੰ ਖਾਲਸਾ ਸਿਰਜਣਾ ਦਿਵਸ ਅਤੇ ਖੁਸ਼ੀਆਂ-ਖੇੜਿਆਂ ਦੇ ਤਿਉਹਾਰ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ।




# ਚੜ੍ਹਦਾ ਪੰਜਾਬ ਕਲੱਬ, ਸੈਕਰਾਮੈਂਟੋ

Designed By Punjab Mail USA


ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ
ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ
ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ
Gurjatinder S. Randhawa
REALTOR CA DRE licence # 01490567
REALTYONEGROUP
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
web: www.RealtorRandhawa.com
916-320-9444
Gurjatinder S. Randhawa
REALTOR CA DRE licence # 01490567
garysingh123@yahoo.com



# ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



**Mohabatpal Singh Kaile**
President Haryana American Association California



**Sukhwinder Singh**



**Sukhraj Singh Kang**

## ਮੁਹੱਬਤਪਾਲ ਸਿੰਘ ਕੈਲ
## ਸੁਖਵਿੰਦਰ ਸਿੰਘ
## ਸੁਖਰਾਜ ਸਿੰਘ ਕੰਗ



Designed By Punjab Mail USA

## Mohabatpal Singh Kaile, Sukhraj Singh Kang, Sukhwinder Singh

## Gas Station, Farming & Hotel Business Owner

**Marysville, Lincoln, Sacramento.**



ਸੱਚੇ ਪਾਤਸ਼ਾਹ ਸਾਹਿਬ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ

ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ

ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



Designed By Punjab Mail USA

ਸੈਮ ਬਾਠ, ਜਸਵਿੰਦਰ ਜੱਸੀ ਸ਼ੇਰਗਿੱਲ,
ਪਰਮਜੀਤ ਸਿੰਘ ਖਹਿਰਾ, ਪਲਵਿੰਦਰ ਸ਼ੇਰਗਿੱਲ

- SAM BATH
- JASSI SHERGILL
- PARAMJIT SINGH KHAIRA
- PALWINDER SHERGILL

ਪੰਜਾਬੀ ਭਰਾਵਾਂ ਦਾ ਸੈਕਰਾਮੈਂਟੋ ਵਿਚ ਆਪਣੇ ਟਰੱਕ ਸਟਾਪ

SAC VALLEY VELLERO

7891, Stockton Blvd, Sacramento, CA 95823

ਟਰੱਕਾਂ ਵਾਲੇ ਭਰਾਵਾਂ ਲਈ ਹਰ ਸਹੂਲਤਾਂ ਨਾਲ ਲੈਸ ਟਰੱਕ ਸਟਾਪ

WEST SAC AM PM TRUCK STOP

4790, West Captial Avenue, West Sacramento, CA 95691

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ



# ਸੱਚੇ ਪਾਤਸ਼ਾਹ ਸਾਹਿਬ
# ਸ੍ਰੀ ਗੁਰੂ ਗੋਬਿੰਦ ਸਿੰਘ ਜੀ
## ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ



Designed By Punjab Mail USA

# Jasmail Singh Chitti

**Jasmail Singh Chitti**
**Ph: 877-389-4700**


# FIVE STAR
## TOWING INC

24hrs Towing

**8 Locations and 55 Tow Trucks Serve You Better.**

*Northern California's Number 1 Towing Service*

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ



ਦਸਮ ਪਿਤਾ
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਵਲੋਂ ਪ੍ਰਗਟ ਕੀਤੇ ਖ਼ਾਲਸਾ
ਦੇ ਜਨਮ ਦਿਹਾੜੇ ਵਿਸਾਖੀ
ਦੀਆਂ ਲੱਖ-ਲੱਖ ਵਧਾਈਆਂ



Designed By Punjab Mail USA

ਪਰਗਟ ਸਿੰਘ ਸੰਧੂ
ਮੇਅਰ, ਗਾਲਟ ਸਿਟੀ

PARGAT SINGH SANDHU
Mayor City of GALT, CALIFORNIA

ੴ ਸਤਿਗੁਰ ਪ੍ਰਸਾਦਿ
ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹੋ ਕਰੋ ਨਿਵਾਸ



# ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ

## ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ

## ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ

ਖਾਲਸਾ ਜੀ ਦੇ ਜਨਮ ਦਿਹਾੜੇ ਵਿਸਾਖੀ ਮੌਕੇ ਅਮਰੀਕਾ ਦੇ ਗੁਰੂ ਘਰਾਂ ਵਿਚ ਧਾਰਮਿਕ ਦੀਵਾਨ ਸਜਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


# ਡਾ. ਪ੍ਰਿਤਪਾਲ ਸਿੰਘ

ਕੋ-ਆਰਡੀਨੇਟਰ

## ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ।

**American Gurdwara Parbandhak Committee**

Designed By Punjab Mail USA



ਸਮੂਹ ਸਿੱਖ ਜਗਤ ਨੂੰ ਖਾਲਸਾ ਸਿਰਜਣਾ ਦਿਵਸ ਅਤੇ ਖੁਸ਼ੀਆਂ-ਖੇੜਿਆਂ ਦੇ ਤਿਉਹਾਰ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ।




**Jaswant S. Hothi**

ਪ੍ਰਧਾਨ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ

**ਜਸਵੰਤ ਸਿੰਘ ਹੋਠੀ**





# ਸੱਚੇ ਪਾਤਸ਼ਾਹ ਸਾਹਿਬ
# ਸ੍ਰੀ ਗੁਰੂ ਗੋਬਿੰਦ ਸਿੰਘ ਜੀ
# ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ





Designed By Punjab Mail USA

**Daljit Singh Basanti & Avtar Singh Basanti**

***Basanti Brothers, Reno***




ਸੱਚੇ ਪਾਤਸ਼ਾਹ ਸਾਹਿਬ
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਵਲੋਂ ਪ੍ਰਗਟ ਕੀਤੇ
ਖਾਲਸਾ ਦੇ
ਜਨਮ ਦਿਹਾੜੇ
ਵਿਸਾਖੀ ਦੀਆਂ
ਲੱਖ-ਲੱਖ ਮੁਬਾਰਕਾਂ





Designed By Punjab Mail USA

CHARANJIT SINGH BATTH
RAISIN, GRAPE AND ALMOND GROWER

ਚਰਨਜੀਤ ਸਿੰਘ ਬਾਠ
ਸੋਗੀ ਦੇ ਬਾਦਸ਼ਾਹ

5434 W. KAMM AVENUE, CARUTHERS, CALIFORNIA 93609



ਦਸਮ ਪਿਤਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ
ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ
ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

# ਪਾਲ ਸਿਹੋਤਾ

ਪ੍ਰਧਾਨ ਐੱਨਆਰਆਈ ਸਭਾ, ਪੰਜਾਬ
ਪ੍ਰਧਾਨ, ਵੈਸਟ ਕੋਸਟ ਇੰਡੀਅਨ ਓਵਰਸੀਜ਼ ਕਾਂਗਰਸ

# Paul Sihota

President Nri Sabha, Punjab



Royal Express, INC,
Smartway Express INC,
Smartway Logestic INC

www.royalexp.com
3545, East Date Ave. Fresno CA

**ਪਾਲ ਸਿਹੋਤਾ**
ਪ੍ਰਧਾਨ, ਐੱਨਆਰਆਈ ਸਭਾ, ਪੰਜਾਬ
ਪ੍ਰਧਾਨ,ਵੈਸਟ ਕੋਸਟ ਇੰਡੀਅਨ ਓਵਰਸੀਜ਼ ਕਾਂਗਰਸ

Designed By Punjab Mail USA





# ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



*Satbir S. Randhawa, Gurjatinder S. Randhawa, Gurbir S. Randhawa*

**Gurjatinder Singh Randhawa**

**Chief Editor, Punjab Mail USA TV Channel & Newspaper**




# ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ





## ਡਾ. ਮਨਬੀਰ ਸਿੰਘ ਅਤੇ ਪਰਿਵਾਰ

## Dr Manbir Singh

Now Seeing Children and Providing Vaccines

**Dr. Manbir Singh M.D.**

admin@singhmeds.com

733 3rd Street McFarland, CA 93250

**SINGH MEDICAL**

**Bakersfield & McFarland**

&

**PARALEGAL RELATED SERVICE**

ਦੇਸ਼-ਵਿਦੇਸ਼ 'ਚ ਬੈਠੇ ਪੰਜਾਬ ਮੇਲ ਦੇ
ਪਾਠਕਾਂ ਅਤੇ ਦਰਸ਼ਕਾਂ ਨੂੰ
ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ
ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ।



PUNJAB MAIL USA

TV Channel, Newspaper, Radio

All over America, Canada, Australia & Europe

Gold # 2867, Gem # 375, TV Zon # 6888, Glow TV # 1828, Tashan # 131, Real TV etc.

You can also watch on our website: PunjabMailUSA.com

For any Information & Advertisement Call at

+1-916-280-8811 or +1-916-320-9444

24 Hours 7 Days

You can also watch on our website: PunjabMailUSA.com

E-mail: punjabmailtv@gmail.com | Web: punjabmailusa.com

# ਟਰੰਪ ਵੱਲੋਂ ਗਰਭਪਾਤ 'ਤੇ ਰਾਸ਼ਟਰੀ ਪਾਬੰਦੀ ਦਾ ਸਮਰਥਨ ਕਰਨ ਤੋਂ ਇਨਕਾਰ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗਰਭਪਾਤ ਦੇ ਮੁੱਦੇ 'ਤੇ ਆਪਣੇ ਰੁਖ ਨੂੰ ਲੈ ਕੇ ਅਟਕਲਾਂ ਦੇ ਵਿਚਕਾਰ ਇਕ ਵੀਡੀਓ 'ਚ ਗਰਭਪਾਤ 'ਤੇ ਰਾਸ਼ਟਰੀ ਪਾਬੰਦੀ ਦਾ ਸਮਰਥਨ ਕਰਨ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਇਹ ਫੈਸਲਾ ਸੂਬਿਆਂ 'ਤੇ ਛੱਡ ਦੇਣਾ ਚਾਹੀਦਾ ਹੈ। ਟਰੰਪ ਨੇ ਆਪਣੀ 'ਟਰੁਥ ਸੋਸ਼ਲ' ਵੈੱਬਸਾਈਟ 'ਤੇ ਪੋਸਟ ਕੀਤੇ ਵੀਡੀਓ 'ਚ ਕਿਹਾ, "ਕਈ ਲੋਕਾਂ ਨੇ ਮੈਨੂੰ ਪੁੱਛਿਆ ਹੈ ਕਿ ਗਰਭਪਾਤ ਅਤੇ ਗਰਭਪਾਤ ਦੇ ਅਧਿਕਾਰਾਂ 'ਤੇ ਮੇਰਾ ਰੁਖ ਕੀ ਹੈ।



ਮੈਨੂੰ ਲਗਦਾ ਹੈ ਕਿ ਹਰ ਕੋਈ ਗਰਭਪਾਤ ਨੂੰ ਇੱਕ ਨਜ਼ਰੀਏ ਤੋਂ ਕਾਨੂੰਨੀ ਬਣਾਉਣਾ ਚਾਹੁੰਦਾ ਹੈ, ਜੋ ਰਾਜ ਵੋਟਾਂ ਜਾਂ ਕਾਨੂੰਨ ਜਾਂ ਸੰਭਾਵਤ ਤੌਰ 'ਤੇ ਦੋਵਾਂ ਦੁਆਰਾ ਪਤਾ ਲਗਾਉਣਗੇ।"

ਉਨ੍ਹਾਂ ਨੇ ਵੀਡੀਓ 'ਚ ਇਹ ਨਹੀਂ ਦੱਸਿਆ ਕਿ ਉਹ ਗਰਭਪਾਤ 'ਤੇ ਪਾਬੰਦੀ ਲਗਾਉਣ ਦੇ ਪੱਖ 'ਚ ਹਨ। ਉਨ੍ਹਾਂ ਨੇ ਗਰਭਪਾਤ 'ਤੇ ਰਾਸ਼ਟਰੀ ਪਾਬੰਦੀ ਦਾ ਸਮਰਥਨ ਕਰਨ ਤੋਂ ਇਨਕਾਰ ਕਰ ਦਿੱਤਾ। ਵੀਡੀਓ 'ਚ ਟਰੰਪ ਨੇ ਇਕ ਵਾਰ ਫਿਰ ਸੁਪਰੀਮ ਕੋਰਟ ਦੇ 'ਰੋ ਬਨਾਮ ਵੇਡ' ਫੈਸਲੇ ਨੂੰ ਪਲਟਣ ਦਾ ਸਿਹਰਾ ਆਪਣੇ ਸਿਰ ਲਿਆ। ਉਸਨੇ ਕਿਹਾ ਕਿ ਉਸਨੂੰ ਗਰਭਪਾਤ ਕਰਵਾਉਣ ਦੇ ਸੰਵਿਧਾਨਕ ਅਧਿਕਾਰ ਨੂੰ ਖਤਮ ਕਰਨ ਲਈ ਜ਼ਿੰਮੇਵਾਰ ਵਿਅਕਤੀ ਹੋਣ 'ਤੇ ਮਾਣ ਹੈ। ਫਿਰ ਵੀ, ਉਨ੍ਹਾਂ ਨੇ ਤਿੰਨ ਅਪਵਾਦਾਂ ਨਾਲ ਗਰਭਪਾਤ ਦਾ ਸਮਰਥਨ ਕੀਤਾ - ਬਲਾਤਕਾਰ, ਅਨੈਤਿਕਤਾ ਅਤੇ ਜਦੋਂ ਮਾਂ ਦੀ ਜਾਨ ਖ਼ਤਰੇ ਵਿਚ ਸੀ।

# ਐਡਮਿੰਟਨ 'ਚ ਪੰਜਾਬੀ ਵਿਅਕਤੀ ਨੂੰ ਭਤੀਜੇ ਦੇ ਕਤਲ ਦੇ ਦੋਸ਼ 'ਚ ਉਮਰ ਕੈਦ

**ਐਡਮਿੰਟਨ, (ਪੰਜਾਬ ਮੇਲ)-** ਐਡਮਿੰਟਨ ਦੀ ਇਕ ਅਦਾਲਤ ਨੇ ਪਤਨੀ ਨੂੰ ਗੋਲੀਆਂ ਮਾਰ ਕੇ ਜ਼ਖ਼ਮੀ ਕਰਨ ਅਤੇ ਉਸ ਦੇ ਭਤੀਜੇ ਨੂੰ ਜਾਨੋਂ ਮਾਰਨ ਦੇ ਕੇਸ 'ਚ ਦੋਸ਼ੀ ਗਮਦੂਰ ਬਰਾੜ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਸਜ਼ਾ ਦੌਰਾਨ ਬਰਾੜ ਨੂੰ 16 ਸਾਲ ਤੱਕ ਪੈਰੋਲ ਨਹੀ ਮਿਲ ਸਕੇਗੀ। ਬਰਾੜ ਨੂੰ ਪੁਲਿਸ ਵੱਲੋਂ 7 ਮਈ, 2021 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਅਦਾਲਤ ਨੇ ਇਸ ਕੇਸ ਵਿਚ ਸਤੰਬਰ, 2023 'ਚ ਉਸ ਨੂੰ ਕਤਲ ਦਾ ਦੋਸ਼ੀ ਪਾਇਆ ਸੀ।

ਜਾਣਕਾਰੀ ਮੁਤਾਬਕ, ਬਰਾੜ ਨੇ ਭਾਰੀ ਆਵਾਜਾਈ ਵਾਲੀ ਇਕ ਰੁਝੇਵਿਆਂ ਭਰੀ ਸੜਕ 'ਤੇ ਆਪਣੀ ਪਤਨੀ ਤੇ ਭਤੀਜੇ ਉੱਪਰ ਗੋਲੀਆਂ ਚਲਾ ਦਿੱਤੀਆਂ ਸਨ। ਉਸ ਨੂੰ ਕਤਲ ਅਤੇ ਇਰਾਦੇ ਤਹਿਤ ਹਥਿਆਰ ਚਲਾਉਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਇਸ ਹਮਲੇ ਵਿਚ ਉਸ ਦੀ ਪਤਨੀ ਦੇ ਭਤੀਜੇ ਹਰਮਨਜੋਤ ਸਿੰਘ ਭੱਠਲ (19) ਦੀ ਮੌਤ ਹੋ ਗਈ ਸੀ।

ਅਦਾਲਤ ਵਿਚ ਬਚਾਅ ਧਿਰ ਦੇ ਵਕੀਲ ਨੇ ਕਿਹਾ ਕਿ ਗਮਦੂਰ ਬਰਾੜ ਘਟਨਾ ਸਮੇਂ ਡਿਪਰੈਸ਼ਨ ਦਾ ਸ਼ਿਕਾਰ ਸੀ ਪਰ ਅਦਾਲਤ ਨੇ ਇਸ ਘਟਨਾ ਨੂੰ ਬਰਹਿਮੀ ਵਾਲੀ ਤੇ ਲੋਕਾਂ ਵਿਚ ਡਰ ਭੈਅ ਪੈਦਾ ਕਰਨ ਵਾਲੀ ਦੱਸਿਆ, ਜਿਸ ਦੌਰਾਨ ਇਕ 19 ਸਾਲ ਦਾ ਨੌਜਵਾਨ ਲੜਕਾ ਮਾਰਿਆ ਗਿਆ ਤੇ ਔਰਤ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਗਿਆ। ਇਸ ਘਟਨਾ ਤੋਂ ਪਹਿਲਾਂ ਬਰਾੜ ਨੇ ਪੁਲਿਸ ਨੂੰ ਆਪਣੀ ਪਤਨੀ ਦੇ ਗੁੰਮ ਹੋਣ ਦੀ ਇਤਲਾਹ ਦਿੱਤੀ ਸੀ।

# ਸਿਆਟਲ 'ਚ ਕੈਨੇਡਾ ਦੀ ਬਹੁਪੱਖੀ ਸ਼ਖਸੀਅਤ ਤੇ ਮੁੱਖ ਸੰਪਾਦਕ ਦੇਸ਼ ਪ੍ਰਦੇਸ਼ ਟਾਈਮਜ਼ ਗੁਰਭਲਿੰਦਰ ਸਿੰਘ ਸੰਧੂ ਮਾੜੀਮੇਘਾ ਸਨਮਾਨਿਤ



**ਕੈਨੇਡਾ ਦੀ ਬਹੁਪੱਖੀ ਸ਼ਖਸੀਅਤ ਗੁਰਭਲਿੰਦਰ ਸਿੰਘ ਸੰਧੂ ਦਾ ਸਨਮਾਨਿਤ ਕਰਨ ਤੋਂ ਬਾਅਦ ਕੈਨੇਡਾ ਦੇ ਸ਼ਹਿਰ ਸਰੀ ਤੋਂ ਪਹੁੰਚੇ ਦੋਸਤ ਕੁਲਵਿੰਦਰ ਸਿੰਘ ਸੰਧੂ, ਧਰਮਵੀਰ ਸਿੰਘ ਬੈਂਸ ਤੇ ਗੁਰਪ੍ਰੀਤ ਸਿੰਘ ਸੰਧੂ ਅਤੇ ਗੁਰਚਰਨ ਸਿੰਘ ਢਿੱਲੋਂ ਦਿਖਾਈ ਦੇ ਰਹੇ ਹਨ।**

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਕੈਨੇਡਾ ਦੇ ਸ਼ਹਿਰ ਐਡਮਿੰਟਨ ਰਹਿ ਰਹੇ ਤੇ ਮੁੱਖ ਸੰਪਾਦਕ ਦੇਸ਼-ਪ੍ਰਦੇਸ਼ ਟਾਈਮਜ਼ ਅਤੇ ਕੈਨੇਡਾ ਦੇ ਪੰਜਾਬੀ ਭਾਈਚਾਰੇ ਦੀ ਬਹੁਪੱਖੀ ਸ਼ਖਸੀਅਤਾਂ ਦਾ ਸਿਆਟਲ ਵਿਚ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨਾਲ ਉਨ੍ਹਾਂ ਦੇ ਦੋਸਤ ਸਰੀ ਤੋਂ ਕੁਲਵਿੰਦਰ ਸਿੰਘ ਸੰਧੂ, ਧਰਮਵੀਰ ਸਿੰਘ ਬੈਂਸ ਅਤੇ ਗੁਰਪ੍ਰੀਤ ਸਿੰਘ ਸੰਧੂ ਉਚੇਚੇ ਤੌਰ 'ਤੇ ਪਹੁੰਚੇ।

ਇਸ ਮੌਕੇ ਗੁਰਭਲਿੰਦਰ ਸਿੰਘ ਸੰਧੂ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਐਡਮਿੰਟਨ ਵਿਚ ਮੁੱਖ ਸੰਪਾਦਕ ਦੇਸ਼ ਪ੍ਰਦੇਸ਼ ਟਾਈਮਜ਼ ਲਈ ਇਮਾਨਦਾਰੀ ਨਾਲ ਮਿਹਨਤ ਕਰਕੇ ਸੱਚਾਈ ਤੇ ਕੰਮ ਕਰਕੇ ਮੀਡੀਆ 'ਚ ਬਣਦਾ ਯੋਗਦਾਨ ਪਾਇਆ। ਕੈਨੇਡਾ 'ਚ ਮਿਹਨਤ ਕਰਕੇ ਪੰਜਾਬੀ ਭਾਈਚਾਰੇ 'ਚ ਵਿਚਰੇ ਤੇ ਹਰਮਨ ਪਿਆਰੇ ਬਣੇ। ਉਨ੍ਹਾਂ ਨਾਲ ਮੀਡੀਆ ਤੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਲੋਕ ਸਭਾ ਦੀ ਚੋਣ ਸੰਬੰਧੀ ਵੀ ਗੱਲਬਾਤ ਹੋਈ।

# ਪੰਜਾਬੀ ਭਾਸ਼ਾ ਦੇ ਪਸਾਰ ਲਈ ਸਾਹਿਤਕ ਸੰਸਥਾਵਾਂ ਹੋਰ ਵਧੇਰੇ ਯਤਨ ਕਰਨ : ਰਾਏ ਅਜੀਜ ਉੱਲਾ

**■ ਪੰਜਾਬੀਆਂ ਦੀ ਮੌਜੂਦਾ ਪੀੜ੍ਹੀ ਨੂੰ ਮਾਂ-ਬੋਲੀ ਨਾਲ ਜੋੜਨ ਦੀ ਲੋੜ 'ਤੇ ਜ਼ੋਰ**



**ਸਰੀ, (ਗੁਰਪ੍ਰੀਤ ਸਿੰਘ ਤਲਵੰਡੀ/ ਪੰਜਾਬ ਮੇਲ)-** ਦੇਸ਼ਾਂ/ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀ ਅਗਲੀ ਪੀੜ੍ਹੀ ਦੇ ਆਪਣੀ ਮਾਂ-ਬੋਲੀ ਤੋਂ ਦੂਰ ਹੋਣ ਦੇ ਰੁਝਾਨ 'ਤੇ ਗਹਿਰੀ ਚਿੰਤਾ ਵਿਅਕਤ ਕਰਦਿਆਂ ਪਾਕਿਸਤਾਨ ਦੇ ਸਾਬਕਾ ਸਾਂਸਦ ਤੇ ਸਿੱਖ ਕੌਮ ਦੇ ਸਤਿਕਾਰਤ ਹਸਤੀ ਰਾਏ ਅਜੀਜ ਉੱਲਾ ਖਾਨ ਨੇ ਕਿਹਾ ਕਿ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪਸਾਰ ਵੱਲ ਲੱਗੀਆਂ ਵੱਡੀ ਗਿਣਤੀ ਸਾਹਿਤਕ ਸੰਸਥਾਵਾਂ ਨੂੰ ਇਸ ਪਾਸੇ ਹੋਰ ਵੱਡੇ ਯਤਨ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਕੱਲੇ ਚੜ੍ਹਦੇ ਪੰਜਾਬ ਹੀ ਨਹੀਂ, ਸਗੋਂ ਲਹਿੰਦੇ ਪੰਜਾਬ ਦੀਆਂ ਵੀ ਬਹੁਤ ਸਾਰੀਆਂ ਸਾਹਿਤਕ ਸੰਸਥਾਵਾਂ ਇਸ ਪਾਸੇ ਯਤਨ ਕਰ ਰਹੀਆਂ ਹਨ, ਪ੍ਰੰਤੂ ਇਸ ਸਭ ਕੁੱਝ ਦੇ ਬਾਵਜੂਦ ਵੀ ਨੌਜਵਾਨ ਤਬਕਾ ਕੇਵਲ ਸਾਹਿਤ ਕੋਲੋਂ ਹੀ ਦੂਰ ਨਹੀਂ ਹੋ ਰਿਹਾ, ਸਗੋਂ ਆਪਣੀ ਮਾਂ-ਬੋਲੀ ਕੋਲੋਂ ਵੀ ਟੁੱਟ ਰਿਹਾ ਹੈ। ਉਨ੍ਹਾਂ ਇਸ ਰੁਝਾਨ ਨੂੰ ਰੋਕਣ ਲਈ ਸਿਰ ਜੋੜ ਕੇ ਯਤਨ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਸ਼੍ਰੀ ਰਾਏ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਵਲੋਂ ਸਰੀ (ਕੈਨੇਡਾ) ਵਿਖੇ ਕਰਵਾਏ ਗਏ ਆਪਣੇ ਸਾਲਾਨਾ ਸਮਾਗਮ ਵਿਚ ਬੋਲ ਰਹੇ ਸਨ। ਉਨ੍ਹਾਂ ਇਸ ਦੌਰਾਨ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਜੁੜੇ ਸਾਰੇ ਹੀ ਲੇਖਕਾਂ ਨੂੰ ਇਸ ਸਮਾਗਮ ਦੀ ਵਧਾਈ ਦਿੰਦਿਆਂ ਪੰਜਾਬੀ ਭਾਸ਼ਾ ਲਈ ਕੀਤੇ ਜਾ ਰਹੇ ਚੰਗੇ ਉਪਰਾਲਿਆਂ ਲਈ ਸ਼ਲਾਘਾ ਵੀ ਕੀਤੀ। ਸਮਾਗਮ ਦੌਰਾਨ ਨਾਮਵਰ ਸਾਹਿਤਕਾਰ ਸੁੱਚਾ ਸਿੰਘ ਕਲੇਰ ਨੂੰ ਸਾਲ 2024 ਦਾ ਸਰਵੋਤਮ ਸਾਹਿਤਕਾਰ ਐਵਾਰਡ ਵੀ ਦਿੱਤਾ ਗਿਆ। ਇਸ ਦੌਰਾਨ ਚੱਲੇ ਕਵੀ ਦਰਬਾਰ ਦੌਰਾਨ ਉੱਚ ਕੋਟੀ ਦੇ ਕਵੀਆਂ ਵਲੋਂ ਆਪਣੀਆਂ ਸਾਹਿਤਕ ਰਚਨਾਵਾਂ ਦਾ ਦੌਰ ਵੀ ਚਲਾਇਆ ਗਿਆ। ਸਮਾਗਮ ਦੌਰਾਨ ਸ਼੍ਰੀ ਰਾਏ ਅਜੀਜ ਉੱਲਾ ਸਮੇਤ ਹੋਰ ਵੀ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸੁਰਜੀਤ ਸਿੰਘ ਮਾਧੋਪੁਰੀ, ਪਲਵਿੰਦਰ ਸਿੰਘ ਰੰਧਾਵਾ, ਰੁਪਿੰਦਰ ਰੂਪੀ (ਖਹਿਰਾ) ਸਮੇਤ ਵੱਡੀ ਗਿਣਤੀ ਪੰਜਾਬੀ ਸਾਹਿਤਕਾਰ ਹਾਜਰ ਸਨ।

# ਉੱਤਰੀ ਅਮਰੀਕੀ ਮਹਾਦੀਪ 'ਚ ਪੂਰਨ ਸੂਰਜ ਗ੍ਰਹਿਣ

**ਵਾਸ਼ਿੰਗਟਨ, (ਪੰਜਾਬ ਮੇਲ)-** ਪੂਰੇ ਉੱਤਰੀ ਅਮਰੀਕਾ ਮਹਾਦੀਪ 'ਚ ਪੂਰਨ ਸੂਰਜ ਗ੍ਰਹਿਣ ਕਾਰਨ ਅੱਜ ਦਿਨ ਵਿਚ ਕੁਝ ਸਮੇਂ ਲਈ ਹਨੇਰਾ ਛਾ ਗਿਆ। ਇਹ ਹਨੇਰਾ ਚਾਰ ਮਿੰਟ ਅਤੇ 28 ਸੈਕਿੰਡ ਤੱਕ ਰਿਹਾ, ਜੋ ਸੱਤ ਸਾਲ ਪਹਿਲਾਂ ਅਮਰੀਕਾ ਵਿਚ ਸੂਰਜ ਗ੍ਰਹਿਣ ਦੌਰਾਨ ਹੋਏ ਹਨੇਰੇ ਦੇ ਸਮੇਂ ਨਾਲੋਂ ਲਗਪਗ ਦੁੱਗਣਾ ਹੈ, ਕਿਉਂਕਿ ਚੰਦ ਧਰਤੀ ਦੇ ਨੇੜੇ ਸੀ। ਇਹ ਅਮਰੀਕਾ ਦੇ ਕਈ ਮਹੱਤਵਪੂਰਨ ਸ਼ਹਿਰਾਂ ਵਿਚੋਂ ਦੀ ਲੰਘਿਆ। ਉੱਤਰੀ ਅਮਰੀਕਾ ਵਿਚ ਲਗਪਗ ਹਰ ਕਿਸੇ ਨੇ ਘੱਟੋ-ਘੱਟ ਗ੍ਰਹਿਣ ਦੇਖਿਆ।

# ਲਿਬਰਲ ਕਾਕਸ ਵਲੋਂ ਭਾਈਚਾਰੇ ਨਾਲ ਮਿਲ ਕੇ ਕੈਨੇਡਾ ਦੀ ਪਾਰਲੀਮੈਂਟ ਨੂੰ ਖਾਲਸਾਈ ਰੰਗ 'ਚ ਰੰਗਿਆ



**ਔਟਵਾ, (ਸੁਰਜੀਤ ਫਲੋਰਾ/ ਪੰਜਾਬ ਮੇਲ)-** ਪੰਜਾਬ ਦਾ ਮਹਾਨ ਇਤਿਹਾਸਕ ਤੇ ਸੱਭਿਆਚਾਰਕ ਤਿਓਹਾਰ 'ਵਿਸਾਖੀ' ਜੋ ਕਿ ਦੇਸੀ ਮਹੀਨੇ ਵਿਸਾਖ ਦੀ ਸੰਗਰਾਂਦ ਵਾਲੇ ਦਿਨ (13 ਅਪ੍ਰੈਲ) ਨੂੰ ਆਉਂਦਾ ਹੈ, ਬੀਤੇ ਸੋਮਵਾਰ 8 ਅਪ੍ਰੈਲ ਨੂੰ ਕੈਨੇਡਾ ਦੀ ਰਾਜਧਾਨੀ ਔਟਵਾ ਵਿਖੇ ਪਾਰਲੀਮੈਂਟ ਹਿੱਲ ਸਥਿਤ ਪਾਰਲੀਮੈਂਟ ਹਾਲ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਲਿਬਰਲ ਕਾਕਸ ਦੇ ਪਾਰਲੀਮੈਂਟ ਮੈਂਬਰਾਂ ਅਤੇ ਮੰਤਰੀਆਂ ਨੇ ਇਸ ਵਿਚ ਵੱਡੀ ਗਿਣਤੀ ਸ਼ਾਮਲ ਹੋ ਕੇ ਇਸ ਦੀ ਰੌਣਕ ਨੂੰ ਵਧਾਇਆ।

ਇਸ ਮੌਕੇ ਪਿਛਲੇ ਸ਼ਨੀਵਾਰ 6 ਅਪ੍ਰੈਲ ਨੂੰ ਆਰੰਭ ਕੀਤੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਪਾਇਆ ਗਿਆ। ਉਪਰੰਤ, ਸ੍ਰੀ ਸਿੰਘ ਸਭਾ ਕਾਰਪੋਰੇਸ਼ਨ ਦੇ ਟਰੱਸਟੀ ਅਤੇ 'ਸਿੱਖਨੈੱਟ' ਇੰਟਰਨੈਸ਼ਨਲ ਖਾਲਸਾ ਕੌਂਸਲ ਬੋਰਡ ਦੇ ਚੇਅਰ ਸਰਦਾਰਨੀ ਹਰਜੋਤ ਕੌਰ ਸਿੰਘ ਦੇ ਕੀਰਤਨੀ ਜੱਥੇ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ। ਸਰੀ ਸੈਂਟਰ, ਬੀ.ਸੀ. ਦੇ ਪਾਰਲੀਮੈਂਟ ਮੈਬਰ ਰਣਦੀਪ ਸਰਾਏ ਵੱਲੋਂ ਵਿਸਾਖੀ ਦੇ ਦਿਹਾੜੇ ਸਬੰਧੀ ਵਿਚਾਰ ਪੇਸ਼ ਕੀਤੇ ਗਏ। ਮਿਸੀਸਾਗਾ ਮਾਲਟਨ ਦੇ ਐੱਮ.ਪੀ. ਇਕਵਿੰਦਰ ਗਹੀਰ ਵੱਲੋਂ ਆਏ ਸਮੂਹ ਪਾਰਲੀਮੈਂਟ ਮੈਂਬਰਾਂ ਤੇ ਮੰਤਰੀਆਂ ਦਾ ਹਾਰਦਿਕ ਸੁਆਗ਼ਤ ਕੀਤਾ ਗਿਆ। ਉਨ੍ਹਾਂ ਅਪ੍ਰੈਲ ਮਹੀਨੇ ਨੂੰ ਸਰਕਾਰੀ ਤੌਰ 'ਤੇ 'ਸਿੱਖ ਹੈਰੀਟੇਜ ਮੰਥ' ਐਲਾਨਣ ਦਾ ਸਿਹਰਾ ਇਸ ਸਬੰਧੀ ਐੱਮ.ਪੀ. ਸੁੱਖ ਧਾਲੀਵਾਲ ਵੱਲੋਂ ਲਿਆਂਦੇ ਗਏ ਮੋਸ਼ਨ ਨੂੰ ਦਿੱਤਾ। ਅੰਗਰੇਜ਼ੀ ਵਿਚ ਉਨ੍ਹਾਂ ਵੱਲੋਂ ਕੀਤੇ ਗਏ ਸੰਬੋਧਨ ਦਾ ਤਰਜੁਮਾ ਫ਼ਰੈਂਚ ਵਿਚ ਡੌਰਵਲ ਕਿਊਬਿਕ ਤੋਂ ਪਾਰਲੀਮੈਂਟ ਮੈਬਰ ਅੰਜੂ ਢਿੱਲੋਂ ਵੱਲੋਂ ਕੀਤਾ ਗਿਆ।

ਮਾਣਯੋਗ ਮੰਤਰੀ ਹਰਜੀਤ ਸਿੰਘ ਸੱਜਣ ਜਿਨ੍ਹਾਂ ਨੇ ਵਿਸਾਖੀ ਦੇ ਸਬੰਧ 'ਚ ਸਮੂਹ ਸੰਗਤ ਨੂੰ ਸੰਬੋਧਨ ਕੀਤਾ, ਦੀ ਜਾਣ-ਪਛਾਣ ਮੰਤਰੀ ਕਮਲ ਖਹਿਰਾ ਵੱਲੋਂ ਕਰਵਾਈ ਗਈ। ਇਸ ਮੌਕੇ ਬਰੈਂਪਟਨ ਸਾਊਥ ਤੋਂ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ, ਬਰੈਂਪਟਨ ਨੌਰਥ ਤੋਂ ਰੂਬੀ ਸਹੋਤਾ, ਬਰੈਂਪਟਨ ਈਸਟ ਤੋਂ ਮਨਿੰਦਰ ਸਿੱਧੂ, ਵਾਟਰਲੂ ਤੋਂ ਬਰਦੀਸ਼ ਚੱਗਰ, ਕੈਲਗਰੀ ਸਕਾਈਵਿਊ ਤੋਂ ਜਾਰਜ ਚਾਹਲ, ਸਰੀ ਸੈਂਟਰ ਤੋਂ ਰਣਦੀਪ ਸਰਾਏ, ਮਿਸੀਸਾਗਾ ਮਾਲਟਨ ਤੋਂ ਇਕਵਿੰਦਰ ਗਹੀਰ, ਡੌਰਵਲ ਕਿਊਬਿਕ ਤੋਂ ਅੰਜੂ ਢਿੱਲੋਂ, ਨਿਊਟਨ ਬੀ.ਸੀ. ਤੋਂ ਸੁੱਖ ਧਾਲੀਵਾਲ ਅਤੇ ਫ਼ੈਡਰਲ ਇਕਨਾਮਿਕ ਡਿਵੈੱਲਪਮੈਂਟ ਏਜੰਸੀ ਦੇ ਮਾਣਯੋਗ ਮੰਤਰੀ ਫਿਲੋਮਿਨਾ ਤਾਸੀ ਵੱਲੋਂ ਵਿਸਾਖੀ ਦਿਹਾੜੇ ਦੀ ਮਹਾਨਤਾ ਬਾਰੇ ਆਪਣੇ ਵਿਚਾਰ ਪ੍ਰਗਟਾਏ ਗਏ। ਔਟਵਾ ਸਿੱਖ ਸੋਸਾਇਟੀ ਵੱਲੋਂ ਫ਼ੈਡਰਲ ਲਿਬਰਲ ਕਾਕਸ ਦਾ ਵਿਸਾਖੀ ਦਾ ਇਤਿਹਾਸਕ ਮਨਾਉਣ ਲਈ ਧੰਨਵਾਦ ਕੀਤਾ ਗਿਆ। ਸਮਾਗ਼ਮ ਦੀ ਸਮਾਪਤੀ 'ਤੇ ਅਰਦਾਸ ਉਪਰੰਤ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ, ਜੋ ਸਭਨਾਂ ਨੇ ਮਿਲ ਕੇ ਬੜੀ ਸ਼ਰਧਾ ਨਾਲ ਛਕਿਆ। ਇਸ ਦੌਰਾਨ ਸਵੇਰ ਸਮੇਂ ਔਟਵਾ ਸਿੱਖ ਸੋਸਾਇਟੀ ਵੱਲੋਂ ਦਸਤਾਰਾਂ ਸਜਾਉਣ ਦਾ ਸਮਾਗ਼ਮ ਵੀ ਕੀਤਾ ਗਿਆ, ਜਿਸ ਵਿਚ ਨੌਜੁਆਨਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।


ਸਮੂਹ ਸਿੱਖ ਜਗਤ ਨੂੰ ਖਾਲਸਾ ਜੀ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦੀ ਲੱਖ-ਲੱਖ ਵਧਾਈ।

For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $25000.00 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system, with two sources of water and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $25000.00 per Acre.

ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780



E-Mail: gurneknagra@yahoo.com    Web Page: gurneknagra.com

# ਪੰਜਾਬ ਪੁਲਿਸ ਵੱਲੋਂ 9 ਸਾਲਾਂ ਤੋਂ ਫਰਾਰ ਦੋਸ਼ੀ ਨੀਰਜ ਅਰੋੜਾ ਉਤਰਾਖੰਡ ਤੋਂ ਗ੍ਰਿਫਤਾਰ

**ਬਹੁ-ਕਰੋੜੀ ਨੇਚਰ ਹਾਈਟਸ ਇਨਫਰਾ ਘੁਟਾਲਾ**

- ਪੁਲਿਸ ਟੀਮਾਂ ਨੇ ਉਸ ਕੋਲੋਂ ਬੀ.ਐੱਮ.ਡਬਲਯੂ. ਕਾਰ, ਮੋਬਾਈਲ ਫ਼ੋਨ ਅਤੇ ਦਸਤਾਵੇਜ਼ ਕੀਤੇ ਬਰਾਮਦ
- 92 ਕੇਸਾਂ ਵਿਚ ਪੀ.ਓ. ਐਲਾਨਿਆ ਮੁਲਜ਼ਮ ਨੀਰਜ ਅਰੋੜਾ ਗ੍ਰਿਫ਼ਤਾਰੀ ਤੋਂ ਬਚਣ ਲਈ ਫਰਜ਼ੀ ਪਛਾਣ ਪੱਤਰਾਂ ਦੀ ਕਰ ਰਿਹਾ ਸੀ ਵਰਤੋਂ







**ਚੰਡੀਗੜ੍ਹ/ਫਾਜ਼ਿਲਕਾ, (ਪੰਜਾਬ ਮੇਲ)-** ਬਹੁ-ਕਰੋੜੀ ਨੇਚਰ ਹਾਈਟਸ ਇਨਫਰਾ ਸਕੈਮ 'ਚ ਵੱਡੀ ਸਫਲਤਾ ਦਰਜ ਕਰਦੇ ਹੋਏ ਫ਼ਰੀਦਕੋਟ ਅਤੇ ਫਾਜ਼ਿਲਕਾ ਪੁਲਿਸ ਦੀਆਂ ਸਾਂਝੀਆਂ ਟੀਮਾਂ ਨੇ ਮੁੱਖ ਦੋਸ਼ੀ ਨੀਰਜ ਥਠਾਈ ਉਰਫ ਨੀਰਜ ਅਰੋੜਾ ਨੂੰ ਗ੍ਰਿਫਤਾਰ ਕੀਤਾ ਹੈ, ਜੋ ਕਿ ਪਿਛਲੇ 8-9 ਸਾਲਾਂ ਤੋਂ ਫਰਾਰ ਸੀ ਅਤੇ ਭਗੌੜਾ ਸੀ, ਨੂੰ ਉੱਤਰਾਖੰਡ ਦੇ ਜ਼ਿਲ੍ਹਾ ਪਾਉੜੀ ਤੋਂ ਗ੍ਰਿਫਤਾਰ ਕੀਤਾ। ਉਕਤ ਮੁਲਜ਼ਮ ਭੋਲੇ-ਭਾਲੇ ਲੋਕਾਂ ਨੂੰ ਰਿਹਾਇਸ਼ੀ/ਵਪਾਰਕ ਪਲਾਟ ਦੇਣ ਦਾ ਝਾਂਸਾ ਦੇ ਕੇ ਵੱਡੀ ਰਕਮ ਠੱਗਦਾ ਸੀ।

ਇਹ ਕਾਰਵਾਈ ਫਾਜ਼ਿਲਕਾ ਦੇ ਅਮਨਦੀਪ ਕੰਬੋਜ ਉਰਫ਼ ਅਮਨ ਸਕੋਡਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਅਮਲ ਵਿਚ ਲਿਆਂਦੀ ਗਈ ਹੈ, ਜੋ 8 ਕੇਸਾਂ ਵਿਚ ਪੀ.ਓ. ਸੀ ਅਤੇ 18 ਕੇਸਾਂ ਵਿਚ ਬੇਲ ਜੰਪਰ (ਜ਼ਮਾਨਤ ਖੁੰਝਾ ਚੁੱਕਾ) ਸੀ। ਉਸ ਨੂੰ 15 ਮਾਰਚ, 2024 ਨੂੰ ਫਾਜ਼ਿਲਕਾ ਪੁਲਿਸ ਦੇ ਪੀ.ਓ. ਸਟਾਫ਼ ਨੇ ਵਾਰਾਣਸੀ ਉੱਤਰ ਪ੍ਰਦੇਸ਼ ਤੋਂ ਗ੍ਰਿਫ਼ਤਾਰ ਕੀਤਾ ਸੀ।

ਆਈ.ਜੀ.ਪੀ. ਫਰੀਦਕੋਟ ਰੇਂਜ ਗੁਰਸ਼ਰਨ ਸਿੰਘ ਸੰਧੂ ਅਤੇ ਡੀ.ਆਈ.ਜੀ. ਫਿਰੋਜ਼ਪੁਰ ਰੇਂਜ ਰਣਜੀਤ ਸਿੰਘ ਢਿੱਲੋਂ ਨੇ ਮੰਗਲਵਾਰ ਨੂੰ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਸੰਬੋਧਨ ਕਰਦਿਆਂ ਦੱਸਿਆ ਕਿ ਐੱਸ.ਪੀ. ਇਨਵੈਸਟੀਗੇਸ਼ਨ ਫਾਜ਼ਿਲਕਾ ਪਰਦੀਪ ਸਿੰਘ ਸੰਧੂ ਅਤੇ ਡੀ.ਐੱਸ.ਪੀ. ਨਾਰਕੋਟਿਕਸ ਫਰੀਦਕੋਟ ਇਕਬਾਲ ਸਿੰਘ ਸੰਧੂ ਦੀ ਅਗਵਾਈ ਵਿਚ ਦੋਵਾਂ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਨੇ ਐੱਸ.ਐੱਸ.ਪੀ. ਫਰੀਦਕੋਟ ਹਰਜੀਤ ਸਿੰਘ ਅਤੇ ਐੱਸ.ਐੱਸ.ਪੀ. ਫਾਜ਼ਿਲਕਾ ਡਾ: ਪ੍ਰਗਿਆ ਜੈਨ ਦੀ ਸਮੁੱਚੀ ਨਿਗਰਾਨੀ ਹੇਠ ਮੋਸਟ ਵਾਂਟੇਡ ਅਪਰਾਧੀ ਨੀਰਜ ਅਰੋੜਾ ਨੂੰ ਸ਼੍ਰੀ ਨਗਰ ਗੜ੍ਹਵਾਲ ਜ਼ਿਲ੍ਹਾ ਪਾਉੜੀ, ਉਤਰਾਖੰਡ ਤੋਂ ਗ੍ਰਿਫਤਾਰ ਕੀਤਾ ਹੈ।

ਪੁਲਿਸ ਟੀਮਾਂ ਨੇ ਮੁਲਜ਼ਮ ਨੀਰਜ ਅਰੋੜਾ ਦੇ ਕਬਜ਼ੇ ਵਿਚੋਂ ਇੱਕ ਲਗਜ਼ਰੀ ਬੀ.ਐੱਮ.ਡਬਲਯੂ. ਕਾਰ, ਕੁਝ ਮੋਬਾਈਲ ਫੋਨ ਅਤੇ ਜਾਅਲੀ ਦਸਤਾਵੇਜ਼ ਵੀ ਬਰਾਮਦ ਕੀਤੇ ਹਨ।

ਆਈ.ਜੀ.ਪੀ. ਗੁਰਸ਼ਰਨ ਸਿੰਘ ਸੰਧੂ ਨੇ ਦੱਸਿਆ ਕਿ ਮੁਲਜ਼ਮ ਸੂਬੇ ਵਿਚ ਲੋਕਾਂ ਨੂੰ ਪੈਸੇ ਜਾਂ ਪਲਾਟ ਦੇਣ ਦਾ ਝਾਂਸਾ ਦੇ ਕੇ ਲੋਕਾਂ ਨਾਲ ਧੋਖਾਧੜੀ ਕਰਨ ਲਈ 21 ਜ਼ਿਲ੍ਹਿਆਂ ਵਿਚ ਦਰਜ 108 ਐੱਫ.ਆਈ.ਆਰਜ਼ ਦਾ ਸਾਹਮਣਾ ਕਰ ਰਿਹਾ ਹੈ। ਕੁੱਲ 108 ਐੱਫ.ਆਈ.ਆਰਜ਼ ਵਿਚੋਂ 47 ਫ਼ਾਜ਼ਿਲਕਾ ਵਿਚ ਦਰਜ ਹਨ; ਫਿਰੋਜ਼ਪੁਰ ਵਿਚ ਅੱਠ; ਪਟਿਆਲਾ ਅਤੇ ਫਤਹਿਗੜ੍ਹ ਸਾਹਿਬ ਵਿਚ ਛੇ-ਛੇ; ਰੂਪਨਗਰ, ਮੁਹਾਲੀ ਅਤੇ ਐੱਸ.ਏ.ਐੱਸ. ਨਗਰ ਵਿਚ ਪੰਜ-ਪੰਜ; ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ ਅਤੇ ਜਲੰਧਰ ਕਮਿਸ਼ਨਰੇਟ ਵਿਚ ਚਾਰ-ਚਾਰ ਕੇਸ ਦਰਜ ਹਨ।

ਜ਼ਿਕਰਯੋਗ ਹੈ ਕਿ ਫਰਵਰੀ 2016 'ਚ ਫਾਜ਼ਿਲਕਾ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਦੋਸ਼ੀ ਨੀਰਜ ਅਰੋੜਾ ਨੇ ਜ਼ਮਾਨਤ ਬੇਲ ਜੰਪ (ਜ਼ਮਾਨਤ ਖੁੰਝਾ ਦਿੱਤੀ) ਕਰ ਦਿੱਤੀ ਸੀ ਅਤੇ ਫਰਵਰੀ 2017 'ਚ ਉਸ ਨੂੰ ਪੀ.ਓ. ਐਲਾਨ ਦਿੱਤਾ ਗਿਆ ਸੀ । ਇਨਫੋਰਸਮੈਂਟ ਡਾਇਰੈਕਟੋਰੇਟ ਨੇ ਨੀਰਜ ਥਠਾਈ ਦੇ ਖਿਲਾਫ ਕੇਸ ਦਰਜ ਕੀਤੇ ਅਤੇ ਜਾਇਦਾਦਾਂ ਜ਼ਬਤ ਕੀਤੀਆਂ ਹਨ, ਜਦੋਂਕਿ ਪੀੜਤਾਂ ਦੁਆਰਾ ਦਾਇਰ ਕੀਤੀਆਂ ਗਈਆਂ ਕਈ ਰਿੱਟ ਪਟੀਸ਼ਨਾਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵਿਚ ਲੰਬਿਤ ਹਨ।

ਡੀ.ਆਈ.ਜੀ. ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਮੁਲਜ਼ਮ ਆਪਣੀ ਗ੍ਰਿਫ਼ਤਾਰੀ ਤੋਂ ਬਚਣ ਲਈ ਫਰਜ਼ੀ ਆਈ.ਡੀ. ਦੀ ਵਰਤੋਂ ਕਰ ਰਿਹਾ ਸੀ। ਉਨ੍ਹਾਂ ਦੱਸਿਆ ਕਿ ਮੁਲਜ਼ਮ ਕੋਲ ਪੰਜਾਬ ਅਤੇ ਮੱਧ ਪ੍ਰਦੇਸ਼ ਵਿਚ 1200 ਏਕੜ ਤੋਂ ਵੱਧ ਜ਼ਮੀਨ ਅਤੇ 200 ਰਿਹਾਇਸ਼ੀ ਫਲੈਟ ਹਨ, ਜਿਨ੍ਹਾਂ ਦੀ ਕੀਮਤ 1,000 ਕਰੋੜ ਰੁਪਏ ਤੋਂ ਵੱਧ ਹੈ।

### ਫਰੀਦਕੋਟ ਅਤੇ ਫਾਜ਼ਿਲਕਾ ਪੁਲਿਸ ਨੇ 2024 ਵਿਚ 211 ਪੀ.ਓਜ਼ ਕੀਤੇ ਗ੍ਰਿਫਤਾਰ

ਭਗੌੜਾ ਅਪਰਾਧੀਆਂ (ਪੀ.ਓ.) ਨੂੰ ਗ੍ਰਿਫਤਾਰ ਕਰਨ ਲਈ ਚੱਲ ਰਹੀ ਵਿਸ਼ੇਸ਼ ਮੁਹਿੰਮ ਤਹਿਤ ਫਾਜ਼ਿਲਕਾ ਪੁਲਿਸ ਅਤੇ ਫਰੀਦਕੋਟ ਪੁਲਿਸ ਨੇ ਇਸ ਸਾਲ ਹੁਣ ਤੱਕ 211 ਪੀ.ਓ. ਨੂੰ ਗ੍ਰਿਫਤਾਰ ਕੀਤਾ ਹੈ। ਫਾਜ਼ਿਲਕਾ ਪੁਲਿਸ ਨੇ 150 ਪੀ.ਓਜ਼ ਨੂੰ ਗ੍ਰਿਫਤਾਰ ਕੀਤਾ ਹੈ, ਜਦਕਿ ਫਰੀਦਕੋਟ ਪੁਲਿਸ ਨੇ 61 ਪੀ.ਓ. ਗ੍ਰਿਫਤਾਰ ਕੀਤੇ ਹਨ।

# ਬੇਅਦਬੀ ਮਾਮਲਾ; ਰਾਮ ਰਹੀਮ ਦੀ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ

**ਚੰਡੀਗੜ੍ਹ, (ਪੰਜਾਬ ਮੇਲ)-** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਦਰਜ 2 ਕੇਸ ਸੀ.ਬੀ.ਆਈ. ਨੂੰ ਦੇਣ ਦੀ ਮੰਗ ਨੂੰ ਲੈ ਕੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਤਿੰਨ ਮਾਮਲਿਆਂ ਦੀ ਜਾਂਚ ਕਰ ਕੇ ਸੀ.ਬੀ.ਆਈ. ਪਹਿਲਾਂ ਹੀ ਕਲੋਜ਼ਰ ਰਿਪੋਰਟ ਦਾਖ਼ਲ ਕਰ ਚੁੱਕੀ ਹੈ। ਰਾਮ ਰਹੀਮ ਨੇ ਦਾਅਵਾ ਕੀਤਾ ਕਿ ਹੁਣ ਚੋਣਾਂ ਨੇੜੇ ਆ ਰਹੀਆਂ ਹਨ ਤਾਂ ਪੰਜਾਬ ਸਰਕਾਰ ਜਾਣ-ਬੁੱਝ ਕੇ ਉਸ ਨੂੰ ਮਾਮਲੇ 'ਚ ਘੜੀਸਣਾ ਚਾਹੁੰਦੀ ਹੈ। ਇਸ ਲਈ ਦੋਵੇਂ ਕੇਸ ਸੀ.ਬੀ.ਆਈ. ਨੂੰ ਸੌਂਪ ਦਿੱਤੇ ਜਾਣ। ਉੱਥੇ ਹੀ ਪੰਜਾਬ ਸਰਕਾਰ ਵੱਲੋਂ ਦਲੀਲ ਦਿੱਤੀ ਗਈ ਕਿ ਕਿਸੇ ਨੂੰ ਵੀ ਮਾਮਲੇ 'ਚ ਫਸਾਇਆ ਨਹੀਂ ਜਾ ਰਿਹਾ ਤੇ ਸਰਕਾਰ ਇਸ ਮਾਮਲੇ ਦੀ ਜਾਂਚ ਨਿਰਪੱਖ ਕਰਵਾ ਰਹੀ ਹੈ। ਫਿਰ ਵੀ ਅਦਾਲਤ ਨੇ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ।

# ਬੇਅਦਬੀ ਕੇਸਾਂ 'ਚ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਨੇ ਆਪਣੀ ਸਰਕਾਰ ਨੂੰ ਹੀ ਘੇਰਿਆ

**ਅੰਮ੍ਰਿਤਸਰ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਆਪਣੀ ਹੀ ਸਰਕਾਰ ਨੂੰ ਯਾਦ ਕਰਾਇਆ ਕਿ ਬਰਗਾੜੀ ਅਤੇ ਕੋਟਕਪੂਰਾ ਮਾਮਲਿਆਂ ਵਿੱਚ ਕੋਈ ਪ੍ਰਗਤੀ ਨਹੀਂ ਹੋਈ ਹੈ, ਜਿਸ ਨੂੰ ਲੈ ਕੇ ਉਨ੍ਹਾਂ ਤਿੰਨ ਸਾਲ ਪਹਿਲਾਂ ਪੁਲਿਸ ਦੀ ਨੌਕਰੀ ਤੋਂ ਅਸਤੀਫ਼ਾ ਦਿੱਤਾ ਸੀ। ਉਨ੍ਹਾਂ ਇਹ ਪ੍ਰਗਟਾਵਾ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਕੀਤਾ ਹੈ। ਉਨ੍ਹਾਂ ਕਿਹਾ ਕਿ ਤਿੰਨ ਸਾਲ ਪਹਿਲਾਂ 9 ਅਪ੍ਰੈਲ 2021 ਵਿਚ ਉਨ੍ਹਾਂ ਨੇ ਆਪਣੀ ਪੁਲਿਸ ਦੀ ਨੌਕਰੀ ਤੋਂ ਅਸਤੀਫ਼ਾ ਦਿੱਤਾ ਸੀ। ਉਹ ਚਾਹੁੰਦੇ ਸਨ ਕਿ ਬਰਗਾੜੀ ਅਤੇ ਕੋਟਕਪੂਰਾ ਮਾਮਲਿਆਂ ਦੀ ਜਾਂਚ ਹੋਵੇ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਉਹ ਇਸੇ ਉਮੀਦ ਨਾਲ ਨੌਕਰੀ ਛੱਡ ਕੇ ਸਿਆਸਤ ਵਿਚ ਆਏ ਸਨ ਪਰ ਇਹ ਮਾਮਲਾ ਅੱਜ ਵੀ ਜਿਉਂ ਦਾ ਤਿਉਂ ਖੜ੍ਹਾ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦਾਲਤ ਵਿਚ ਇਸ ਮਾਮਲੇ ਦਾ ਜ਼ਰੂਰ ਫ਼ੈਸਲਾ ਹੋਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਸਟੈਂਡ ਪਹਿਲਾਂ ਵਾਲਾ ਹੈ ਅਤੇ ਉਹ ਆਪਣੇ ਫ਼ੈਸਲੇ 'ਤੇ ਪੂਰੀ ਤਰ੍ਹਾਂ ਦ੍ਰਿੜ੍ਹ ਹਨ।

ਇਸ ਪੋਸਟ ਦੇ ਨਾਲ ਹੀ ਭਗਵੰਤ ਮਾਨ ਦੀ ਇੱਕ ਪ੍ਰੈੱਸ ਕਾਨਫਰੰਸ ਦੀ ਕਲਿੱਪ ਵੀ ਸਾਂਝੀ ਕੀਤੀ, ਜਿਸ ਵਿਚ ਉਹ 'ਆਪ' ਦੇ ਸੱਤਾ ਵਿਚ ਆਉਣ ਤੋਂ ਬਾਅਦ ਇਸ ਮਾਮਲੇ 'ਤੇ ਕਾਰਵਾਈ ਕਰਨ ਦਾ ਭਰੋਸਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸੰਬੰਧ ਵਿਚ ਮੇਰੀ ਲੜਾਈ ਜਾਰੀ ਰਹੇਗੀ ਅਤੇ ਉਹ ਹਰ ਤਰ੍ਹਾਂ ਦੇ ਕਸ਼ਟ ਝੱਲਣ ਵਾਸਤੇ ਤਿਆਰ ਹਨ।


ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

Global Allianz

LAW FIRM LLP

ਕਾਨੂੰਨੀ ਸਲਾਹਾਂ

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

Jaspreet Singh
Attorney at Law



ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ, ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

Designed By Punjab Mail USA

All IMMIGRATION MATTERS
ASYLUM CASE, DEPORTATION
FAMILY LAW & DIVORCE
BANKRUPTCY, GREEN CARD
ENTERTAINMENT VISA (P3)

Over 17 Year of Experience

SACRAMENTO
2953 W Capitol Ave.
Sacramento CA 95691
Phone : 916-372-4448
Fax : 916-372-4440

FREMONT
44790 8. Grimmer Blvd.# 208
Fremont, CA 94538
Phone : 510-657-6444
Fax : 510-657-6445

FRESNO
4491 W. Shaw Ave.
Suit No. 300B
Near Costco
Fresno, CA 93722
Phone : 559-271-5511

Turlock
209-632-3292



ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ

L.A. MERCHANDISE
Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991


Loose Fabrics, Groceries, Blankets, Vegetables



ਵਾਨ ਵਾਲਾ ਮੰਜਾ ਸੇਲ 'ਤੇ ਹੈ



ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।



ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਾਮਾਨ

ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

Red Label Tea 900 Gm $ 3.99

Bio Bidet Elite 2 $ 39.99+Tax (Smart Lota)

ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
only $ 41.99+Tax

ਇੰਡੀਆ ਤੋਂ *Mattress* ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।



Hardev Singh Visla Baksho Kaur Visla
530-671-0439, Fax-530-822-0439
cell- 530-844-3250.

ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫ਼ਤ

» ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
» ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
» ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇਥੋਂ ਖਰੀਦੋ।

ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ਼ ਦੀ ਜਗ੍ਹਾ ਹੁਣ 1.79 ਡਾਲਰ ਪ੍ਰਤੀ ਗਜ਼ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਵਾਲੀ ਹੁਣ 1.79 ਡਾਲਰ ਪ੍ਰਤੀ ਗਜ਼ ਦੀ ਖਰੀਦੋ

ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿੱਚ ਖਰੀਦੋ
buy 5 get one free



ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ

TAKHAR URGENT CARE
& Family Medicine



Paramjit S. Takhar, M.D.
Board Certified Family Medicine

Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Designed By Punjab Mail USA

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

www.takharfamilymedicine.com

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care
- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections
- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823


We Accept Medicare, Medical & Cash Pay



# ਕੇਂਦਰੀ ਸਿੱਖ ਅਜਾਇਬ ਘਰ 'ਚ ਚਾਰ ਸ਼ਖਸੀਅਤਾਂ ਦੀਆਂ ਤਸਵੀਰਾਂ ਕੀਤੀਆਂ ਸੁਸ਼ੋਭਿਤ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਕੇਂਦਰੀ ਸਿੱਖ ਅਜਾਇਬ ਘਰ 'ਚ ਕਾਰਸੇਵਾ ਸੰਪ੍ਰਦਾ ਗੁਰੂ ਕਾ ਬਾਗ ਦੇ ਮੁਖੀ ਬਾਬਾ ਹਜ਼ਾਰਾ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਚਰਨ ਸਿੰਘ ਮਹਾਲੋਂ, ਸੰਗੀਤ ਮਾਰਤੰਡ ਪਦਮਸ੍ਰੀ ਪ੍ਰੋਫ਼ੈਸਰ ਕਰਤਾਰ ਸਿੰਘ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਬਿਰਤਾਂਤ ਨੂੰ ਕਾਵਿ-ਰੂਪ ਵਿਚ ਦਰਜ਼ ਕਰਨ ਵਾਲੇ ਅਲਹ ਯਾਰ ਖ਼ਾਂ ਜੋਗੀ ਦੀਆਂ ਤਸਵੀਰਾਂ ਸੁਸ਼ੋਭਿਤ ਕੀਤੀਆਂ ਗਈਆਂ।









ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਨਿਭਾਈ, ਜਦਕਿ ਇਸ ਮੌਕੇ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਭਾਈ ਗੁਰਬਖ਼ਸ਼ ਸਿੰਘ ਖਾਲਸਾ, ਮੈਂਬਰ ਸ. ਸੁਰਜੀਤ ਸਿੰਘ ਭਿੱਟੇਵੱਡ, ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ ਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਵੀ ਮੌਜੂਦ ਸਨ।

# ਜਲੰਧਰ ਦੇ ਭੋਗਪੁਰ ਸਥਿਤ ਸ਼ੂਗਰ ਮਿੱਲ 'ਚ ਲੱਗੀ ਭਿਆਨਕ ਅੱਗ

**ਜਲੰਧਰ, (ਪੰਜਾਬ ਮੇਲ)-** ਜਲੰਧਰ ਦੇ ਭੋਗਪੁਰ ਸਥਿਤ ਇਕ ਸ਼ੂਗਰ ਮਿੱਲ ਵਿਚ ਭਿਆਨਕ ਅੱਗ ਲੱਗ ਗਈ। ਇਸ ਘਟਨਾ ਤੋਂ ਬਾਅਦ ਮੌਕੇ 'ਤੇ ਹੜਕੰਪ ਮੱਚ ਗਿਆ। ਦੱਸਿਆ ਜਾ ਰਿਹਾ ਹੈ ਕਿ ਖੰਡ ਮਿੱਲ 'ਚ ਸ਼ਾਰਟ ਸਰਕਿਟ ਕਾਰਨ ਅੱਗ ਲੱਗੀ ਹੈ। ਇਸ ਤੋਂ ਬਾਅਦ ਘਟਨਾ ਦੀ ਸੂਚਨਾ ਤੁਰੰਤ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ। ਫਾਇਰ ਬ੍ਰਿਗੇਡ ਦੀ ਟੀਮ ਨੇ ਮੌਕੇ



'ਤੇ ਪਹੁੰਚ ਕੇ ਕਾਫ਼ੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਇਹ ਅੱਗ ਇੰਨੀ ਭਿਆਨਕ ਸੀ ਕਿ ਕਾਲਾ ਧੂੰਆਂ ਅਤੇ ਅੱਗ ਦੀਆਂ ਲਪਟਾਂ ਦੂਰੋਂ ਹੀ ਵਿਖਾਈ ਦੇ ਰਹੀਆਂ ਸਨ। ਇਸ ਘਟਨਾ ਦੀ ਵੀਡੀਓ ਵੀ ਵਾਇਰਲ ਹੋ ਰਹੀ ਹੈ। ਅੱਗ ਨੂੰ ਕਾਬੂ ਕਰਨ ਲਈ ਅੱਧੀ ਦਰਜਨ ਤੋਂ ਵੱਧ ਫਾਇਰ ਇੰਜਣਾਂ ਨੂੰ ਲੱਗ ਗਿਆ। ਅੱਗ ਲੱਗਣ ਕਾਰਨ ਮਿੱਲ ਮਾਲਕ ਦਾ ਭਾਰੀ ਨੁਕਸਾਨ ਹੋ ਗਿਆ ਅਤੇ ਸਾਮਾਨ ਬੁਰੀ ਤਰ੍ਹਾਂ ਸੜ ਕੇ ਸੁਆਹ ਹੋ ਗਿਆ।

# ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਕਰੋੜਾਂ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ

**ਚੰਡੀਗੜ੍ਹ, (ਪੰਜਾਬ ਮੇਲ)-** ਸੂਬੇ ਵਿਚ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਹੁਣ ਤੱਕ 1686.78 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਜਾ ਚੁੱਕੇ ਹਨ। ਜਾਣਕਾਰੀ ਅਨੁਸਾਰ ਵੱਖ-ਵੱਖ ਏਜੰਸੀਆਂ ਵੱਲੋਂ 16 ਮਾਰਚ ਤੋਂ 8 ਅਪ੍ਰੈਲ ਤੱਕ ਵੱਖ-ਵੱਖ ਜ਼ਿਲ੍ਹਿਆਂ ਵਿਚ ਚਲਾਈ ਮੁਹਿੰਮ ਦੌਰਾਨ ਇਹ ਸਫ਼ਲਤਾ ਮਿਲੀ ਹੈ। ਇਸ ਸਮੇਂ ਸਾਰੀਆਂ ਸਿਆਸੀ ਪਾਰਟੀਆਂ ਐਕਸ਼ਨ ਮੋਡ ਵਿਚ ਹਨ। ਜਿਵੇਂ-ਜਿਵੇਂ ਚੋਣਾਂ ਨੇੜੇ ਆ ਰਹੀਆਂ ਹਨ, ਸਿਆਸੀ ਸਰਗਰਮੀਆਂ ਵੀ ਤੇਜ਼ ਹੁੰਦੀਆਂ ਜਾ ਰਹੀਆਂ ਹਨ।

ਇਸ ਦੇ ਨਾਲ ਹੀ ਚੋਣਾਂ ਦੌਰਾਨ ਪੈਸੇ ਅਤੇ ਨਸ਼ਿਆਂ ਦੀ

**■ ਚੋਣਾਂ ਨੂੰ ਲੈ ਕੇ ਵਧਾਈ ਗਈ ਸਖ਼ਤੀ**

ਵਰਤੋਂ ਨੂੰ ਰੋਕਣ ਲਈ ਏਜੰਸੀਆਂ ਨੇ ਆਪਣੀ ਨਿਗਰਾਨੀ ਵਧਾ ਦਿੱਤੀ ਹੈ। ਆਉਣ ਵਾਲੇ ਦਿਨਾਂ ਵਿਚ ਇਸ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਸੂਬੇ ਵਿਚ ਵੱਖ-ਵੱਖ ਏਜੰਸੀਆਂ ਵੱਲੋਂ ਕੀਤੇ ਗਏ ਅਪਰੇਸ਼ਨਾਂ ਦੌਰਾਨ ਵੱਖ-ਵੱਖ ਜ਼ਿਲ੍ਹਿਆਂ ਵਿਚ 387.54 ਕਰੋੜ ਰੁਪਏ ਦੀ ਨਕਦੀ ਬਰਾਮਦ ਕੀਤੀ ਗਈ ਹੈ। ਆਮਦਨ ਕਰ ਵਿਭਾਗ ਨੇ ਵੱਖ-ਵੱਖ ਏਜੰਸੀਆਂ ਵੱਲੋਂ ਜ਼ਬਤ ਕੀਤੀ ਗਈ ਨਕਦੀ ਦੇ ਮਾਮਲਿਆਂ ਦੀ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਏਜੰਸੀਆਂ ਵੱਲੋਂ 922.96 ਕਰੋੜ ਰੁਪਏ ਦੀ 1,467,001.67 (ਲੀਟਰ) ਦੀ ਸ਼ਰਾਬ ਜ਼ਬਤ ਕੀਤੀ ਗਈ ਹੈ। ਇਸ ਦੌਰਾਨ ਸੀਮਾ ਸੁਰੱਖਿਆ ਬਲ (ਬੀ.ਐੱਸ.ਐੱਫ.) ਨੇ 6236.2 ਗ੍ਰਾਮ ਨਸ਼ੀਲੇ ਪਦਾਰਥ ਜ਼ਬਤ ਕੀਤੇ ਹਨ, ਜਿਸ ਦੀ ਕੀਮਤ 1510 ਕਰੋੜ ਰੁਪਏ ਹੈ। ਇਸੇ ਤਰ੍ਹਾਂ ਨਾਰੋਟਿਕਸ ਕੰਟਰੋਲ ਬਿਊਰੋ ਨੇ 1764 ਗ੍ਰਾਮ ਨਸ਼ੀਲਾ ਪਦਾਰਥ ਜ਼ਬਤ ਕੀਤਾ, ਜਿਸ ਦੀ ਕੀਮਤ 164.99 ਕਰੋੜ ਰੁਪਏ ਬਣਦੀ ਹੈ। ਰਾਜ ਪੁਲਿਸ ਵਿਭਾਗ ਨੇ 2367738.76 ਗ੍ਰਾਮ ਨਸ਼ੀਲੇ ਪਦਾਰਥ ਜ਼ਬਤ ਕੀਤੇ, ਜਿਸ ਦੀ ਕੀਮਤ 10352.28 ਕਰੋੜ ਰੁਪਏ ਹੈ।

# ਈ.ਡੀ. ਵੱਲੋਂ ਕੇਜਰੀਵਾਲ ਦੇ ਪੀ.ਏ. ਤੇ ਦੁਰਗੇਸ਼ ਪਾਠਕ ਕੋਲੋਂ ਪੁੱਛ-ਪੜਤਾਲ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਆਬਕਾਰੀ ਨੀਤੀ ਨਾਲ ਸਬੰਧਤ ਮਨੀ ਲਾਂਡਰਿੰਗ ਦੇ ਮਾਮਲੇ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਨਿੱਜੀ ਸਹਾਇਕ ਬਿਭਵ ਕੁਮਾਰ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਦੁਰਗੇਸ਼ ਪਾਠਕ ਕੋਲੋਂ ਪੁੱਛ-ਪੜਤਾਲ ਕੀਤੀ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਕੇਜਰੀਵਾਲ ਦੇ ਪੀ.ਏ. ਅਤੇ ਵਿਧਾਇਕ ਦੇ ਬਿਆਨ ਮਨੀ ਲਾਂਡਰਿੰਗ ਰੋਕੂ ਐਕਟ (ਪੀ.ਐੱਮ.ਐੱਲ.ਏ.) ਦੇ ਪ੍ਰਬੰਧਾਂ ਹੇਠ ਦਰਜ ਕੀਤੇ ਗਏ ਹਨ। ਈ.ਡੀ. ਵੱਲੋਂ



ਈ.ਡੀ. ਅੱਗੇ ਪੇਸ਼ੀ ਲਈ ਜਾਂਦੇ ਹੋਏ 'ਆਪ' ਆਗੂ ਦੁਰਗੇਸ਼ ਪਾਠਕ।

ਇਸ ਮਾਮਲੇ ਵਿਚ ਇਨ੍ਹਾਂ ਦੋਹਾਂ ਕੋਲੋਂ ਪਹਿਲਾਂ ਵੀ ਪੁੱਛ-ਪੜਤਾਲ ਕੀਤੀ ਜਾ ਚੁੱਕੀ ਹੈ। ਸੂਤਰਾਂ ਨੇ ਕਿਹਾ ਕਿ ਕੇਜਰੀਵਾਲ ਦੀਆਂ ਗਤੀਵਿਧੀਆਂ ਅਤੇ ਪ੍ਰੋਗਰਾਮਾਂ ਦੇ ਸਬੰਧ ਵਿਚ ਕੁਮਾਰ ਕੋਲੋਂ ਪੁੱਛ-ਪੜਤਾਲ ਜ਼ਰੂਰੀ ਹੈ। ਮੁੱਖ ਮੰਤਰੀ ਕੇਜਰੀਵਾਲ ਨੂੰ ਪਿਛਲੇ ਮਹੀਨੇ ਇਸ ਮਾਮਲੇ 'ਚ ਈ.ਡੀ. ਨੇ ਗ੍ਰਿਫ਼ਤਾਰ ਕੀਤਾ ਸੀ। ਉਹ ਫਿਲਹਾਲ ਨਿਆਂਇਕ ਹਿਰਾਸਤ ਵਿਚ ਤਿਹਾੜ ਜੇਲ੍ਹ ਵਿਚ ਬੰਦ ਹਨ। ਏਜੰਸੀ ਨੇ ਆਪਣੇ ਪਹਿਲਾਂ ਦੇ ਦੋਸ਼ ਪੱਤਰਾਂ ਵਿਚ ਦੋਸ਼ ਲਾਇਆ ਸੀ ਕਿ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਕੁਮਾਰ ਸਣੇ ਘੱਟੋ-ਘੱਟ 36 ਮੁਲਜ਼ਮਾਂ ਨੇ ਕਥਿਤ ਘੁਟਾਲੇ ਵਿਚ ਹਜ਼ਾਰਾਂ ਕਰੋੜ ਰੁਪਏ ਦੀ 'ਰਿਸ਼ਵਤ' ਦੇ ਸਬੂਤ ਛੁਪਾਉਣ ਲਈ 170 ਫੋਨ "ਨਸ਼ਟ ਕੀਤੇ, ਇਸਤੇਮਾਲ ਕੀਤੇ ਜਾਂ ਬਦਲ ਦਿੱਤੇ"।

**ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ**



# ਲੋਕ ਸਭਾ ਚੋਣਾਂ: 'ਦਲ ਬਦਲੂਆਂ' ਦੀ ਸੂਚੀ 'ਚ ਸ਼ਾਮਲ ਹੋਏ ਪੰਜਾਬ ਦੇ ਕਈ ਵੱਡੇ ਆਗੂ

**■ ਸਾਬਕਾ ਮੁੱਖ ਮੰਤਰੀ ਤੋਂ ਲੈ ਕੇ ਵਿਧਾਇਕ ਤੇ ਸੰਸਦ ਮੈਂਬਰਾਂ ਤੱਕ ਕਈ ਪਾਰਟੀਆਂ ਬਦਲ ਚੁੱਕੇ ਨੇ ਆਗੂ**

**ਚੰਡੀਗੜ੍ਹ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਦੌਰਾਨ ਪੰਜਾਬ ਅੰਦਰ ਆਏ ਦਿਨ 'ਆਇਆ ਰਾਮ ਤੇ ਗਿਆ ਰਾਮ' ਵਾਲੀ ਸਿਆਸਤ ਦੇਖਣ ਨੂੰ ਮਿਲ ਰਹੀ ਹੈ। ਇੱਕ ਸਾਬਕਾ ਮੁੱਖ ਮੰਤਰੀ ਤੋਂ ਲੈ ਕੇ ਇੱਕ ਵਾਰ ਸੰਸਦ ਮੈਂਬਰ ਜਾਂ ਵਿਧਾਇਕ ਬਣੇ ਆਗੂ 'ਦਲ ਬਦਲੂਆਂ' ਦੀ ਸੂਚੀ ਵਿਚ ਸ਼ਾਮਲ ਹਨ ਤੇ ਇਹ ਲਗਾਤਾਰ ਵਧ ਰਹੀ ਹੈ।

ਕਾਂਗਰਸ ਵੱਲੋਂ ਦੋ ਵਾਰ ਪੰਜਾਬ ਦੇ ਮੁੱਖ ਮੰਤਰੀ ਰਹਿਣ ਚੁੱਕੇ ਕੈਪਟਨ ਅਮਰਿੰਦਰ ਸਿੰਘ ਇਸ ਵਾਰ ਭਾਜਪਾ ਲਈ ਪ੍ਰਚਾਰ ਕਰਨਗੇ ਅਤੇ ਉਨ੍ਹਾਂ ਦੀ ਪਤਨੀ ਤੇ ਕਾਂਗਰਸ ਦੀ ਸੰਸਦ ਮੈਂਬਰ ਪ੍ਰਨੀਤ ਕੌਰ ਵੀ ਪਿੱਛੇ ਜਿਹੇ ਭਾਜਪਾ 'ਚ ਸ਼ਾਮਲ ਹੋ ਗਏ ਸਨ ਅਤੇ ਉਹ ਪਟਿਆਲਾ ਤੋਂ ਪਾਰਟੀ ਦੇ ਉਮੀਦਵਾਰ ਹਨ। ਕੈਪਟਨ ਨੇ 1980 ਵਿਚ ਕਾਂਗਰਸ ਪਾਰਟੀ ਤੋਂ ਆਪਣੇ ਸਿਆਸੀ ਕਰੀਅਰ ਦੀ ਸ਼ੁਰੂਆਤ ਕੀਤੀ ਅਤੇ ਸਾਕਾ ਨੀਲਾ ਤਾਰਾ ਦੇ ਵਿਰੋਧ 'ਚ ਪਾਰਟੀ ਛੱਡ ਕੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਗਏ। 1992 'ਚ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਨਾਲ ਤੋੜ-ਵਿਛੋੜਾ ਕਰਕੇ ਵੱਖਰਾ ਧੜਾ ਅਕਾਲੀ ਦਲ (ਪੰਥਕ) ਬਣਾਇਆ ਪਰ 1998 ਵਿਚ ਇਸ ਦਾ ਕਾਂਗਰਸ 'ਚ ਰਲੇਵਾਂ ਕਰ ਲਿਆ।

ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਨੇ ਚਾਰ ਪਾਰਟੀਆਂ ਬਦਲੀਆਂ ਹਨ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਨਾਲ ਸਿਆਸੀ ਜੀਵਨ ਦੀ ਸ਼ੁਰੂਆਤ ਕੀਤੀ।



**ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਪਰਨੀਤ ਕੌਰ, ਰਵਨੀਤ ਸਿੰਘ ਬਿੱਟੂ**

ਉਨ੍ਹਾਂ 2011 ਵਿਚ ਵੱਖਰੀ ਪਾਰਟੀ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦਾ ਗਠਨ ਕੀਤਾ ਪਰ 2012 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਏ। ਫਿਰ ਉਹ ਕਾਂਗਰਸ 'ਚ ਸ਼ਾਮਲ ਹੋਏ ਅਤੇ ਸਰਕਾਰ 'ਚ ਵਿੱਤ ਮੰਤਰੀ ਰਹੇ। ਇਸ ਮਗਰੋਂ ਉਹ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਗਏ। ਉਹ ਅਗਾਮੀ ਲੋਕ ਸਭਾ ਚੋਣਾਂ ਨਹੀਂ ਲੜ ਰਹੇ।

ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਅਤੇ ਕਾਂਗਰਸ ਆਗੂ ਰਵਨੀਤ ਸਿੰਘ ਬਿੱਟੂ ਨੇ ਅਗਾਮੀ ਲੋਕ ਸਭਾ ਚੋਣਾਂ ਦੌਰਾਨ ਭਾਜਪਾ 'ਚ ਸ਼ਾਮਲ ਹੋ ਕੇ ਸਭ ਨੂੰ ਹੈਰਾਨ ਕਰ ਦਿੱਤਾ। ਉਹ ਲੁਧਿਆਣਾ ਤੋਂ ਕਾਂਗਰਸ ਦੇ ਮੌਜੂਦਾ ਸੰਸਦ ਮੈਂਬਰ ਹਨ ਤੇ ਉਹ ਹੁਣ ਇੱਥੋਂ ਹੀ ਭਾਜਪਾ ਦੀ ਟਿਕਟ ਤੋਂ ਚੋਣ ਲੜ ਰਹੇ ਹਨ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਵੀ ਭਾਜਪਾ 'ਚ ਸ਼ਾਮਲ ਹੋਣ ਤੋਂ ਪਹਿਲਾਂ ਕਾਂਗਰਸ ਵਿਚ ਸਨ। ਇਸੇ ਤਰ੍ਹਾਂ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ 2022 'ਚ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਪਰ ਬਾਅਦ ਵਿਚ ਕਾਂਗਰਸ 'ਚ ਵਾਪਸ ਆ ਗਏ। ਸੁਸ਼ੀਲ ਕੁਮਾਰ ਰਿੰਕੂ 2017 'ਚ ਕਾਂਗਰਸ ਵੱਲੋਂ ਸੰਸਦ ਮੈਂਬਰ ਬਣੇ। 2023 'ਚ ਜਲੰਧਰ ਦੀ ਜ਼ਿਮਨੀ ਚੋਣ ਦੌਰਾਨ ਉਹ 'ਆਪ' 'ਚ ਸ਼ਾਮਲ ਹੋਏ ਅਤੇ ਸੰਸਦ ਮੈਂਬਰ ਬਣੇ। 'ਆਪ' ਨੇ 2024 ਦੀਆਂ ਆਮ ਚੋਣਾਂ ਲਈ ਵੀ ਰਿੰਕੂ ਨੂੰ ਉਮੀਦਵਾਰ ਐਲਾਨਿਆ ਪਰ ਉਹ ਪਿਛਲੇ ਮਹੀਨੇ ਭਾਜਪਾ 'ਚ ਸ਼ਾਮਲ ਹੋ ਗਏ। ਉਹ ਹੁਣ ਜਲੰਧਰ ਤੋਂ ਹੀ ਭਾਜਪਾ ਵੱਲੋਂ ਚੋਣ ਲੜ ਰਹੇ ਹਨ। ਅਕਾਲੀ ਆਗੂਆਂ ਵਿਚ ਸਾਬਕਾ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਅਤੇ ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਸਾਲ 2020 ਵਿਚ ਕੁਝ ਮਸਲਿਆਂ 'ਤੇ ਮਤਭੇਦ ਹੋਣ ਕਾਰਨ ਪਾਰਟੀ ਤੋਂ ਵੱਖ ਹੋ ਗਏ ਸਨ ਪਰ ਹੁਣ ਉਨ੍ਹਾਂ ਦੀ ਸ਼੍ਰੋਮਣੀ ਅਕਾਲੀ ਦਲ 'ਚ ਵਾਪਸੀ ਹੋ ਗਈ ਹੈ। ਉਹ ਭਾਜਪਾ ਦੇ ਵੀ ਕਾਫੀ ਕਰੀਬ ਰਹੇ ਸਨ। ਅਜਿਹੀਆਂ ਰਿਪੋਰਟਾਂ ਵੀ ਹਨ ਕਿ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਤੇ ਉਨ੍ਹਾਂ ਦਾ ਪਰਿਵਾਰ ਵੀ ਜਲਦੀ ਹੀ ਭਾਜਪਾ 'ਚ ਸ਼ਾਮਲ ਹੋ ਸਕਦਾ ਹੈ।

# ਏ.ਆਈ. ਦੀ ਮਦਦ ਨਾਲ ਭਾਰਤ ਤੇ ਅਮਰੀਕੀ ਚੋਣਾਂ 'ਚ ਚੀਨ ਵੱਲੋਂ ਕੀਤੀ ਜਾ ਸਕਦੀ ਹੈ ਗੜਬੜ

**ਨਵੀਂ ਦਿੱਲੀ, (ਪੰਜਾਬ ਮੇਲ)-** ਸਾਫਟਵੇਅਰ ਖੇਤਰ ਦੀ ਪ੍ਰਮੁੱਖ ਮੰਤਰੀ ਮਾਈਕ੍ਰੋਸਾਫਟ ਨੇ ਇਕ ਬਲਾਗ 'ਚ ਦੋਸ਼ ਲਗਾਇਆ ਹੈ ਕਿ ਭਾਰਤ ਅਤੇ ਅਮਰੀਕਾ ਵਰਗੀਆਂ ਪ੍ਰਮੁੱਖ ਅਰਥਵਿਵਸਥਾਵਾਂ 'ਚ ਇਸ ਸਾਲ ਚੋਣਾਂ ਹੋਣ ਜਾ ਰਹੀਆਂ ਹਨ। ਅਜਿਹੇ 'ਚ ਚੀਨ ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਏ.ਆਈ. ਦੁਆਰਾ ਤਿਆਰ ਸਮੱਗਰੀ ਦੀ ਵਰਤੋਂ ਕਰ ਸਕਦਾ ਹੈ।

ਬਲਾਗ 'ਚ ਕਿਹਾ ਗਿਆ ਹੈ ਕਿ ਇਸ ਸਾਲ ਦੁਨੀਆਂ ਭਰ 'ਚ ਹੋਣ ਵਾਲੀਆਂ ਪ੍ਰਮੁੱਖ ਚੋਣਾਂ 'ਚ ਖਾਸ ਤੌਰ 'ਤੇ ਭਾਰਤ, ਦੱਖਣੀ ਕੋਰੀਆ ਅਤੇ ਅਮਰੀਕਾ 'ਚ ਅਸੀਂ ਇਹ ਮੁਲਾਂਕਣ ਕੀਤਾ ਹੈ ਕਿ ਚੀਨ ਆਪਣੇ ਹਿੱਤਾਂ ਨੂੰ ਫਾਇਦਾ ਪਹੁੰਚਾਉਣ ਲਈ ਏ.ਆਈ. -ਜਨਰੇਟਿਡ ਕੰਟੈਂਟ ਬਣਾਏਗਾ ਅਤੇ ਉਸਦਾ ਵਿਸਤਾਰ ਕਰੇਗਾ। ਇਸ ਬਲਾਗ ਵਿੱਚ ਉੱਤਰੀ ਕੋਰੀਆ ਦੇ ਉਨ੍ਹਾਂ ਤੱਤਾਂ ਦਾ ਵੀ ਜ਼ਿਕਰ ਹੈ, ਜੋ ਸਾਈਬਰ

**■ ਮਾਈਕ੍ਰੋਸਾਫਟ ਵੱਲੋਂ ਦਾਅਵਾ**




ਧਮਕੀਆਂ ਦਿੰਦੇ ਹਨ ਅਤੇ ਇਨ੍ਹਾਂ ਤਿੰਨਾਂ ਦੇਸ਼ਾਂ ਵਿਚ ਚੋਣਾਂ ਨੂੰ ਨਿਸ਼ਾਨਾ ਬਣਾਉਣ ਲਈ ਕੰਮ ਕਰ ਰਹੇ ਹਨ। ਬਲਾਗ ਵਿਚ ਕਿਹਾ ਗਿਆ ਹੈ ਕਿ ਚੀਨ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਲਈ ਸਮੱਗਰੀ ਮੀਮਜ਼, ਵੀਡੀਓ ਅਤੇ ਆਡੀਓਜ਼ ਦੀ ਗਿਣਤੀ ਵਧਾ ਕੇ ਪ੍ਰਯੋਗ ਕਰਨਾ ਜਾਰੀ ਰੱਖੇਗਾ ਅਤੇ ਇਹ ਭਵਿੱਖ ਵਿਚ ਪ੍ਰਭਾਵਸ਼ਾਲੀ ਸਾਬਤ ਹੋ ਸਕਦੇ ਹਨ।

ਬਾਲੀਵੁੱਡ ਅਭਿਨੇਤਰੀ ਰਸ਼ਮੀਕਾ ਮੰਦਾਨਾ ਦੀ ਇੱਕ ਫਰਜ਼ੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਸਰਕਾਰ ਏ.ਆਈ. ਦੁਆਰਾ ਤਿਆਰ ਕੀਤੇ ਗਏ ਡੀਪ ਫੇਕ ਦੀ ਜਾਂਚ ਕਰਨ ਲਈ ਹਰਕਤ 'ਚ ਆਈ ਸੀ। ਗੂਗਲ ਦੇ ਏ.ਆਈ. ਪਲੇਟਫਾਰਮ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਜੁੜੇ ਸਵਾਲਾਂ ਦੇ ਜਵਾਬਾਂ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਸੀ। ਜਿਸ ਤੋਂ ਬਾਅਦ ਇਲੈਕਟ੍ਰਾਨਿਕਸ ਅਤੇ ਆਈ.ਟੀ. ਮੰਤਰਾਲਾ ਨੇ ਏ.ਆਈ. ਦੁਆਰਾ ਤਿਆਰ ਸਮੱਗਰੀ ਨੂੰ ਲੈ ਕੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਇਸ ਮਾਈਕਰੋਸਾਫਟ ਬਲਾਗ ਨੇ ਮੈਂਡਰਿਨ ਅਤੇ ਅੰਗਰੇਜ਼ੀ ਵਿਚ ਏ.ਆਈ. ਦੁਆਰਾ ਤਿਆਰ ਕੀਤੇ ਵੀਡੀਓ ਦੇ ਸਕ੍ਰੀਨਸ਼ਾਟ ਸਾਂਝੇ ਕੀਤੇ ਹਨ, ਜਿਸ ਵਿਚ ਦੋਸ਼ ਲਾਇਆ ਗਿਆ ਸੀ ਕਿ ਮਿਆਂਮਾਰ ਵਿਚ ਅਸ਼ਾਂਤੀ ਲਈ ਅਮਰੀਕਾ ਅਤੇ ਭਾਰਤ ਜ਼ਿੰਮੇਵਾਰ ਹਨ। ਬਲਾਗ ਵਿਚ ਦਾਅਵਾ ਕੀਤਾ ਗਿਆ ਹੈ ਕਿ ਚੀਨ ਨੂੰ ਧਮਕੀ ਦੇਣ ਵਾਲੇ ਆਰਥਿਕ ਅਤੇ ਫੌਜੀ ਹਿੱਤਾਂ ਨਾਲ ਸਬੰਧਤ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਂਦੇ ਹਨ।

# ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਸਿਹਤ ਵਿਗੜੀ

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸਿਹਤ ਵਿਗੜ ਗਈ। ਬੀਤੇ ਕਈ ਦਿਨੀਂ ਤੋਂ ਵੱਧ ਰਹੀ ਗਰਮੀ ਵਿਚਾਲੇ ਸੁਖਬੀਰ ਸਿੰਘ ਬਾਦਲ ਪੰਜਾਬ ਬਚਾਓ ਯਾਤਰਾ 'ਚ ਡਟੇ ਹੋਏ ਸਨ ਅਤੇ ਲੋਕਾਂ ਨਾਲ ਮੁਲਾਕਾਤ ਕਰ ਰਹੇ ਸਨ, ਜਿਸ ਤੋਂ ਬਾਅਦ ਉਨ੍ਹਾਂ ਦੀ ਸਿਹਤ ਵਿਚ ਹਲਕੀ ਗਿਰਾਵਟ ਦੇਖਣ ਨੂੰ ਮਿਲੀ ਹੈ। ਸੂਤਰਾਂ



ਮੁਤਾਬਕ ਹੁਣ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਪੰਜਾਬ ਬਚਾਓ ਯਾਤਰਾ ਦੀ ਕਮਾਨ ਸੰਭਾਲਣਗੇ।

ਪੰਜਾਬ ਬਚਾਓ ਯਾਤਰਾ ਲੁਧਿਆਣਾ ਦੇ ਪਾਇਲ ਤੋਂ ਰਵਾਨਾ ਹੋਣੀ ਸੀ ਪਰ ਹੁਣ ਬਿਕਰਮ ਸਿੰਘ ਮਜੀਠੀਆ ਇਸ ਯਾਤਰਾ ਨੂੰ ਲੀਡ ਕਰਨਗੇ। ਅਕਾਲੀ ਦਲ ਦੇ ਸੂਤਰਾਂ ਅਨੁਸਾਰ ਸੁਖਬੀਰ ਬਾਦਲ ਨੂੰ ਡਾਇਰੀਆ ਹੋ ਗਿਆ ਹੈ। ਇਸ ਕਾਰਣ ਉਨ੍ਹਾਂ ਦਾ ਯਾਤਰਾ ਵਿਚ ਸ਼ਾਮਲ ਹੋਣਾ ਹੁਣ ਮੁਸ਼ਕਲ ਲੱਗ ਰਿਹਾ ਹੈ।




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ 3 ਮਕਾਨਾਂ ਦਾ ਨੀਂਵ ਪੱਥਰ ਰੱਖਿਆ ਗਿਆ

ਰੂਪਨਗਰ, (ਪੰਜਾਬ ਮੇਲ)- ਡਾ. ਐੱਸ.ਪੀ. ਸਿੰਘ ਓਬਰਾਏ ਦੁਆਰਾ ਸਥਾਪਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਰੂਪਨਗਰ ਵਿਚ ਤਿੰਨ ਨਵੇਂ ਮਕਾਨਾਂ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਜ਼ਿਲਾ ਪ੍ਰਧਾਨ ਜੇ.ਕੇ. ਜੱਗੀ ਨੇ ਦੱਸਿਆ ਕਿ ਟਰੱਸਟ ਵਲੋਂ ਹੁਣ ਤੱਕ ਅੱਠ ਮਕਾਨਾਂ ਦੀ ਉਸਾਰੀ ਕਰਕੇ ਚਾਬੀ ਲੋੜਵੰਦ ਲੋਕਾਂ ਨੂੰ ਦੇ ਦਿੱਤੀ ਗਈ ਹੈ ਅਤੇ ਕੁਲਦੀਪ ਸਿੰਘ ਪੁੱਤਰ ਸ਼੍ਰੀ ਮਲਕੀਤ ਸਿੰਘ ਪਿੰਡ ਬੈਰਾਮਪੁਰ, ਅਵਤਾਰ ਸਿੰਘ ਪੁੱਤਰ ਸ਼੍ਰੀ ਭਾਗ ਸਿੰਘ ਪਿੰਡ ਬਹਿਰਾਮਪੁਰ ਅਤੇ ਬਲਵਿੰਦਰ ਸਿੰਘ ਪੁੱਤਰ ਸ਼੍ਰੀ ਮਲਕੀਤ ਸਿੰਘ ਪਿੰਡ ਬੈਰਾਮਪੁਰ ਵਿਖੇ ਲੋੜਵੰਦ



ਡਾ. ਐੱਸ.ਪੀ. ਸਿੰਘ ਓਬਰਾਏ।

ਵਿਅਕਤੀਆਂ ਲਈ 3 ਨਵੇਂ ਮਕਾਨਾਂ ਦਾ ਨੀਂਹ ਪੱਥਰ ਰੱਖਿਆ ਗਿਆ ਅਤੇ ਇਨ੍ਹਾਂ ਆਯੋਜਨਾਂ ਵਿਚ ਟਰੱਸਟ ਦੇ ਰਾਸ਼ਟਰੀ ਪ੍ਰਧਾਨ ਜੱਸਾ ਸਿੰਘ ਅਤੇ ਡਾ. ਰਜਿੰਦਰ ਸਿੰਘ ਅਟਵਾਲ ਡਾਇਰੈਕਟਰ ਹੈਲਥ ਟਰੱਸਟ ਵਿਸ਼ੇਸ਼ ਰੂਪ ਵਿਚ ਪਹੁੰਚੇ ਅਤੇ ਅਪਣੇ ਕਰ ਕਮਲਾ ਨਾਲ ਇਨ੍ਹਾਂ ਮਕਾਨਾਂ ਦਾ ਨੀਂਹ ਪੱਥਰ ਰੱਖਿਆ। ਸ਼ੀਤਲ ਜੱਗੀ ਰੋਪੜ ਅਤੇ ਪ੍ਰੀਤਮ ਕੌਰ ਪਿੰਡ ਹੁਸੈਨਪੁਰ ਦੇ ਮਕਾਨਾਂ ਦੀ ਉਸਾਰੀ ਦਾ ਕੰਮ ਪਹਿਲੇ ਹੀ ਚੱਲ ਰਿਹਾ ਹੈ। ਜੇ.ਕੇ. ਜੱਗੀ ਨੇ ਦੱਸਿਆ ਕਿ ਟਰੱਸਟ ਵਲੋਂ ਨਿਰਸਵਾਰਥ ਭਾਵਨਾ ਨਾਲ ਮਨੁੱਖਤਾ ਦੀ ਭਲਾਈ ਲਈ ਕਈ ਕਾਰਜ ਵੀ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿਚ ਹਰ ਮਹੀਨੇ 278 ਲੋੜਵੰਦ ਪਰਿਵਾਰਾਂ ਨੂੰ ਪੈਨਸ਼ਨਾਂ ਦਿੱਤੀਆ ਜਾ ਰਹੀਆਂ ਹਨ। ਇਸ ਮੌਕੇ ਤੇ ਪਿੰਡ ਦੇ ਸਰਪੰਚ, ਪੰਚ ਅਤੇ ਪਿੰਡ ਦੇ ਮੌਜੂਦ ਲੋਕ ਅਤੇ ਜ਼ਿਲ੍ਹਾ ਪ੍ਰਧਾਨ ਜੇ.ਕੇ. ਜੱਗੀ, ਅਸ਼ਵਨੀ ਖੰਨਾ, ਮਦਨ ਗੁਪਤਾ, ਇੰਦਰਜੀਤ ਸਿੰਘ, ਜੇ.ਐੱਸ. ਓਬਰਾਏ ਆਦੀ ਟਰੱਸਟੀ ਮੈਂਬਰ ਮੌਜੂਦ ਸਨ।

## ਡਾ. ਐੱਸ.ਪੀ. ਸਿੰਘ ਓਬਰਾਏ "ਸਿੱਖ ਗੌਰਵ ਸਨਮਾਨ" ਨਾਲ ਸਨਮਾਨਿਤ



ਅੰਮ੍ਰਿਤਸਰ, (ਪੰਜਾਬ ਮੇਲ)- ਅਕਾਲ ਪੁਰਖ ਕੀ ਫ਼ੌਜ ਵੱਲੋਂ ਆਪਣੇ 25 ਸਾਲਾ ਸਥਾਪਨਾ ਦਿਵਸ ਮੌਕੇ ਅੰਮ੍ਰਿਤਸਰ ਵਿਖੇ ਕਰਵਾਏ ਗਏ 'ਸ਼ਾਨ ਦਸਤਾਰ ਦੀ ਅਤੇ ਸਿੱਖ ਗੌਰਵ ਸਨਮਾਨ' ਸਮਾਗਮ ਦੌਰਾਨ ਸੰਸਾਰ ਪ੍ਰਸਿੱਧ ਸਮਾਜਸੇਵੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਨੂੰ "ਸਿੱਖ ਗੌਰਵ ਸਨਮਾਨ" ਨਾਲ ਸਨਮਾਨਿਤ ਕੀਤਾ ਗਿਆ।

## ਬਾਬਾ ਤਰਸੇਮ ਸਿੰਘ ਕਤਲ ਮਾਮਲਾ: ਮੁੱਖ ਦੋਸ਼ੀ ਅਮਰਜੀਤ ਸਿੰਘ ਉਰਫ਼ ਬਿੱਟੂ ਪੁਲਿਸ ਐਨਕਾਊਂਟਰ 'ਚ ਢੇਰ

ਉਤਰਾਖੰਡ, (ਪੰਜਾਬ ਮੇਲ)- ਨਾਨਕਮੱਤਾ ਗੁਰਦੁਆਰੇ ਦੇ 'ਕਾਰਸੇਵਾ' ਮੁਖੀ ਬਾਬਾ ਤਰਸੇਮ ਸਿੰਘ ਦੇ ਕਤਲ ਕੇਸ ਦਾ ਮੁੱਖ ਮੁਲਜ਼ਮ ਅਮਰਜੀਤ ਸਿੰਘ ਉਰਫ਼ ਬਿੱਟੂ ਹਰਿਦੁਆਰ ਦੇ ਭਗਵਾਨਪੁਰ ਇਲਾਕੇ ਵਿਚ ਉਤਰਾਖੰਡ ਸਪੈਸ਼ਲ ਟਾਸਕ ਫੋਰਸ (ਐੱਸ.ਟੀ.ਐੱਫ.) ਨਾਲ ਹੋਏ ਮੁਕਾਬਲੇ ਵਿਚ ਮਾਰਿਆ ਗਿਆ।





ਉੱਤਰਾਖੰਡ ਪੁਲਿਸ ਦੇ ਡਾਇਰੈਕਟਰ ਜਨਰਲ (ਡੀ.ਜੀ.ਪੀ.) ਅਭਿਨਵ ਕੁਮਾਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਅਮਰਜੀਤ ਸਿੰਘ, ਸ਼ੂਟਰ ਜਿਸ ਦੇ ਸਿਰ 'ਤੇ 1 ਲੱਖ ਦਾ ਇਨਾਮ ਸੀ, ਮਾਰਿਆ ਗਿਆ, ਜਦੋਂ ਕਿ ਉਸਦਾ ਸਾਥੀ ਫਰਾਰ ਹੋਣ 'ਚ ਕਾਮਯਾਬ ਰਿਹਾ। ਪੁਲਿਸ ਅਧਿਕਾਰੀ ਨੇ ਕਿਹਾ ਕਿ ਉਤਰਾਖੰਡ ਸਪੈਸ਼ਲ ਟਾਸਕ ਫੋਰਸ ਅਤੇ ਹਰਿਦੁਆਰ ਪੁਲਿਸ ਨੇ ਫਰਾਰ ਮੁਲਜ਼ਮਾਂ ਦੀ ਭਾਲ ਲਈ ਇੱਕ ਸੰਯੁਕਤ ਆਪ੍ਰੇਸ਼ਨ ਸ਼ੁਰੂ ਕੀਤਾ ਸੀ। ਪੁਲਿਸ ਨੇ ਦੱਸਿਆ ਕਿ ਅਮਰਜੀਤ ਸਿੰਘ ਖ਼ਿਲਾਫ਼ 16 ਤੋਂ ਵੱਧ ਕੇਸ ਦਰਜ ਸਨ।

## ਪੰਜਾਬ 'ਚ ਦਿਨੋਂ-ਦਿਨ ਵਧਦੇ ਤਾਪਮਾਨ ਕਾਰਨ ਸਿਹਤ ਵਿਭਾਗ ਵੱਲੋਂ ਅਲਰਟ ਜਾਰੀ

ਖਮਾਣੋਂ, (ਪੰਜਾਬ ਮੇਲ)- ਪੰਜਾਬ ਅੰਦਰ ਗਰਮੀ ਦੇ ਮੌਸਮ ਦੌਰਾਨ ਦਿਨ ਦਾ ਤਾਪਮਾਨ ਦਿਨੋਂ-ਦਿਨ ਵੱਧ ਰਿਹਾ ਹੈ। ਮੌਸਮ ਵਿਭਾਗ ਅਨੁਸਾਰ ਆਉਣ ਵਾਲੇ 10 ਤੋਂ 20 ਦਿਨਾਂ ਵਿਚਕਾਰ ਇਸ ਦੇ ਹੋਰ ਵੱਧਣ ਦੀ ਸੰਭਾਵਨਾ ਹੈ ਅਤੇ ਭਿਆਨਕ ਗਰਮੀ ਪੈਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਇਸ ਦੇ ਲਈ ਸਿਹਤ ਵਿਭਾਗ ਵੀ ਪੂਰੀ ਤਰ੍ਹਾਂ ਅਲਰਟ ਹੋ ਗਿਆ ਹੈ। ਇਸ ਲਈ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵੱਲੋਂ ਆਮ ਲੋਕਾਂ ਨੂੰ ਗਰਮੀ ਤੋਂ ਬਚਣ ਸਬੰਧੀ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਫਤਹਿਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਨੇ ਕਿਹਾ ਕਿ ਕੁੱਝ ਸਾਵਧਾਨੀਆਂ ਵਰਤ ਕੇ ਗਰਮੀ ਤੋਂ ਹੋਣ ਵਾਲੀਆਂ ਬਿਮਾਰੀਆਂ ਅਤੇ ਇਸ ਨਾਲ ਹੋਣ ਵਾਲੇ

**■ ਲੋਕਾਂ ਲਈ ਜਾਰੀ ਕੀਤੀ ਐਡਵਾਈਜ਼ਰੀ**

ਨੁਕਸਾਨਾਂ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਵਧੇਰੇ ਤਾਪਮਾਨ ਸਰੀਰ ਦੀ ਤਾਪਮਾਨ ਨਿਯਮ ਪ੍ਰਣਾਲੀ ਨੂੰ ਵਿਗਾੜ ਦਿੰਦਾ ਹੈ ਅਤੇ ਗਰਮੀ ਨਾਲ ਸੰਬਧਿਤ ਬਿਮਾਰੀਆਂ ਦਾ ਕਾਰਨ ਬਣਦਾ ਹੈ। ਉਨ੍ਹਾਂ ਕਿਹਾ ਕਿ ਨਵਜੰਮੇ ਬੱਚੇ, ਛੋਟੇ ਬੱਚੇ, ਗਰਭਵਤੀ ਔਰਤਾਂ, 65 ਸਾਲ ਜਾਂ ਇਸ ਤੋਂ ਵਧੇਰੇ ਉਮਰ ਦੇ ਲੋਕਾਂ, ਮਜ਼ਦੂਰਾਂ, ਮੋਟਾਪੇ ਨਾਲ ਪੀੜਤ ਲੋਕਾਂ, ਮਾਨਸਿਕ ਤੌਰ 'ਤੇ ਬਿਮਾਰ ਲੋਕਾਂ, ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਆਦਿ ਨੂੰ ਵਧੇਰੇ ਤਾਪਮਾਨ ਤੋਂ ਬਚਣਾ ਚਾਹੀਦਾ ਹੈ। ਗਰਮੀ ਤੋਂ ਬਚਣ ਲਈ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਕੜਕਦੀ ਧੁੱਪ ਵਿਚ ਨਾ ਨਿਕਲਿਆ ਜਾਵੇ। ਹਰ ਅੱਧੇ ਘੰਟੇ ਬਾਅਦ ਭਾਵੇਂ ਪਿਆਸ ਨਾ ਵੀ ਹੋਵੇ, ਪਾਣੀ ਪੀਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸਥਿਰਤਾ ਦੇ ਨਾਲ ਬਦਲਿਆ ਮਾਨਸਿਕ ਸੰਤੁਲਨ, ਗੱਲ ਸਮਝਣ ਵਿਚ ਮੁਸ਼ਕਿਲ, ਚਿੜਚਿੜਾਪਣ, ਅਟੈਕਸੀਆ, ਜ਼ੁਬਾਨ ਦਾ ਲੜਖੜਾਉਣਾ, ਤੋਰ ਦਾ ਲੜਖੜਾਉਣਾ, ਦੌਰਾ ਪੈਣਾ, ਗਰਮ ਲਾਲ ਅਤੇ ਖ਼ੁਸ਼ਕ ਚਮੜੀ ਦਾ ਹੋਣਾ, ਸਰੀਰ ਦਾ ਤਾਪਮਾਨ 40 ਡਿਗਰੀ ਜਾਂ ਇਸ ਤੋਂ ਵੱਧ ਹੋ ਜਾਣ, ਬਹੁਤ ਤੇਜ਼ ਸਿਰਦਰਦ, ਚੱਕਰ, ਬੇਹੋਸ਼ੀ ਅਤੇ ਮਾਸਪੇਸ਼ੀਆਂ ਦੀ ਕਮਜ਼ੋਰੀ, ਕੜਵਲ ਪੈਣੇ ਉਲਟੀਆਂ, ਦਿਲ ਦੀ ਧੜਕਣ ਤੇਜ਼ ਹੋਣਾ ਆਦਿ ਲੱਛਣ ਦਿਖਾਈ ਦੇਣ ਤੇ ਤੁਰੰਤ ਡਾਕਟਰ ਦੀ ਸਲਾਹ ਲਓ।







# ਡਾ. ਐੱਸ.ਪੀ. ਸਿੰਘ ਓਬਰਾਏ ਨੇ ਸੁਖਜਿੰਦਰ ਸਿੰਘ ਹੇਰ ਨੂੰ ਸਰਬੱਤ ਦਾ ਭਲਾ ਟਰੱਸਟ ਦਾ ਪੰਜਾਬ ਪ੍ਰਧਾਨ ਥਾਪਿਆ

■ ਡਾ. ਓਬਰਾਏ ਦੀਆਂ ਆਸਾਂ 'ਤੇ ਪੂਰਾ ਉਤਰਨ ਲਈ ਹਰ ਸੰਭਵ ਯਤਨ ਕਰਾਂਗਾ :ਹੇਰ

**ਅੰਮ੍ਰਿਤਸਰ, (ਪੰਜਾਬ ਮੇਲ)-** ਆਪਣੇ ਮਿਸਾਲੀ ਸੇਵਾ ਕਾਰਜਾਂ ਕਾਰਨ ਪੂਰੀ ਦੁਨੀਆਂ ਅੰਦਰ ਇੱਕ ਨਿਵੇਕਲੀ ਪਛਾਣ ਰੱਖਣ ਵਾਲੇ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਸੁਖਜਿੰਦਰ ਸਿੰਘ ਹੇਰ ਨੂੰ ਨਾਮਵਰ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦਾ ਪੰਜਾਬ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਟਰੱਸਟ ਦੇ ਮਿਹਨਤੀ, ਇਮਾਨਦਾਰ ਅਤੇ ਅਣਥੱਕ ਮੈਂਬਰ ਸੁਖਜਿੰਦਰ ਸਿੰਘ ਹੇਰ (ਅੰਮ੍ਰਿਤਸਰ) ਜੋ ਕਿ ਪਹਿਲਾਂ ਟਰੱਸਟ ਵਿਚ ਬਤੌਰ ਅੰਮ੍ਰਿਤਸਰ ਜ਼ਿਲ੍ਹਾ ਪ੍ਰਧਾਨ ਅਤੇ ਮਾਝਾ ਜ਼ੋਨ ਦੇ ਇੰਚਾਰਜ ਵਜੋਂ ਸੇਵਾਵਾਂ ਨਿਭਾ ਰਹੇ ਸਨ, ਹੁਣ ਉਨ੍ਹਾਂ ਦੀ ਟਰੱਸਟ ਦੇ ਸੇਵਾ ਕਾਰਜਾਂ ਪ੍ਰਤੀ ਲਗਨ ਅਤੇ ਦ੍ਰਿੜ੍ਹਤਾ ਨੂੰ ਵੇਖਦਿਆਂ ਹੋਇਆਂ ਉਨ੍ਹਾਂ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸੂਬਾ ਪ੍ਰਧਾਨ ਦੀ ਵੱਡੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਹੈ। ਡਾ. ਓਬਰਾਏ ਨੇ ਦੱਸਿਆ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਸੁਖਜਿੰਦਰ ਸਿੰਘ ਹੇਰ ਆਪਣੀ ਇਹ ਜ਼ਿੰਮੇਵਾਰੀ ਪੂਰੀ ਸ਼ਿੱਦਤ ਤੇ ਤਨਦੇਹੀ ਨਾਲ ਨਿਭਾਉਣਗੇ।



ਸੁਖਜਿੰਦਰ ਸਿੰਘ ਹੇਰ ਨੂੰ ਨਵੀਂ ਜ਼ਿੰਮੇਵਾਰੀ ਸੌਂਪਣ ਮੌਕੇ ਸਨਮਾਨਿਤ ਕਰਦੇ ਹੋਏ ਸੁਖਦੀਪ ਸਿੰਘ ਸਿੱਧੂ, ਮਨਪ੍ਰੀਤ ਸਿੰਘ ਸੰਧੂ ਤੇ ਹੋਰ ਅਹੁਦੇਦਾਰ।

ਡਾ. ਓਬਰਾਏ ਦੇ ਆਦੇਸ਼ਾਂ ਨੂੰ ਅਮਲੀ ਰੂਪ ਦਿੰਦਿਆਂ ਟਰੱਸਟ ਦੇ ਮਾਝਾ ਜ਼ੋਨ ਦੇ ਸਲਾਹਕਾਰ ਸੁਖਦੀਪ ਸਿੰਘ ਸਿੱਧੂ, ਜਗਦੇਵ ਸਿੰਘ ਛੀਨਾ, ਮਨਪ੍ਰੀਤ ਸਿੰਘ ਸੰਧੂ, ਸ਼ਿਸ਼ਪਾਲ ਸਿੰਘ ਲਾਡੀ, ਅਮਰਜੀਤ ਸਿੰਘ ਸੰਧੂ ਅਤੇ ਮਨਪ੍ਰੀਤ ਸਿੰਘ ਕੰਬੋਜ ਨੇ ਸੁਖਜਿੰਦਰ ਸਿੰਘ ਹੇਰ ਨੂੰ ਡਾ. ਓਬਰਾਏ ਵੱਲੋਂ ਭੇਜੇ ਸਨਮਾਨ ਚਿੰਨ ਸੌਂਪੇ। ਇਸ ਮੌਕੇ 'ਤੇ ਸੁਖਜਿੰਦਰ ਹੇਰ ਨੇ ਡਾ. ਓਬਰਾਏ ਵੱਲੋਂ ਸੌਂਪੀ ਜ਼ਿੰਮੇਵਾਰੀ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹ ਡਾ. ਓਬਰਾਏ, ਟਰੱਸਟ ਦੇ ਮੈਂਬਰਾਂ ਤੇ ਲੋੜਵੰਦਾਂ ਦੀਆਂ ਆਸਾਂ 'ਤੇ ਪੂਰਾ ਉਤਰਨ ਦਾ ਹਰ ਸੰਭਵ ਯਤਨ ਕਰਨਗੇ।

# 'ਆਪ' ਵਿਧਾਇਕ ਗੋਲਡੀ ਕੰਬੋਜ ਦੇ ਪਿਤਾ ਬਸਪਾ ਵੱਲੋਂ ਫਿਰੋਜ਼ਪੁਰ ਤੋਂ ਲੜਣਗੇ ਚੋਣ



**ਫਿਰੋਜ਼ਪੁਰ, (ਪੰਜਾਬ ਮੇਲ)-** ਜਲਾਲਾਬਾਦ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਜਗਦੀਪ ਸਿੰਘ ਗੋਲਡੀ ਕੰਬੋਜ ਦੇ ਪਿਤਾ ਸੁਰਿੰਦਰ ਕੰਬੋਜ ਕੁੱਝ ਦਿਨ ਪਹਿਲਾਂ ਬਹੁਜਨ ਸਮਾਜ ਪਾਰਟੀ 'ਚ ਸ਼ਾਮਲ ਹੋਏ ਸਨ। ਪਾਰਟੀ ਵੱਲੋਂ ਉਨ੍ਹਾਂ ਨੂੰ ਫਿਰੋਜ਼ਪੁਰ ਤੋਂ ਉਮੀਦਵਾਰ ਐਲਾਨਿਆ ਗਿਆ ਹੈ। ਬਸਪਾ ਦੇ ਕੇਂਦਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਣੀਵਾਲ ਤੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਇਹ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਜਲਦੀ ਹੀ ਸਾਰੀਆਂ ਸੀਟਾਂ 'ਤੇ ਉਮੀਦਵਾਰ ਐਲਾਨ ਕਰ ਦਿੱਤੇ ਜਾਣਗੇ। ਰਣਧੀਰ ਸਿੰਘ ਬੈਣੀਵਾਲ ਨੇ ਕਿਹਾ ਕਿ ਜਲਦ ਹੀ ਪੰਜਾਬ ਦੀਆਂ ਬਾਕੀ ਸੀਟਾਂ 'ਤੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਸਾਰੇ ਉਮੀਦਵਾਰਾਂ ਦੇ ਪੈਨਲ 'ਤੇ ਆਖਰੀ ਫ਼ੈਸਲਾ ਬਸਪਾ ਦੀ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਵਲੋਂ ਲਿਆ ਜਾਵੇਗਾ।

ਬਸਪਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਰਾਜਨੀਤਿਕ ਪਿਛੋਕੜ ਨਾਲ ਸਬੰਧਤ ਸੁਰਿੰਦਰ ਕੰਬੋਜ ਖੁਦ ਸਮਾਜਿਕ ਅਤੇ ਰਾਜਨੀਤਿਕ ਖੇਤਰ ਨਾਲ ਜੁੜੇ ਹੋਏ ਹਨ। ਉਨ੍ਹਾਂ ਦਾ ਬੇਟਾ ਜਗਦੀਪ ਗੋਲਡੀ ਕੰਬੋਜ ਜਲਾਲਾਬਾਦ ਵਿਧਾਨ ਸਭਾ ਤੋਂ ਆਮ ਆਦਮੀ ਪਾਰਟੀ ਦਾ ਮੌਜੂਦਾ ਵਿਧਾਇਕ ਹੈ। ਪੰਜਾਬ ਇੰਚਾਰਜ ਅਜੀਤ ਸਿੰਘ ਭੈਣੀ ਤੇ ਵਿਧਾਇਕ ਡਾ. ਨਛੱਤਰ ਪਾਲ ਨੇ ਕਿਹਾ ਕਿ ਪੰਜਾਬ ਸਰਕਾਰ ਤੋਂ ਵਿਧਾਇਕ ਦੇ ਪਿਤਾ ਦਾ ਮੋਹ ਭੰਗ ਹੋ ਚੁੱਕਾ ਹੈ, ਆਮ ਲੋਕਾਂ ਦਾ ਕੀ ਹਾਲ ਹੋਵੇਗਾ, ਇਹ ਲੋਕ ਸਭਾ ਚੋਣਾਂ ਦੇ ਨਤੀਜਿਆਂ 'ਚ ਸਪੱਸ਼ਟ ਹੋ ਜਾਵੇਗਾ।

# ਕਾਂਗਰਸ ਵੱਲੋਂ ਲੋਕ ਸਭਾ ਚੋਣਾਂ ਲਈ ਮੈਨੀਫੈਸਟੋ 'ਨਿਆਏ ਪੱਤਰ' ਜਾਰੀ

**ਨਵੀਂ ਦਿੱਲੀ, (ਪੰਜਾਬ ਮੇਲ)-** ਕਾਂਗਰਸ ਨੇ ਲੋਕ ਸਭਾ ਚੋਣਾਂ ਲਈ ਆਪਣਾ ਮੈਨੀਫੈਸਟੋ ਜਾਰੀ ਕੀਤਾ, ਜੋ ਪੰਜ 'ਨਿਆਂ' ਅਤੇ 25 'ਗਾਰੰਟੀਆਂ' 'ਤੇ ਆਧਾਰਿਤ ਹੈ। ਪਾਰਟੀ ਨੇ ਇਸ ਦਾ ਨਾਂ 'ਨਿਆਏ ਪੱਤਰ' ਰੱਖਿਆ ਹੈ। ਇਹ ਚੋਣ ਮਨੋਰਥ ਪੱਤਰ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ, ਸਾਬਕਾ ਪ੍ਰਧਾਨ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੀ ਮੌਜੂਦਗੀ ਵਿਚ ਕਾਂਗਰਸ ਦੇ ਮੁੱਖ ਦਫ਼ਤਰ ਵਿਚ ਜਾਰੀ ਕੀਤਾ ਗਿਆ। ਇਸ ਮੌਕੇ ਕਾਂਗਰਸ ਸੰਗਠਨ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ, ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ, ਪਾਰਟੀ ਮੈਨੀਫੈਸਟੋ ਕਮੇਟੀ ਦੇ ਮੁਖੀ ਤੇ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਸਮੇਤ ਕਈ ਹੋਰ ਸੀਨੀਅਰ ਆਗੂ ਮੌਜੂਦ ਸਨ। ਇਸ ਵਿਚ ਲੋਕਾਂ ਨੂੰ ਧਰਮ, ਭਾਸ਼ਾ, ਜਾਤ ਤੋਂ ਉਪਰ ਉੱਠ ਕੇ ਸਮਝਦਾਰੀ ਨਾਲ ਚੋਣ ਕਰਨ ਅਤੇ ਲੋਕਤੰਤਰੀ ਸਰਕਾਰ ਬਣਾਉਣ ਦੀ ਅਪੀਲ ਕੀਤੀ। ਕਾਂਗਰਸ ਦੇਸ਼ ਵਿਆਪੀ ਸਮਾਜਿਕ-ਆਰਥਿਕ ਅਤੇ ਜਾਤੀ ਜਨਗਣਨਾ ਕਰਵਾਉਣ ਦਾ ਵਾਅਦਾ ਕੀਤਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਕਾਂਗਰਸ ਗਾਰੰਟੀ ਦਿੰਦੀ ਹੈ ਕਿ ਉਹ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਲਈ ਰਾਖਵੇਂਕਰਨ ਦੀ ਹੱਦ 50 ਫੀਸਦੀ ਤੋਂ ਵਧਾਉਣ ਲਈ ਸੰਵਿਧਾਨਕ ਸੋਧ ਪਾਸ ਕਰੇਗੀ। ਇਸ ਵਿਚ ਵਾਅਦਾ ਕੀਤਾ ਗਿਆ ਹੈ ਕਿ ਆਰਥਿਕ ਤੌਰ 'ਤੇ ਕਮਜ਼ੋਰ ਵਰਗ (ਈ.ਡਬਲਯੂ.ਐੱਸ.) ਲਈ ਨੌਕਰੀਆਂ, ਵਿਦਿਅਕ ਸੰਸਥਾਵਾਂ ਵਿਚ 10 ਪ੍ਰਤੀਸ਼ਤ ਕੋਟਾ ਸਾਰੀਆਂ ਜਾਤਾਂ, ਭਾਈਚਾਰਿਆਂ ਲਈ ਬਿਨਾਂ ਕਿਸੇ ਭੇਦਭਾਵ ਦੇ ਲਾਗੂ ਕੀਤਾ ਜਾਵੇਗਾ।


ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

**MATRIMONIAL**

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

**ਕੰਨਿਆ ਦੀ ਲੋੜ**

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

**ਕੰਨਿਆ ਦੀ ਲੋੜ**

ਅਮਰੀਕਨ ਨਾਗਰਿਕ ਸਿੱਖ ਮੁੰਡਾ, ਜਨਮ 1984, 5'-10", ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

**MATRIMONIAL**

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

**MATRIMONIAL**

Lovepreet Singh Gill, 26 yrs old, 5'11". US citizen, own small trucking company, living in Sacramento CA

**MATRIMONIAL**

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

**MATRIMONIAL**

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

**MATRIMONIAL**

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਅਮਰੀਕਾ ਦੀ ਰਾਈਟ ਸਟੇਟ ਯੂਨੀਵਰਸਿਟੀ 'ਚ ਮਨਾਇਆ ਨਵਾਂ ਸਾਲ ਅਤੇ ਵਿਸਾਖੀ; ਸਜਾਈਆਂ ਦਸਤਾਰਾਂ





ਫੋਟੋਆਂ: ਅਕਾਸ਼ ਪਮਾਰਥੀ

**ਡੇਟਨ, (ਸਮੀਪ ਸਿੰਘ ਗੁਮਟਾਲਾ/ਪੰਜਾਬ ਮੇਲ)**- ਅਮਰੀਕਾ ਦੇ ਸੂਬੇ ਓਹਾਇਓ ਦੇ ਵਿਸ਼ਵ ਪ੍ਰਸਿੱਧ ਸ਼ਹਿਰ ਡੇਟਨ ਸਥਿਤ ਰਾਈਟ ਸਟੇਟ ਯੂਨੀਵਰਸਿਟੀ ਦੀ ਸਿੱਖ ਸਟੂਡੈਂਟਸ ਐਸੋਸੀਏਸ਼ਨ ਵੱਲੋਂ ਸਿੱਖਾਂ ਦੇ ਨਵੇਂ ਸਾਲ, ਖਾਲਸਾ ਸਾਜਨਾ ਦਿਵਸ ਅਤੇ ਵਾਢੀ ਦੇ ਤਿਉਹਾਰ ਵਿਸਾਖੀ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ "ਸਿੱਖ ਨਿਊ ਯੀਅਰ ਐਂਡ ਹਾਰਵੈਸਟ ਫੈਸਟੀਵਲ - ਵਿਸਾਖੀ" ਆਯੋਜਿਤ ਕੀਤਾ ਗਿਆ। ਇਸ ਦੇ ਆਯੋਜਨ ਵਿਚ ਯੂਨੀਵਰਸਿਟੀ ਦੇ ਸਾਬਕਾ ਸਿੱਖ ਵਿਦਿਆਰਥੀਆਂ, ਸਿੱਖ ਸੋਸਾਇਟੀ ਆਫ ਡੇਟਨ ਅਤੇ ਸਿਨਸਿਨਾਟੀ ਦੇ ਸਿੱਖ ਭਾਈਚਾਰੇ ਨੇ ਸਹਿਯੋਗ ਕੀਤਾ ਅਤੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ।

ਯੂਨੀਵਰਸਿਟੀ ਦੇ ਇੰਜੀਨੀਅਰਿੰਗ ਵਿਭਾਗ ਦੇ ਪ੍ਰੋਫੈਸਰ ਅਤੇ ਸਿੱਖ ਸਟੂਡੈਂਟ ਐਸੋਸੀਏਸ਼ਨ ਦੇ ਸਲਾਹਕਾਰ ਡਾ. ਕੁਲਦੀਪ ਸਿੰਘ ਰਤਨ ਨੇ ਮਹਿਮਾਨਾਂ ਦਾ ਉਦਘਾਟਨੀ ਭਾਸ਼ਨ ਨਾਲ ਨਿੱਘਾ ਸੁਆਗਤ ਕੀਤਾ ਅਤੇ ਯੂਨੀਵਰਸਿਟੀ ਵਿਚ ਸੱਭਿਆਚਾਰਕ ਜਾਗਰੂਕਤਾ ਅਤੇ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਇਸ ਸਮਾਗਮ ਦੇ ਆਯੋਜਨ ਲਈ ਪ੍ਰਧਾਨ ਹਰਸ਼ਦੀਪ ਸਿੰਘ ਦੀ ਅਗਵਾਈ ਵਿਚ ਐਸੋਸੀਏਸ਼ਨ ਦੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਉਨ੍ਹਾਂ ਦੱਸਿਆ ਕਿ ਸਿੱਖ ਕੈਲੰਡਰ 'ਚ ਨਵੇਂ ਸਾਲ ਦੀ ਸ਼ੁਰੂਆਤ 14 ਮਾਰਚ ਨੂੰ ਚੇਤ ਮਹੀਨੇ ਨਾਲ ਹੋਈ। ਇਸੇ ਤਰ੍ਹਾਂ ਸਿੱਖ ਕੈਲੰਡਰ ਦੇ ਸਭ ਤੋਂ ਮਹੱਤਵਪੂਰਨ ਦਿਨਾਂ ਵਿਚੋਂ ਵਿਸਾਖੀ, ਦੂਜੇ ਮਹੀਨੇ ਵੈਸਾਖ ਦੇ ਪਹਿਲੇ ਦਿਨ (13 ਅਪ੍ਰੈਲ, 2024) ਨੂੰ ਮਨਾਇਆ ਜਾਵੇਗੀ। ਇਹ ਪੰਜਾਬ ਵਿਚ ਵਾਢੀ ਦਾ ਤਿਉਹਾਰ ਹੈ ਅਤੇ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਕੀਤੀ ਸੀ।

ਸਮਾਗਮ ਦੇ ਮੁੱਖ ਬੁਲਾਰੇ ਯੂਨੀਵਰਸਿਟੀ ਵਿਚ ਧਰਮ ਦੇ ਵਿਸ਼ੇ ਦੇ ਪ੍ਰੋਫੈਸਰ ਡਾ. ਵੈਲਰੀ ਸਟੋਕਰ ਨੇ ਸਿੱਖ ਧਰਮ, ਇਤਿਹਾਸ ਅਤੇ ਵਿਸਾਖੀ ਦੀ ਮਹੱਤਤਾ ਬਾਰੇ ਗਿਆਨ ਭਰਪੂਰ ਜਾਣਕਾਰੀ ਦਿੱਤੀ, ਜਿਸ ਵਿਚ ਗੁਰੂ ਗ੍ਰੰਥ ਸਾਹਿਬ, ਗੁਰਦੁਆਰਾ, ਗੁਰਬਾਣੀ ਕੀਰਤਨ, ਖਾਲਸੇ ਦੀ ਸਾਜਨਾ, ਪੰਜ ਪਿਆਰੇ, ਕਕਾਰ ਅਤੇ ਲੰਗਰ ਵਰਗੇ ਵਿਸ਼ੇ ਸ਼ਾਮਲ ਸਨ। ਉਨ੍ਹਾਂ ਮੋਂਟਰੀਅਲ ਕੈਨੇਡਾ ਦੇ ਗੁਰਦੁਆਰੇ ਵਿਚ ਲੰਗਰ ਛਕਣ ਦਾ ਆਪਣਾ ਨਿੱਜੀ ਤਜ਼ਰਬਾ ਸਾਂਝਾ ਕਰਦੇ ਹੋਏ ਸਿੱਖ ਜੀਵਨ ਢੰਗ ਵਿਚ ਸਮਾਨਤਾ ਅਤੇ ਸੇਵਾ ਦੇ ਮਹੱਤਵ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਸਿੱਖਾਂ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਸਣੇ ਦੁਨੀਆਂ ਭਰ 'ਚ ਮੁਫਤ ਭੋਜਨ (ਲੰਗਰ) ਦੀ ਸੇਵਾ ਕਰਕੇ ਹਰ ਰੋਜ਼ ਲੱਖਾਂ ਲੋਕਾਂ ਨੂੰ ਖਾਣਾ ਖਵਾਇਆ ਜਾ ਰਿਹਾ ਹੈ।

ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਸਮੀਪ ਸਿੰਘ ਗੁਮਟਾਲਾ ਅਨੁਸਾਰ ਅਮਰੀਕਾ ਵਿਚ 11 ਸਤੰਬਰ (9/11) ਦੇ ਹਮਲਿਆਂ ਤੋਂ ਬਾਦ ਇਹ ਸਮਾਗਮ ਪਹਿਲੀ ਵਾਰ ਅਪ੍ਰੈਲ 2003 ਵਿਚ ਯੂਨੀਵਰਸਿਟੀ ਵਿਖੇ ਆਯੋਜਿਤ ਕੀਤਾ ਗਿਆ ਸੀ। ਅਜਿਹੇ ਸਮਾਗਮਾਂ ਦਾ ਉਦੇਸ਼ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰਨਾਂ ਆਏ ਹੋਏ ਮਹਿਮਾਨਾਂ ਨੂੰ ਸਿੱਖਾਂ ਅਤੇ ਇਨ੍ਹਾਂ ਦੀ ਵੱਖਰੀ ਪਛਾਣ ਬਾਰੇ ਜਾਗਰੂਕ ਕਰਨ ਸਣੇ ਸਿੱਖਾਂ ਦੇ ਗੌਰਵਮਈ ਵਿਰਸੇ ਤੋਂ ਜਾਣੂ ਕਰਾਉਣਾ ਹੈ। ਯੂਨੀਵਰਸਿਟੀ ਦੇ ਵਿਦਿਆਰਥੀ ਹਰਸ਼ਦੀਪ ਸਿੰਘ, ਜੈਸਮੀਨ ਕੌਰ, ਗੁਰਲੀਨ ਕੌਰ, ਹਰਸੀਰਤ ਕੌਰ, ਗਗਨ ਕੌਰ ਅਤੇ ਹਿਮਾਨੀ ਨਾਰੰਗ ਨੇ ਹਰਿਮੰਦਰ ਸਾਹਿਬ, ਕੇਸ਼ ਦੀ ਮਹੱਤਤਾ ਅਤੇ ਸਿੱਖ ਕੈਲੰਡਰ ਅਤੇ ਸਿੱਖ ਧਰਮ ਸੰਬੰਧੀ ਵੱਖ-ਵੱਖ ਵਿਸ਼ਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ, ਸਿੱਖ ਇਤਿਹਾਸ, ਸਿੱਖ ਸਮਾਜ ਵਿਚ ਔਰਤ ਦਾ ਸਥਾਨ, ਸੇਵਾ ਦਾ ਸੰਕਲਪ, ਭਾਰਤ ਦੀ ਆਜ਼ਾਦੀ, ਵਿਸ਼ਵ ਜੰਗਾਂ ਤੇ ਅਮਰੀਕਾ ਦੀ ਫੌਜ 'ਚ ਸਿੱਖਾਂ ਦਾ ਯੋਗਦਾਨ ਅਤੇ ਵਿਆਹ ਤੇ ਤਿਉਹਾਰਾਂ ਨੂੰ ਦਰਸਾਉਂਦੀ ਹੋਈ ਇਕ ਪ੍ਰਦਰਸ਼ਨੀ ਲਗਾਈ ਗਈ। ਇਸ ਵਿਚ ਤਸਵੀਰਾਂ ਤੇ ਪੋਸਟਰਾਂ ਤੋਂ ਇਲਾਵਾ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਸੰਬੰਧਤ ਪੁਸਤਕਾਂ, ਕੜੇ, ਹਰਮੋਨੀਅਮ, ਦਿਲਰੂਬਾ, ਰਬਾਬ ਅਤੇ ਤਬਲੇ ਸਣੇ ਸੰਗੀਤ ਦੇ ਸਾਜ਼ ਵੀ ਪ੍ਰਦਰਸ਼ਿਤ ਕੀਤੇ ਗਏ।

ਸਮਾਗਮ ਦਾ ਇੱਕ ਹੋਰ ਮੁੱਖ ਆਕਰਸ਼ਨ ਅਮਰੀਕਾ ਸਣੇ ਦੁਨੀਆਂ ਭਰ ਤੋਂ ਯੂਨੀਵਰਸਿਟੀ ਵਿਚ ਪੜ੍ਹਨ ਆਏ ਵਿਦਿਆਰਥੀਆਂ ਅਤੇ ਹੋਰ ਮਹਿਮਾਨਾਂ ਲਈ ਤਜ਼ਰਬੇਕਾਰ ਵਲੰਟੀਅਰਾਂ ਦੀ ਅਗਵਾਈ ਵਿਚ ਦਸਤਾਰ ਸਜਾਉਣ ਦਾ ਸੈਸ਼ਨ ਸੀ। ਵੱਡੀ ਗਿਣਤੀ ਵਿਚ ਮਹਿਮਾਨਾਂ ਨੇ ਦਸਤਾਰ ਬੰਨ੍ਹਣ ਦਾ ਅਨੁਭਵ ਕੀਤਾ। ਉਨ੍ਹਾਂ ਨੂੰ ਸਿੱਖ ਵਿਦਿਆਰਥੀਆਂ ਅਤੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕਰਨ ਦਾ ਮੌਕਾ ਵੀ ਮਿਲਿਆ। ਉਨ੍ਹਾਂ ਇਸ ਦੀ ਮਹੱਤਤਾ, ਵੱਖ-ਵੱਖ ਰੰਗਾਂ ਅਤੇ ਦਸਤਾਰ ਬੰਨ੍ਹਣ ਦੇ ਵੱਖ-ਵੱਖ ਸਟਾਈਲ ਆਦਿ ਬਾਰੇ ਕਈ ਦਿਲਚਸਪ ਸਵਾਲ ਵੀ ਪੁੱਛੇ।

ਵਾਢੀ ਤੇ ਤਿਉਹਾਰ ਵੇਲੇ ਮਨਾਈ ਜਾਂਦੀ ਖ਼ੁਸ਼ੀ ਨਾਲ ਸੰਬੰਧਤ ਪੰਜਾਬੀ ਲੋਕ ਨਾਚ ਗਿੱਧਾ ਸਮਾਪਤੀ ਤੇ ਵਿਦਿਆਰਥਣਾਂ ਦੁਆਰਾ ਪੇਸ਼ ਕੀਤਾ ਗਿਆ। 250 ਤੋਂ ਵੱਧ ਮਹਿਮਾਨਾਂ ਨੇ ਜੀਤ ਇੰਡੀਆ ਰੈਸਟੋਰੈਂਟ ਦੇ ਖਾਣੇ (ਸਮੋਸੇ, ਗੁਲਾਬ ਜਾਮੁਨ, ਛੋਲੇ, ਨਾਨ ਅਤੇ ਚੌਲ) ਦਾ ਅਨੰਦ ਮਾਣਿਆ। ਰਾਈਟ ਸਟੇਟ ਵਿਖੇ ਸਿੱਖ ਨਵੇਂ ਸਾਲ ਅਤੇ ਵਿਸਾਖੀ ਸੰਬੰਧੀ ਆਯੋਜਿਤ ਇਸ ਵਿਸ਼ੇਸ਼ ਪ੍ਰੋਗਾਰਮ ਨੇ ਸੱਭਿਆਚਾਰਕ ਸਮਝ ਨੂੰ ਉਤਸ਼ਾਹਿਤ ਕਰਦੇ ਹੋਏ ਵਿਭਿੰਨਤਾ ਵਿਚ ਏਕਤਾ ਦੀ ਭਾਵਨਾ ਦੀ ਮਿਸਾਲ ਦਿੱਤੀ। ਵੱਖ-ਵੱਖ ਮੁਲਕਾਂ ਅਤੇ ਸੱਭਿਆਚਾਰਾਂ ਤੋਂ ਆਏ ਮਹਿਮਾਨ ਆਪਣੇ ਨਾਲ ਸਿੱਖ ਪਰੰਪਰਾਵਾਂ ਦੀ ਡੂੰਘੀ ਸਮਝ ਲੈ ਕੇ ਗਏ।

# ਵਿਸਾਲੀਆ ਸੀਨੀਅਰ ਗੇਮਾਂ 'ਚ ਪੰਜਾਬੀ ਚੋਬਰਾਂ ਨੇ ਜਿੱਤੇ 26 ਮੈਡਲ



ਫਰਿਜ਼ਨੋ, (ਪੰਜਾਬ ਮੇਲ)- ਵਿਸਾਲੀਆ ਸੀਨੀਅਰਜ਼ ਗੇਮਜ਼ ਟ੍ਰੈਕ ਅਤੇ ਫੀਲਡ ਮੁਕਾਬਲਾ 6 ਅਪ੍ਰੈਲ, 2024 ਨੂੰ ਵਿਸਾਲੀਆ, ਕੈਲੀਫੋਰਨੀਆ ਵਿਚ ਮਾਊਂਟ ਵਿਟਨੀ ਹਾਈ ਸਕੂਲ ਸਟੇਡੀਅਮ ਵਿਚ ਹੋਇਆ। ਇਸ ਮੁਕਾਬਲੇ ਵਿਚ ਕੈਲੀਫੋਰਨੀਆ ਦੇ ਕਰੀਬ 100 ਪੁਰਸ਼ ਅਤੇ ਮਹਿਲਾ ਐਥਲੀਟਾਂ ਨੇ ਭਾਗ ਲਿਆ।

ਇਸ ਟਰੈਕ ਐਂਡ ਫੀਲਡ ਮੀਟ ਵਿਚ ਸੈਂਟਰਲ ਵੈਲੀ ਏਰੀਆ ਤੋਂ ਪੰਜਾਬੀ ਭਾਈਚਾਰੇ ਦੇ 10 ਐਥਲੀਟਾਂ ਨੇ ਹਿੱਸਾ ਲਿਆ। 10 ਪੰਜਾਬੀ ਐਥਲੀਟਾਂ ਨੇ ਆਪੋ-ਆਪਣੇ ਮੁਕਾਬਲਿਆਂ ਵਿਚ 18 ਗੋਲਡ ਮੈਡਲ, 6 ਚਾਂਦੀ ਦੇ ਤਗਮੇ ਅਤੇ 2 ਕਾਂਸੀ ਦੇ ਤਗਮੇ ਜਿੱਤੇ ਅਤੇ ਕੁੱਲ 26 ਤਗਮੇ ਆਪਣੇ ਨਾਮ ਕੀਤੇ।

ਥਰੋਇੰਗ ਈਵੈਂਟਸ ਵਿਚ ਗੁਰਬਖਸ਼ ਸਿੰਘ ਸਿੱਧੂ ਨੇ ਸ਼ਾਟ ਪੁਟ ਅਤੇ ਡਿਸਕਸ਼ ਥ੍ਰੋ ਵਿਚ 2 ਚਾਂਦੀ ਦੇ ਤਗਮੇ ਜਿੱਤੇ। ਰਣਧੀਰ ਸਿੰਘ ਵਿਰਕ ਨੇ ਸ਼ਾਟ ਪੁਟ ਅਤੇ ਡਿਸਕਸ਼ ਥਰੋਅ ਵਿਚ 2 ਸੋਨ ਤਗਮੇ ਜਿੱਤੇ। ਮਿਸਟਰ ਵਿਰਕ ਪਹਿਲਾਂ ਰੀਨੋ, ਨੇਵਾਡਾ ਵਿਖੇ ਰਹਿ ਰਹੇ ਸਨ ਅਤੇ ਇਸ ਸਮੇਂ ਫਰਿਜ਼ਨੋ, ਕੈਲੀਫੋਰਨੀਆ ਵਿਚ ਰਹਿ ਰਹੇ ਹਨ। ਸੁਖਦੇਵ ਸਿੰਘ ਸਿੱਧੂ ਨੇ ਸ਼ਾਟ ਪੁਟ ਅਤੇ ਡਿਸਕਸ਼ ਥਰੋਅ ਵਿਚ 2 ਸੋਨ ਤਗਮੇ ਜਿੱਤੇ। ਫੌਲਰ ਦੇ ਰਾਜ ਬਰਾੜ ਨੇ ਸ਼ਾਟ ਪੁਟ ਅਤੇ ਡਿਸਕਸ਼ ਥਰੋਅ ਵਿਚ 2 ਸੋਨ ਤਗਮੇ ਜਿੱਤੇ। ਰਾਜ ਬਰਾੜ ਜੀ ਮਰਹੂਮ ਜਮਲਾ ਜੱਟ ਜੀ ਦੇ ਵੀ ਸ਼ਗਿਰਦ ਰਹੇ ਹਨ। ਪਵਿੱਤਰ ਸਿੰਘ ਕਲੇਰ ਨੇ ਸ਼ਾਟ ਪੁਟ ਵਿਚ 2 ਅਤੇ ਡਿਸਕਸ਼ ਥਰੋਅ ਵਿਚ ਗੋਲਡ ਮੈਡਲ ਜਿੱਤੇ। ਚਰਨ ਸਿੰਘ ਗਿੱਲ ਨੇ ਡਿਸਕਸ਼ ਥਰੋਅ ਵਿਚ ਕਾਂਸੀ ਦਾ ਤਗਮਾ ਅਤੇ ਸ਼ਾਟ ਪੁਟ ਵਿਚ ਚੌਥਾ ਸਥਾਨ ਹਾਸਲ ਕੀਤਾ।

ਜੰਪ ਮੁਕਾਬਲਿਆਂ ਵਿਚ ਸੁਖਨੈਨ ਸਿੰਘ ਨੇ ਲੰਬੀ ਛਾਲ ਵਿਚ ਗੋਲਡ ਮੈਡਲ ਅਤੇ ਟ੍ਰਿਪਲ ਜੰਪ ਵਿਚ ਵੀ ਗੋਲਡ ਮੈਡਲ ਜਿੱਤਿਆ।

ਦੌੜ ਦੇ ਮੁਕਾਬਲਿਆਂ ਵਿਚ, ਕਾਮਜੀਤ ਬੈਨੀਪਾਲ ਨੇ 400 ਮੀਟਰ ਅਤੇ 800 ਮੀਟਰ ਦੌੜ ਵਿਚ 2 ਚਾਂਦੀ ਦੇ ਤਗਮੇ , ਹਰਦੀਪ ਸਿੰਘ ਸੰਘੇੜਾ ਨੇ 400 ਮੀਟਰ ਦੌੜ ਵਿਚ 1 ਸੋਨ ਤਗਮਾ ਅਤੇ 200 ਮੀਟਰ ਦੌੜ ਵਿਚ 1 ਚਾਂਦੀ ਦਾ ਤਗਮਾ ਜਿੱਤਿਆ।

1600 ਮੀਟਰ ਦੌੜ/ਵਾਕ ਈਵੈਂਟ ਵਿਚ ਫਰਿਜ਼ਨੋ ਦੇ ਕਰਮ ਸਿੰਘ ਸੰਘਾ ਨੇ ਗੋਲਡ ਮੈਡਲ ਜਿੱਤਿਆ। ਚਰਨ ਸਿੰਘ ਗਿੱਲ ਨੇ 1600 ਮੀਟਰ ਦੌੜ/ਵਾਕ ਵਿਚ ਗੋਲਡ ਮੈਡਲ ਜਿੱਤਿਆ।


## ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



# ਫੈਰੀ ਡੁੱਬਣ ਕਾਰਨ 90 ਤੋਂ ਵੱਧ ਮੌਤਾਂ

**■ ਡੁੱਬਣ ਵਾਲਿਆਂ 'ਚ ਬਹੁਤੇ ਬੱਚੇ**



**ਹਰਾਰੇ, (ਪੰਜਾਬ ਮੇਲ)-** ਮੋਜ਼ੰਬੀਕ ਦੇ ਉੱਤਰੀ ਸਾਹਿਲ 'ਤੇ ਫੈਰੀ (ਬੇੜੀ) ਡੁੱਬਣ ਨਾਲ ਬੱਚਿਆਂ ਸਣੇ 90 ਤੋਂ ਵੱਧ ਲੋਕ ਮਾਰੇ ਗਏ। ਸਥਾਨਕ ਮੀਡੀਆ ਮੁਤਾਬਕ ਬੇੜੀ 'ਤੇ 130 ਲੋਕ ਸਵਾਰ ਸਨ ਤੇ ਡੁੱਬਣ ਵਾਲਿਆਂ ਵਿਚੋਂ ਬਹੁਤੇ ਬੱਚੇ ਹਨ। ਸਥਾਨਕ ਆਨਲਾਈਨ ਆਊਟਲੈੱਟ ਟੀ.ਵੀ. ਡਾਇਰੀਓ ਨਾਮਪੁਲਾ ਮੁਤਾਬਕ ਬੇੜੀ ਲੁੰਗਾ ਤੇ ਨਾਮਪੁਲਾ ਸੂਬੇ ਦੇ ਮੋਜ਼ੰਬੀਕ ਟਾਪੂ ਦਰਮਿਆਨ ਚੱਲ ਰਹੀ ਸੀ, ਜਦੋਂ ਇਹ ਡੁੱਬ ਗਈ। ਰਾਹਤ ਕਾਰਜ ਅੱਜ ਵੀ ਜਾਰੀ ਰਹੇ ਤੇ ਅਜੇ ਵੀ ਕਈ ਲੋਕ ਲਾਪਤਾ ਦੱਸੇ ਜਾਂਦੇ ਹਨ। ਰਿਪੋਰਟ ਵਿਚ ਕਿਹਾ ਗਿਆ ਕਿ ਬੇੜੀ ਸਵਾਰ ਕੁਝ ਲੋਕ ਇਕ ਮੇਲੇ 'ਚ ਸ਼ਾਮਲ ਹੋਣ ਲਈ ਜਾ ਰਹੇ ਸਨ, ਜਦੋਂਕਿ ਕੁਝ ਹੈਜ਼ੇ ਤੋਂ ਬਚਣ ਲਈ ਲੁੰਗਾ ਤੋਂ ਭੱਜ ਕੇ ਮੋਜ਼ੰਬੀਕ ਟਾਪੂ ਜਾਣ ਦੀ ਕੋਸ਼ਿਸ਼ ਵਿਚ ਸੀ। ਹਾਲੀਆ ਦਿਨਾਂ ਵਿਚ ਹੈਜ਼ੇ ਕਰਕੇ ਖਿੱਤੇ ਦੇ ਵੱਡੀ ਗਿਣਤੀ ਲੋਕ ਬਿਮਾਰ ਹਨ।" ਇਕ ਹੋਰ ਨਿਊਜ਼ ਰਿਪੋਰਟ ਮੁਤਾਬਕ ਹੈਜ਼ਾ ਫੈਲਣ ਦੇ ਡਰੋਂ ਲੋਕ ਦਹਿਸ਼ਤ ਵਿਚ ਸਨ, ਜਿਸ ਕਰਕੇ ਬੇੜੀ 'ਤੇ ਸਮਰੱਥਾ ਨਾਲੋਂ ਵੱਧ ਲੋਕ ਸਵਾਰ ਸਨ। ਇਸ ਬੇੜੀ ਨੂੰ ਆਮ ਕਰਕੇ ਮੱਛੀਆਂ ਫੜਨ ਲਈ ਵਰਤਿਆ ਜਾਂਦਾ ਸੀ। ਹਾਲੀਆ ਮਹੀਨਿਆਂ ਦੌਰਾਨ ਮੋਜ਼ੰਬੀਕ ਤੇ ਗੁਆਂਢੀ ਦੱਖਣ ਅਫ਼ਰੀਕੀ ਮੁਲਕਾਂ ਜ਼ਿੰਬਾਬਵੇ ਤੇ ਮਲਾਵੀ ਨੂੰ ਹੈਜ਼ੇ ਦੀ ਵੱਡੀ ਮਾਰ ਪਈ ਹੈ। ਮੋਜ਼ੰਬੀਕ ਦੇ ਕਈ ਇਲਾਕਿਆਂ ਵਿਚ ਸਿਰਫ਼ ਕਿਸ਼ਤੀਆਂ/ਬੇੜੀਆਂ ਰਾਹੀਂ ਹੀ ਪੁੱਜਿਆ ਜਾ ਸਕਦਾ ਹੈ। ਮੁਲਕ 'ਚ ਸੜਕਾਂ ਦੇ ਨੈੱਟਵਰਕ ਦਾ ਬਹੁਤ ਬੁਰਾ ਹਾਲ ਹੈ ਤੇ ਕੁਝ ਇਲਾਕਿਆਂ ਵਿਚ ਸੜਕੀ ਜਾਂ ਹਵਾਈ ਰਸਤੇ ਪੁੱਜਣਾ ਮੁਸ਼ਕਲ ਹੈ।

## ਅਫਗਾਨਿਸਤਾਨ ਦੀਆਂ ਜੇਲ੍ਹਾਂ 'ਚ ਕਰੀਬ 40 ਵਿਦੇਸ਼ੀ ਨਾਗਰਿਕ ਕੈਦ

**ਕਾਬੁਲ, (ਪੰਜਾਬ ਮੇਲ)-** ਅਫਗਾਨਿਸਤਾਨ ਦੀਆਂ ਜੇਲ੍ਹਾਂ ਵਿਚ ਇਸ ਸਮੇਂ ਤਕਰੀਬਨ 40 ਵਿਦੇਸ਼ੀ ਨਾਗਰਿਕ ਕੈਦ ਹਨ। ਸਥਾਨਕ ਮੀਡੀਆ ਨੇ ਇਹ ਜਾਣਕਾਰੀ ਦਿੱਤੀ। ਨਿਊਜ਼ ਚੈਨਲ 'ਟੋਲ ਨਿਊਜ਼' ਨੇ ਦੇਸ਼ ਦੇ ਜੇਲ੍ਹ ਪ੍ਰਸ਼ਾਸਨ ਦੇ ਦਫ਼ਤਰ ਦੇ ਉਪ ਮੁਖੀ ਹਬੀਬੁੱਲਾ ਬਦਰ ਦੇ ਹਵਾਲੇ ਨਾਲ ਕਿਹਾ, 'ਅਫ਼ਗਾਨਿਸਤਾਨ ਭਰ ਵਿਚ ਸਾਡੀ ਹਿਰਾਸਤ ਵਿਚ ਗੁਆਂਢੀ ਦੇਸ਼ਾਂ ਸਮੇਤ ਵੱਖ-ਵੱਖ ਦੇਸ਼ਾਂ ਤੋਂ ਵਿਦੇਸ਼ੀ ਕੈਦੀਆਂ ਦੀ ਗਿਣਤੀ 40 ਤੱਕ ਪਹੁੰਚ ਗਈ ਹੈ। ਜਿਨ੍ਹਾਂ ਖ਼ਿਲਾਫ਼ ਕਤਲ ਅਤੇ ਹੋਰ ਮਾਮਲਿਆਂ ਸਮੇਤ ਹੋਰ ਅਪਰਾਧਿਕ ਮਾਮਲੇ ਸ਼ਾਮਲ ਹਨ।" ਇਸ ਤੋਂ ਪਹਿਲਾਂ ਅਫਗਾਨਿਸਤਾਨ ਦੀ ਦੇਖਭਾਲ ਕਰਨ ਵਾਲੀ ਸਰਕਾਰ ਦੇ ਬੁਲਾਰੇ ਜ਼ਬੀਹੁੱਲ੍ਹਾ ਮੁਜਾਹਿਦ ਨੇ ਮਾਰਚ ਦੇ ਅਖੀਰ 'ਚ ਅਫਗਾਨਿਸਤਾਨ 'ਚ ਦੋ ਅਮਰੀਕੀ ਨਾਗਰਿਕਾਂ ਨੂੰ ਹਿਰਾਸਤ 'ਚ ਲਏ ਜਾਣ ਦੀ ਪੁਸ਼ਟੀ ਕੀਤੀ ਸੀ।

## ਬ੍ਰਾਜ਼ੀਲ ਸੁਪਰੀਮ ਕੋਰਟ 'ਚ ਐਲੋਨ ਮਸਕ ਵਿਰੁੱਧ ਲੱਗੇ ਗੰਭੀਰ ਦੋਸ਼ਾਂ ਦੀ ਜਾਂਚ ਸ਼ੁਰੂ



**ਰੀਓ ਡੀ ਜੇਨੇਰੀਓ, (ਪੰਜਾਬ ਮੇਲ)-** ਬ੍ਰਾਜ਼ੀਲ ਦੀ ਸੁਪਰੀਮ ਕੋਰਟ ਦੇ ਜੱਜ ਨੇ ਫਰਜ਼ੀ ਖ਼ਬਰਾਂ ਫੈਲਾਉਣ ਦੀ ਚੱਲ ਰਹੀ ਜਾਂਚ ਵਿੱਚ ਉੱਘੇ ਕਾਰੋਬਾਰੀ ਐਲੋਨ ਮਸਕ ਨੂੰ ਸ਼ਾਮਲ ਕੀਤਾ ਹੈ ਅਤੇ ਨਿਆਂ ਪ੍ਰਕਿਰਿਆ ਵਿਚ ਰੁਕਾਵਟ ਪਾਉਣ ਦੇ ਦੋਸ਼ਾਂ ਤਹਿਤ ਐਤਵਾਰ ਦੇਰ ਰਾਤ ਉਸ ਖ਼ਿਲਾਫ਼ ਇੱਕ ਵੱਖਰੀ ਜਾਂਚ ਸ਼ੁਰੂ ਕੀਤੀ ਹੈ। ਜਸਟਿਸ ਅਲੈਗਜ਼ੈਂਡਰ ਡੀ. ਮੋਰੇਸ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਮਸਕ ਨੇ ਸ਼ਨੀਵਾਰ ਨੂੰ ਸਿਖਰਲੀ ਅਦਾਲਤ ਦੀਆਂ ਕਾਰਵਾਈਆਂ ਦੇ ਸਬੰਧ ਵਿਚ ਇੱਕ ਜਨਤਕ "ਗਲਤ ਸੂਚਨਾ ਮੁਹਿੰਮ" ਸ਼ੁਰੂ ਕੀਤਾ, ਜਿਹੜਾ ਕਿ ਐਤਵਾਰ ਨੂੰ ਵੀ ਜਾਰੀ ਰਿਹਾ। ਜੱਜ ਨੇ ਇਹ ਟਿੱਪਣੀ ਖਾਸ ਤੌਰ 'ਤੇ ਮਸਕ ਦੇ ਬਿਆਨ 'ਤੇ ਕੀਤੀ ਹੈ ਕਿ ਉਸ ਦੀ ਸੋਸ਼ਲ ਮੀਡੀਆ ਕੰਪਨੀ 'ਐਕਸ' ਕੁਝ ਖਾਤਿਆਂ ਨੂੰ ਬਲਾਕ ਕਰਨ ਦੇ ਅਦਾਲਤੀ ਹੁਕਮਾਂ ਦੀ ਪਾਲਣਾ ਨਹੀਂ ਕਰ ਰਹੀ। ਡੀ. ਮੋਰੇਸ ਨੇ ਲਿਖਿਆ, "ਬ੍ਰਾਜ਼ੀਲ ਦੀ ਨਿਆਂ ਪ੍ਰਣਾਲੀ ਵਿਚ ਰੁਕਾਵਟ ਦਾ ਨਿੰਦਣਯੋਗ ਵਿਵਹਾਰ, ਅਪਰਾਧ ਲਈ ਉਕਸਾਉਣਾ, ਅਦਾਲਤੀ ਆਦੇਸ਼ਾਂ ਦੀ ਅਣਆਗਿਆਕਾਰੀ ਦੀਆਂ ਜਨਤਕ ਧਮਕੀਆਂ ਅਤੇ (ਸੋਸ਼ਲ ਮੀਡੀਆ) ਪਲੇਟਫਾਰਮ ਤੋਂ ਭਵਿੱਖ ਵਿਚ ਸਹਿਯੋਗ ਦੀ ਘਾਟ - ਇਹ ਉਹ ਤੱਥ ਹਨ, ਜੋ ਬ੍ਰਾਜ਼ੀਲ ਦੀ ਪ੍ਰਭੂਸੱਤਾ ਦਾ ਨਿਰਾਦਰ ਕਰਦੇ ਹਨ।"

ਸਫਾ 1 ਦਾ ਬਾਕੀ

## ਕੈਨੇਡਾ 'ਚ ਕਤਲ ਹੋਏ ਗੁਰਦੁਆਰੇ ਦੇ ਪ੍ਰਧਾਨ ਨੇ ਪਹਿਲਾਂ...

ਸਾਹਮਣੇ ਨਹੀਂ ਆਇਆ ਪਰ ਚੁੰਝ ਚਰਚਾਵਾਂ ਦਾ ਦੌਰ ਜਾਰੀ ਹੈ। ਦੱਸਿਆ ਜਾ ਰਿਹਾ ਹੈ ਕਿ ਜਿਸ ਗੁਰਦੁਆਰਾ ਸਾਹਿਬ ਦਾ ਗਿੱਲ ਪ੍ਰਧਾਨ ਸੀ, ਉਹ ਖਾਲਿਸਤਾਨੀ ਲਹਿਰ ਦੀਆਂ ਸੰਚਾਲਕ ਸੰਸਥਾਵਾਂ ਵਿਚ ਮੋਹਰੀ ਕਰਕੇ ਜਾਣਿਆ ਜਾਂਦਾ ਹੈ। ਸੂਤਰ ਇਹ ਵੀ ਦੱਸਦੇ ਹਨ ਕਿ ਮਰਹੂਮ ਗਿੱਲ ਨੇ ਇਸ ਤੋਂ ਪਹਿਲਾਂ 2-3 ਵਾਰ ਫਿਰੌਤੀਆਂ ਮੰਗੇ ਜਾਣ ਬਾਰੇ ਪੁਲਿਸ ਰਿਪੋਰਟ ਵੀ ਕੀਤੀ ਸੀ। ਪੁਲਿਸ ਨੇ ਮਾਮਲਾ ਆਪਣੇ ਹੱਥਾਂ ਵਿਚ ਲੈ ਕੇ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਐਡਮਿੰਟਨ ਦੇ ਕੁਝ ਹੋਰ ਬਿਲਡਰਾਂ ਨੂੰ ਫਿਰੌਤੀ ਦੀਆਂ ਧਮਕੀਆਂ ਮਿਲਦੀਆਂ ਰਹੀਆਂ ਹਨ ਅਤੇ ਸ਼ਹਿਰ ਵਿਚ ਨਵੇਂ ਬਣਨ ਵਾਲੇ ਕੁਝ ਘਰਾਂ ਨੂੰ ਅੱਗ ਦੇ ਹਵਾਲੇ ਕੀਤੇ ਜਾਣ ਦੀਆਂ ਘਟਨਾਵਾਂ ਵੀ ਵਾਪਰੀਆਂ ਹਨ।

ਸਫਾ 1 ਦਾ ਬਾਕੀ

## ਭਾਰਤ ਸਥਿਤ ਅਮਰੀਕੀ ਦੂਤਘਰ ਵੱਲੋਂ ਵੀਜ਼ਾ ਅਪੁਆਇੰਟਮੈਂਟ...

ਅਮਰੀਕਾ ਆਉਣ ਵਾਲੇ ਜ਼ਿਆਦਾਤਰ ਭਾਰਤੀ ਐੱਚ-1ਬੀ, ਐੱਲ-1 ਤੇ ਈ.ਬੀ.-5 ਵੀਜ਼ਾ ਦੀ ਵਰਤੋਂ ਕਰਦੇ ਹਨ। ਜੇਕਰ ਤੁਸੀਂ ਐੱਚ-1ਬੀ ਵੀਜ਼ਾ ਲਈ ਅਪਲਾਈ ਕਰਨਾ ਚਾਹੁੰਦੇ ਹੋ, ਤਾਂ ਇਸ ਲਈ ਫਾਰਮ ਆਈ-129 ਦੀ ਲੋੜ ਹੈ। ਇਸ ਦੀ ਪਹਿਲਾਂ ਫੀਸ 460 ਅਮਰੀਕੀ ਡਾਲਰ (ਲਗਭਗ 38,000 ਰੁਪਏ) ਹੈ, ਜੋ ਵੱਧ ਕੇ 780 ਅਮਰੀਕੀ ਡਾਲਰ (64,000 ਰੁਪਏ ਤੋਂ ਵੱਧ) ਹੋ ਗਈ ਹੈ। ਇਸ ਤੋਂ ਇਲਾਵਾ ਐੱਚ-1ਬੀ ਰਜਿਸਟ੍ਰੇਸ਼ਨ ਫੀਸ ਵੀ ਵੱਧ ਗਈ ਹੈ। ਇਹ ਪਹਿਲਾਂ 10 ਡਾਲਰ (ਲਗਭਗ 829 ਰੁਪਏ) ਸੀ, ਜੋ ਅਗਲੇ ਵਿੱਤੀ ਸਾਲ ਤੋਂ ਵੱਧ ਕੇ 215 ਡਾਲਰ (ਲਗਭਗ 17 ਹਜ਼ਾਰ ਰੁਪਏ) ਹੋ ਗਈ ਹੈ। ਐੱਲ-1 ਵੀਜ਼ਾ ਦੀ ਫੀਸ 460 ਅਮਰੀਕੀ ਡਾਲਰ (ਲਗਭਗ 38 ਹਜ਼ਾਰ ਰੁਪਏ) ਸੀ, ਜੋ 1 ਅਪ੍ਰੈਲ ਤੋਂ ਵੱਧ ਕੇ 1,385 ਅਮਰੀਕੀ ਡਾਲਰ (ਲਗਭਗ 1 ਲੱਖ 10 ਹਜ਼ਾਰ ਰੁਪਏ) ਹੋ ਗਈ ਹੈ।

**ਈ.ਬੀ.-5 ਵੀਜ਼ਾ ਦੀ ਫੀਸ ਹੁਣ 9 ਲੱਖ ਰੁਪਏ :** ਇਸੇ ਤਰ੍ਹਾਂ ਈ.ਬੀ.-5 ਵੀਜ਼ਾ ਨੂੰ ਨਿਵੇਸ਼ਕ ਵੀਜ਼ਾ ਵਜੋਂ ਵੀ ਜਾਣਿਆ ਜਾਂਦਾ ਹੈ। ਪਹਿਲਾਂ ਈ.ਬੀ.-5 ਲਈ 3,675 ਡਾਲਰ (ਲਗਭਗ 3 ਲੱਖ ਰੁਪਏ) ਦਾ ਭੁਗਤਾਨ ਕਰਨਾ ਪੈਂਦਾ ਸੀ। 1 ਅਪ੍ਰੈਲ ਤੋਂ ਇਹ ਵੱਧ ਕੇ 11,160 ਡਾਲਰ (ਲਗਭਗ 9 ਲੱਖ ਰੁਪਏ) ਹੋ ਗਿਆ ਹੈ। ਈ.ਬੀ.-5 ਵੀਜ਼ਾ ਅਮਰੀਕੀ ਸਰਕਾਰ ਨੇ 1990 'ਚ ਸ਼ੁਰੂ ਕੀਤਾ ਸੀ। ਇਸ ਨਿਯਮ ਤਹਿਤ ਕਿਸੇ ਵੀ ਦੇਸ਼ ਦਾ ਵਿਅਕਤੀ ਅਮਰੀਕੀ ਕਾਰੋਬਾਰ 'ਚ ਘੱਟੋ-ਘੱਟ 5 ਲੱਖ ਅਮਰੀਕੀ ਡਾਲਰ ਦਾ ਨਿਵੇਸ਼ ਕਰਕੇ ਆਪਣੇ ਤੇ ਆਪਣੇ ਪਰਿਵਾਰ ਲਈ ਵੀਜ਼ਾ ਪ੍ਰਾਪਤ ਕਰ ਸਕਦਾ ਹੈ।

ਸਫਾ 1 ਦਾ ਬਾਕੀ

## ਵਿਸਾਖੀ ਦੇ ਜਸ਼ਨਾਂ ਲਈ ਪਾਕਿਸਤਾਨ ਵੱਲੋਂ ਭਾਰਤੀ...

ਧਾਰਮਿਕ ਮਹੱਤਵ ਰੱਖਦੀ ਹੈ, ਜੋ ਵਾਢੀ ਦਾ ਤਿਉਹਾਰ ਹੈ ਅਤੇ 1699 ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਥਾਪਨਾ ਦੀ ਯਾਦ ਦਿਵਾਉਂਦਾ ਹੈ। ਹਰ ਸਾਲ, ਦੁਨੀਆਂ ਭਰ ਤੋਂ ਹਜ਼ਾਰਾਂ ਸਿੱਖ ਸ਼ਰਧਾਲੂ ਇਤਿਹਾਸਕ ਸਿੱਖ ਗੁਰਧਾਮਾਂ 'ਤੇ ਵਿਸਾਖੀ ਮਨਾਉਣ ਲਈ ਪਾਕਿਸਤਾਨ ਵਿਚ ਇਕੱਠੇ ਹੁੰਦੇ ਹਨ, ਜਿਨ੍ਹਾਂ ਵਿਚ ਹਸਨ ਅਬਦਾਲ 'ਚ ਗੁਰਦੁਆਰਾ ਪੰਜਾ ਸਾਹਿਬ ਅਤੇ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਸ਼ਾਮਲ ਹਨ।

ਭਾਰਤ ਵਿਚ ਪਾਕਿਸਤਾਨ ਹਾਈ ਕਮਿਸ਼ਨ ਨੇ ਇੱਕ ਪੋਸਟ ਵਿਚ ਕਿਹਾ, 'ਵਿਸਾਖੀ ਦੇ ਜਸ਼ਨਾਂ ਦੇ ਮੌਕੇ 'ਤੇ 13-22 ਅਪ੍ਰੈਲ 2024 ਤੱਕ ਪਾਕਿਸਤਾਨ ਵਿਚ ਹੋਣ ਵਾਲੇ ਸਾਲਾਨਾ ਤਿਉਹਾਰ ਵਿਚ ਹਿੱਸਾ ਲੈਣ ਲਈ ਭਾਰਤ ਦੇ ਸਿੱਖ ਸ਼ਰਧਾਲੂਆਂ ਨੂੰ 2843 ਵੀਜ਼ੇ ਜਾਰੀ ਕੀਤੇ ਹਨ।'

ਸਫਾ 1 ਦਾ ਬਾਕੀ

## ਮੂਸੇਵਾਲਾ ਹੱਤਿਆਕਾਂਡ; 25 ਮੁਲਜ਼ਮਾਂ ਨੇ ਵੀਡੀਓ...


ਮੂਸੇਵਾਲਾ ਦੇ ਮਾਪਿਆਂ ਵੱਲੋਂ ਪੇਸ਼ ਹੋਏ ਵਕੀਲ ਸਤਿੰਦਰਪਾਲ ਸਿੰਘ ਮਿੱਤਲ ਨੇ ਦੱਸਿਆ ਕਿ ਅਦਾਲਤ ਵੱਲੋਂ 5 ਅਪ੍ਰੈਲ ਨੂੰ ਚਾਰ ਜਣਿਆਂ ਸਚਿਨ ਥਾਪਨ ਉਰਫ ਸਚਿਨ ਬਿਸ਼ਨੋਈ, ਸਚਿਨ ਭਿਵਾਨੀ, ਦੀਪਕ ਮੁੰਡੀ ਅਤੇ ਕਪਿਲ ਪੰਡਿਤ ਨੂੰ ਪ੍ਰੋਡਕਸ਼ਨ ਵਾਰੰਟ ਜਾਰੀ ਕੀਤੇ ਗਏ ਸਨ। ਉਨ੍ਹਾਂ ਵਿਚੋਂ ਦੀਪਕ ਮੁੰਡੀ ਅਤੇ ਸਚਿਨ ਭਿਵਾਨੀ ਨੂੰ ਛੱਡ ਕੇ ਬਾਕੀ ਦੋ ਨੇ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ ਹੈ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਗੌਰਵ ਦਾ ਪ੍ਰਤੀਕ ਖਾਲਸਾ ਸਾਜਨਾ ਦਿਵਸ

## ਇਨ ਗਰੀਬ ਸਿਖਨ ਕੋ ਦੈ ਪਾਤਸ਼ਾਹੀ



-ਦਿਲਜੀਤ ਸਿੰਘ ਬੇਦੀ
ਸਕੱਤਰ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ
(Punjab Mail USA)



ਖਾਲਸਾ ਸਿਰਜਣਾ ਦਸਮ ਪਾਤਸ਼ਾਹ ਜੀ ਦਾ ਅਲੌਕਿਕ ਕ੍ਰਿਸ਼ਮਾ ਹੈ, ਜਿਸ ਦੁਆਰਾ ਸਤਿਗੁਰੂ ਜੀ ਨੇ ਮਨੁੱਖਤਾ ਨੂੰ ਸਵੈ-ਰੱਖਿਆ, ਆਤਮ ਵਿਸ਼ਵਾਸ, ਹਿੰਮਤ, ਅਣਖ ਅਤੇ ਦਲੇਰੀ ਦੇ ਰੂਬਰੂ ਕਰਾਇਆ। ਦਸਮ ਪਾਤਸ਼ਾਹ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸਜੇ ਪੰਡਾਲ 'ਚ ਹਜ਼ਾਰਾਂ ਦੀ ਗਿਣਤੀ 'ਚ ਇਕੱਠੀ ਹੋਈ ਸੰਗਤ ਵਿਚ ਸਿਰਾਂ ਦੀ ਮੰਗ ਕੀਤੀ, ਜਿਸ 'ਤੇ ਪਹਿਰਾ ਦਿੰਦਿਆਂ ਪੰਜ ਗੁਰੂ ਪਿਆਰਿਆਂ ਨੇ ਸਿਰ ਵਾਰਨ ਦਾ ਸੰਕਲਪ ਲਿਆ ਤੇ ਇਨ੍ਹਾਂ ਪੰਜ ਪਿਆਰਿਆਂ ਦੀ ਗੁਰੂ ਨੂੰ ਸਮਰਪਿਤ ਹੋਣ ਦੀ ਸ਼ਰਧਾ ਅਤੇ ਸਮਰਪਣ ਭਾਵਨਾ ਨੇ ਖਾਲਸਾ ਪੰਥ ਨੂੰ ਜਨਮ ਦਿੱਤਾ। ਦਸਵੇਂ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਲਈ 1699 ਈਸਵੀ ਨੂੰ ਵਿਸਾਖੀ ਵਾਲਾ ਦਿਨ ਚੁਣਿਆ। ਖਾਲਸੇ ਦੀ ਸਿਰਜਣਾ ਸਬੰਧੀ ਕਵੀ ਸੈਨਾਪਤਿ 'ਸ੍ਰੀ ਗੁਰ ਸੋਭਾ' ਵਿਚ ਲਿਖਦਾ ਹੈ:

ਪੁਰ ਆਨੰਦ ਗੋਬਿੰਦ ਸਿੰਘ ਗੁਰ ਅਬਿ ਕਬਿ ਕਰਤ ਬਖਾਨ।
ਗਿਰਦ ਪਹਾਰ ਅਪਾਰ ਅਤਿ ਸਤਿਲੁੱਦ੍ਰ ਤਟਿ ਸੁਭ ਥਾਨ।
ਚੇਤ ਮਾਸ ਬੀਤਿਉ ਸਕਲ ਮੇਲਾ ਭਯੋ ਅਪਾਰ।
ਬੈਸਾਖੀ ਕੇ ਦਰਸ ਪੈ ਸਤਿਗੁਰ ਕੀਯੋ ਬਿਚਾਰ।...
ਗੋਬਿੰਦ ਸਿੰਘ ਕਰੀ ਖੁਸ਼ੀ ਸੰਗਤਿ ਕਰੀ ਨਿਹਾਲ।
ਕੀਉ ਪ੍ਰਗਟ ਤਬ ਖਾਲਸਾ ਚੁਕਿਓ ਸਕਲ ਜੰਜਾਲ।

ਖ਼ਾਲਸਾ ਪੰਥ ਦੀ ਸਾਜਨਾ ਨਾਲ ਭਾਰਤ ਦੇ ਧਾਰਮਿਕ ਅਤੇ ਰਾਜਨੀਤਿਕ ਇਤਿਹਾਸ 'ਚ ਵਿਲੱਖਣ ਸਿਧਾਂਤ ਅਤੇ ਵਿਚਾਰਧਾਰਾ ਦਾ ਜਨਮ ਹੋਇਆ। ਇਸ ਵਿਚਾਰਧਾਰਾ ਵਿਚ ਭਗਤੀ ਅਤੇ ਸ਼ਕਤੀ ਦਾ ਉਹ ਸੁਮੇਲ ਹੈ, ਜਿਸ ਨੇ ਮਨੁੱਖੀ ਆਜ਼ਾਦੀ ਅਤੇ ਨਿਆਂਸ਼ੀਲ ਸਮਾਜ ਦੀ ਘਾੜਤ ਘੜੀ। ਇਹ ਸਿੱਖ ਸਮਾਜ ਦੀ ਸੁਤੰਤਰ ਹੋਂਦ ਅਤੇ ਆਜ਼ਾਦੀ ਦੇ ਸੰਘਰਸ਼ ਦਾ ਖੁੱਲ੍ਹਾ ਐਲਾਨ ਸੀ। ਇਸੇ ਦਾ ਹੀ ਨਤੀਜਾ ਸੀ ਕਿ ਕਈ ਪੀੜ੍ਹੀਆਂ ਤੋਂ ਲਿਤਾੜੀ ਮਨੁੱਖਤਾ 'ਚ ਨਵਾਂ ਜੋਸ਼ ਪੈਦਾ ਹੋਇਆ ਅਤੇ ਸਮਾਂ ਆਉਣ 'ਤੇ ਲੱਖਾਂ ਦੁਸ਼ਮਣਾਂ ਨਾਲ ਮੁੱਠੀ-ਭਰ ਸਿੰਘਾਂ ਨੇ ਜ਼ਬਰਦਸਤ ਮੁਕਾਬਲਾ ਕੀਤਾ। ਸਿੰਘ ਮੌਤ ਨਾਲ ਮਖੌਲਾਂ ਕਰਨ ਤੇ ਜ਼ਾਲਮਾਂ ਨਾਲ ਲੋਹਾ ਲੈਣ ਲਈ ਉਤਸ਼ਾਹਿਤ ਹੋ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤੀ ਗਈ ਖਾਲਸਾ ਸਾਜਨਾ ਨਾਲ ਜ਼ਾਲਮ ਵੱਲੋਂ ਲਤਾੜੇ ਹੋਏ ਲੋਕਾਂ ਨੂੰ ਪਾਤਸ਼ਾਹੀ ਜੀਵਨ-ਜਿਊਣ ਜਿਹਾ ਅਹਿਸਾਸ ਹੋਇਆ:

ਇਨ ਗਰੀਬ ਸਿਖਨ ਕੋ ਦੈ ਪਾਤਸ਼ਾਹੀ।
ਯਹ ਯਾਦ ਰਖੈ ਹਮਰੀ ਗੁਰਿਆਈ। (ਪੰਥ ਪ੍ਰਕਾਸ਼)

ਖਾਲਸਾ ਸਾਜਨਾ ਸਮੇਂ ਗੁਰੂ ਜੀ ਨੇ ਪਹਿਲਾਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਉਪਰੰਤ ਉਨ੍ਹਾਂ ਪਾਸੋਂ ਆਪ ਅੰਮ੍ਰਿਤ ਦੀ ਜਾਚਨਾ ਕੀਤੀ। 'ਅੰਮ੍ਰਿਤ' ਜੀਵਨ ਦੇਣ ਵਾਲਾ ਪਦਾਰਥ ਹੈ, ਜਿਸ ਦੇ ਛਕਣ ਨਾਲ ਪ੍ਰਾਣੀ ਚੁਰਾਸੀ ਅਤੇ ਮੌਤ ਤੋਂ ਮੁਕਤ ਹੋ ਕੇ ਸੱਚਖੰਡ ਦਾ ਅਮਰ ਵਾਸੀ ਹੋ ਜਾਂਦਾ ਹੈ। ਉਹ ਜ਼ੋਰ-ਜ਼ੁਲਮ ਅਤੇ ਅਨਿਆਂ ਦੇ ਵਿਰੁੱਧ ਕੁਰਬਾਨ ਹੋ ਕੇ ਅਮਨ, ਸ਼ਾਂਤੀ ਕਾਇਮ ਕਰਨ ਵਿਚ ਮਾਣ ਸਮਝਦਾ ਹੈ। ਸਿੱਖ ਧਰਮ 'ਚ ਅੰਮ੍ਰਿਤ ਭਾਵ ਖੰਡੇ ਦੀ ਪਾਹੁਲ ਸਿੱਖ ਦੀ ਰਹਿਣੀ ਦਾ ਅਹਿੰਮ ਹਿੱਸਾ ਹੈ। ਵਾਸਤਵ ਵਿਚ 'ਪਾਹੁਲ' ਪ੍ਰਾਣੀ ਨੂੰ ਸੰਤ ਸਿਪਾਹੀ, ਅਣਖੀਲਾਪਣ, ਸਾਊਪਣਾ, ਸਹਿਣਸ਼ੀਲਤਾ, ਸ਼ਾਂਤੀ, ਸਬਰ-ਸੰਤੋਖ, ਸ਼ਕਤੀ, ਸਵੈ-ਨਿਰਭੈਤਾ, ਨਿਡਰਤਾ, ਨਿਰਵੈਰਤਾ, ਨਿਰਛਲਤਾ, ਨਿਰਮਾਣਤਾ, ਏਕਤਾ, ਸਮਤਾ, ਅਭਿਟਤਾ, ਮਾਨਵਤਾ ਅਤੇ ਦੀਨ-ਦੁਖੀਆਂ ਦੀ ਰੱਖਿਆ ਪ੍ਰਦਾਨ ਕਰਦੀ ਹੈ।

ਖਾਲਸਾ ਸਾਜਨਾ ਸਮੇਂ ਗੁਰੂ ਜੀ ਨੇ ਸਿੱਖਾਂ ਦਾ ਨਾਤਾ ਸਦੀਵ ਤੌਰ 'ਤੇ ਸ਼ਸਤਰ ਨਾਲ ਜੋੜ ਦਿੱਤਾ। ਜਦ ਦਸਮ ਪਾਤਸ਼ਾਹ ਜੀ ਨੇ ਵੇਖਿਆ ਕਿ ਇਨ੍ਹਾਂ ਮਜ਼ਲੂਮਾਂ ਦਾ ਬਚਾਅ ਹੁਣ ਇਨ੍ਹਾਂ ਨਿਯਮਕ ਸਾਧਨਾਂ ਨਾਲ ਨਹੀਂ ਹੁੰਦਾ, ਤਾਂ ਆਪ ਨੇ ਕਿਹਾ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ
ਹਲਾਲਾ ਅਸਤ ਬੁਰਦਨ ਬ-ਸ਼ਮਸ਼ੀਰ ਦਸਤ (ਜ਼ਫਰਨਾਮਾ)

ਜਦੋਂ ਨੇਕ ਕੰਮ ਦੇ ਕਰਨ ਵਿਚ ਪ੍ਰੇਮ ਭਰੇ ਸਾਧਨ ਫੇਲ੍ਹ ਹੋ ਜਾਣ, ਤਾਂ ਫਿਰ ਵਿਅਕਤੀ ਨੂੰ ਹੱਕ ਹੈ ਕਿ ਉਹ ਸ਼ਸਤਰ ਹੱਥ ਵਿਚ ਲੈ ਕੇ ਮਜ਼ਲੂਮ ਦੀ ਰੱਖਿਆ ਕਰੇ। ਇਸੇ ਮਕਸਦ ਨਾਲ ਹੀ ਦਸਮ ਪਾਤਸ਼ਾਹ ਸਿੱਖਾਂ ਨੂੰ, 'ਪਾਹੁਲ' ਛਕਾ ਕੇ ਸਿੰਘ ਸਜਾ, ਮਜ਼ਲੂਮਾਂ ਦੀ ਢਾਲ 'ਖਾਲਸਾ ਪੰਥ' ਤਿਆਰ ਕੀਤਾ। ਸੱਚਮੁੱਚ ਗੁਰੂ ਜੀ ਨੇ ਊਚ-ਨੀਚ ਤੇ ਅਭਿੱਟਤਾ ਦਾ ਭੇਦ ਮਿਟਾ ਕੇ ਸੱਚੀ ਆਤਮਿਕ ਏਕਤਾ ਤੇ ਪੰਚਾਇਤੀ ਨੀਤੀ ਦੀ ਨੀਂਹ ਰੱਖੀ, ਜਿਸ ਦੀ ਰਿਪੋਰਟ ਔਰੰਗਜ਼ੇਬ ਦੇ ਗੁਪਤਚਰਾਂ ਨੇ ਉਸ ਨੂੰ ਫ਼ਾਰਸੀ ਬੋਲੀ ਵਿਚ ਅੱਖੀਂ ਡਿੱਠੇ ਹਾਲਾਤ ਲਿਖ ਭੇਜੀ:

ਹਮਰਾ ਦਰ ਯਕ ਮਜ਼ੂਬ ਦਰ ਆਯਦ,
ਕਿ ਐਜ ਬਿਆਂ ਬਰਖੇਜ਼ਦ।
ਹਰ ਚਹਾਰ ਬਰਨ ਕੌਮੇ ਹਨੂਦ,
ਅਜ ਬ੍ਰਾਹਮਣ, ਕਸ਼ਤਰੀ, ਸ਼ੂਦ੍ਰ ਓ ਵੈਸ਼।
ਕਿ ਹਰ ਬਰਨ ਦਰ ਧਰਮ ਸ਼ਾਸਤ੍ਰ,
ਦੀਨ ਇਲਾਹਿਦਾਹ ਮੁਕੱਰਰ ਅਸਤ।

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ, 'ਭਾਈ' ਦੀ ਕ੍ਰਿਆਤਮਕ ਵਰਤੋਂ ਲਈ ਭਾਈ ਮਰਦਾਨਾ ਜੀ (ਜੋ ਕਿ ਮੁਸਲਮਾਨ ਸਨ) ਨੂੰ 'ਭਾਈ' ਸ਼ਬਦ ਨਾਲ ਨਿਵਾਜਿਆ, ਜੋ ਕਿ ਪੰਜਾਬੀ ਦੇ, 'ਵੀਰ' ਸ਼ਬਦ ਦਾ ਵਾਚਕ ਹੈ। ਇਸ ਤਰ੍ਹਾਂ ਇਕ ਅਦੁੱਤੀ ਗੀਤ ਆਰੰਭੀ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ-ਬਾਟੇ ਦੀ ਪਾਹੁਲ ਦੇ ਰੂਪ ਵਿਚ ਸਾਕਾਰ ਕੀਤਾ। ਭਾਈ (ਭਰਾ) ਅਸਲ ਵਿਚ ਮਾਂ-ਪਿਉ ਜਾਏ ਨੂੰ ਕਹਿੰਦੇ ਹਨ। ਖੰਡੇ-ਬਾਟੇ ਦੀ ਪਾਹੁਲ ਛਕਣ ਉਪਰੰਤ ਵਿਅਕਤੀ ਦਾ ਦੂਜਾ ਜਨਮ ਹੁੰਦਾ ਹੈ, ਇਸੇ ਕਰਕੇ ਹਰ ਅੰਮ੍ਰਿਤਧਾਰੀ ਇਕ-ਦੂਜੇ ਦਾ ਸਕਾ ਭਰਾ ਗੁਰਭਾਈ ਹੁੰਦਾ ਹੈ। ਗਿਆਨੀ ਗਿਆਨ ਸਿੰਘ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ:

ਚਾਰੋਂ ਵਰਣਾਂ ਮੇਂ ਜੇ ਕੋਈ।
ਆਵਤ ਹੋਤ ਖਾਲਸਾ ਸੋਈ।
ਆਬੇ ਹਯਾਤ ਪਿਲਾਵਤ ਤਾਂ ਹੂੰ।
ਇਕ ਹੀ ਬਰਤਨ ਮੈ ਸਭ ਕਾਹੂੰ।
ਖਾਣਾ ਭੀ ਸਭ ਇਕੱਠੇ ਖੈ ਹੈਂ।
ਏਕੈ ਬੀਰ ਆਪਸ ਮੈ ਬੈ ਹੈਂ।
ਜਾਤ ਗੋਤ ਕੁਲ, ਕਿਰਯਨਾ ਨਾਮ।
ਪਿਛਲੇ ਸੇ ਤਜ ਦੇਤ ਤਮਾਮ।

ਉਸ ਸਮੇਂ ਦਸਮ ਪਾਤਸ਼ਾਹ ਜੀ ਨੇ ਸਿੱਖਾਂ ਨੂੰ ਸਿੱਖਿਆ ਦਿੱਤੀ ਕਿ ਦੀਨ-ਦੁਖੀਆਂ ਦੀ ਦਰਦ-ਭਰੀ ਆਵਾਜ਼ ਜੋ ਜ਼ੁਲਮ, ਜਬਰ ਦੀ ਹਨ੍ਹੇਰੀ ਵਿਚ ਉੱਚੇ-ਉੱਚੇ ਮਹਿਲ-ਮਾੜੀਆਂ ਨਾਲ ਟੱਕਰਾਂ ਮਾਰ-ਮਾਰ ਕੇ ਬੇ-ਸੁੰਨ ਵਾਯੂ ਮੰਡਲ ਵਿਚ ਗੁੰਮ ਹੋ ਜਾਂਦੀ ਸੀ। ਦੁਨੀਆਂ ਨਹੀਂ ਸੀ ਜਾਣਦੀ ਕਿ ਦੂਜਿਆਂ ਨਾਲ ਕੀ ਵਰਤ ਰਿਹਾ ਹੈ? ਮਨੁੱਖ ਮਾਤਰ ਦੀ ਦਸ਼ਾ ਨੂੰ ਅਨੁਭਵ ਕਰਨ ਵਾਲਾ ਹਿਰਦਾ ਤੱਕ ਨਹੀਂ ਸੀ।

ਦੁਖੀਆਂ ਦੀ ਪੁਕਾਰ ਨੂੰ ਸੁਣ ਕੇ ਹੀ ਅਕਾਲ ਪੁਰਖ ਨੇ ਗੁਰੂ ਸਾਹਿਬਾਨ ਨੂੰ ਸੰਸਾਰ 'ਚ ਭੇਜਿਆ। ਇਹ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਲਈ ਰਾਖਵਾਂ ਹੱਕ ਸੀ ਕਿ ਸੁਧਾਰ ਦੇ ਅਸੂਲਾਂ ਨੂੰ ਸਹੀ ਸਮਝ ਕੇ ਅਜਿਹੀਆਂ ਪੰਥ ਦੀਆਂ ਵਿਸ਼ਾਲ ਨੀਹਾਂ ਰੱਖਣ, ਜਿਨ੍ਹਾਂ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇਸ਼ ਵਾਸੀਆਂ ਵਿਚ ਇਕ ਨਵੀਂ ਕੌਮੀਅਤ ਦਾ ਭਾਵ ਪ੍ਰਜਵਲਿਤ ਕਰ, ਇਨ੍ਹਾਂ ਸਿਧਾਂਤਾਂ ਨੂੰ ਕਿਰਿਆਤਮਕ ਰੂਪ ਵਿਚ ਲਿਆਉਣ।

ਅੱਜ ਗੁਰੂ ਦਾ ਖਾਲਸਾ ਦੁਨੀਆਂ ਵਿਚ ਆਪਣੀਆਂ ਲਾਸਾਨੀ ਕੁਰਬਾਨੀਆਂ ਕਾਰਨ ਵਿਲੱਖਣ ਪਛਾਣ ਰੱਖਦਾ ਹੈ। ਸਮੁੱਚੀ ਦੁਨੀਆਂ ਅੰਦਰ ਜਿਥੇ-ਜਿਥੇ ਵੀ ਸਿੱਖ ਵੱਸਦੇ ਹਨ, ਵਿਸਾਖੀ ਨੂੰ ਖਾਲਸਾ ਪੰਥ ਦੇ ਸਾਜਨਾ ਦਿਵਸ ਵਜੋਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਉਂਦੇ ਹਨ। ਖਾਲਸਾ ਸਿਰਜਣਾ ਦਿਵਸ ਇਨਕਲਾਬੀ ਸੰਦੇਸ਼ ਦਿੰਦਾ ਹੋਇਆ ਖ਼ਾਲਸਾਈ ਜਾਹੋ-ਜਲਾਲ ਅਤੇ ਕੌਮੀ-ਗੌਰਵ ਨੂੰ ਮਹਿਸੂਸ ਕਰਨ ਦੀ ਪ੍ਰੇਰਨਾ ਦਿੰਦਾ ਹੈ। ਅੱਜ ਇਸ ਗੱਲ ਦੀ ਵੱਡੀ ਲੋੜ ਹੈ ਕਿ ਸਿੱਖ ਨੌਜਵਾਨੀ ਨੂੰ ਖਾਲਸਾ ਸਾਜਨਾ ਦੇ ਪਿਛੋਕੜ, ਇਤਿਹਾਸ ਅਤੇ ਇਸ ਦੀ ਵਿਲੱਖਣਤਾ ਤੋਂ ਜਾਣੂ ਕਰਾਇਆ ਜਾਵੇ। ਸਿੱਖੀ ਸਰੂਪ ਦੀ ਗੌਰਵਗਾਥਾ ਅਤੇ ਅੰਮ੍ਰਿਤ ਦੀ ਵਡਿਆਈ ਵੀ ਅਜੋਕੀ ਨੌਜਵਾਨੀ ਨਾਲ ਸਾਂਝੀ ਕਰਨੀ ਬਣਦੀ ਹੈ। ਇਸੇ ਨਾਲ ਹੀ ਅਕਾਲ ਪੁਰਖ ਦੀ ਵਿਲੱਖਣ ਫੌਜ ਖਾਲਸੇ ਦੀ ਚੜ੍ਹਦੀ ਕਲਾ ਦੇ ਨਜ਼ਾਰੇ ਦੁਨੀਆਂ ਦੇ ਰੂਬਰੂ ਹੋ ਸਕਣਗੇ:

ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹਉਂ ਕਰਹੁੰ ਨਿਵਾਸ।...
ਖਾਲਸਾ ਅਕਾਲ ਪੁਰਖ ਕੀ ਫੌਜ।
ਪ੍ਰਗਟਯੋ ਖਾਲਸਾ ਪਰਮਾਤਮ ਕੀ ਮੌਜ। (ਸਰਬ ਲੋਹ ਗ੍ਰੰਥ)

# ਵਿਧਾਇਕਾਂ ਨੂੰ ਲੋਕ ਸਭਾ ਉਮੀਦਵਾਰ ਐਲਾਨ ਕਰਨਾ ਕਿੰਨਾਂ ਕੁ ਜਾਇਜ਼..!



ਗੁਰਵੀਰ ਸਿੰਘ ਸਰੌਦ
ਪੱਤਰਕਾਰੀ ਤੇ ਜਨ-ਸੰਚਾਰ ਵਿਭਾਗ,
ਪੰਜਾਬੀ ਯੂਨੀਵਰਸਿਟੀ ਪਟਿਆਲਾ।
ਸੰਪਰਕ: 9417971451
(Punjab Mail USA)



18ਵੀਂ ਲੋਕ ਸਭਾ ਦੀਆਂ ਚੋਣਾਂ ਦੇ ਮੱਦੇਨਜ਼ਰ 543 ਸੰਸਦੀ ਹਲਕਿਆਂ 'ਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਵੱਲੋਂ ਉਮੀਦਵਾਰਾਂ ਦੀਆਂ ਸੂਚੀਆਂ ਜਾਰੀ ਹੋਣ ਲੱਗੀਆਂ ਹਨ। ਭਾਰਤੀ ਲੋਕਤੰਤਰਿਕ ਪ੍ਰਣਾਲੀ ਵਿਚ ਹਰ ਭਾਰਤੀ ਬਾਲਗ ਨਾਗਰਿਕ ਨੂੰ ਚੋਣ ਲੜਨ ਤੇ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੈ, ਜੋ ਆਪਣੀ ਮਰਜ਼ੀ ਨਾਲ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਸਕਦਾ ਹੈ ਤੇ ਆਪਣੀ ਮਨਪਸੰਦ ਦੇ ਉਮੀਦਵਾਰ ਨੂੰ ਵੋਟ ਦੇ ਸਕਦਾ ਹੈ। ਕਿਸੇ ਰਾਜਨੀਤਿਕ ਪਾਰਟੀ ਵੱਲੋਂ ਉਮੀਦਵਾਰ ਵਜੋਂ ਚੋਣ ਲੜਨ ਦਾ ਫੈਸਲਾ ਸਮੁੱਚੀ ਪਾਰਟੀ ਲੀਡਰਸ਼ਿਪ ਦਾ ਹੁੰਦਾ ਹੈ। ਜੋ ਪਾਰਟੀ ਦੇ ਵਫ਼ਾਦਾਰ ਮੈਂਬਰਾਂ ਜਿਨ੍ਹਾਂ ਦੀ ਸੰਬੰਧਿਤ ਹਲਕਿਆਂ ਵਿਚ ਆਪਣੀ ਵਿਲੱਖਣ ਪਛਾਣ ਹੁੰਦੀ ਹੈ, ਉਨ੍ਹਾਂ ਨੂੰ ਪਾਰਟੀ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਉਤਾਰਿਆ ਜਾਂਦਾ ਹੈ।

ਪਿਛਲੇ ਸਾਲਾਂ ਤੋਂ ਕਿਸੇ ਵਿਧਾਇਕ ਜਾਂ ਸੰਸਦ ਮੈਂਬਰ ਨੂੰ ਉਸ ਦੇ ਸਮਾਂ-ਕਾਲ ਪੂਰਾ ਹੋਣ ਤੋਂ ਪਹਿਲਾਂ ਹੀ ਕਿਸੇ ਹੋਰ ਸੀਟ ਤੋਂ ਚੋਣ ਲੜਾਉਣ ਦੀ ਰਿਵਾਇਤ ਸ਼ੁਰੂ ਹੋ ਚੁੱਕੀ ਹੈ। ਜਦੋਂ ਸਬੰਧਿਤ ਉਮੀਦਵਾਰ ਚੋਣ ਜਿੱਤ ਲੈਂਦਾ ਹੈ, ਤਾਂ ਉਸ ਨੂੰ ਪਹਿਲੀ ਸੀਟ ਤੋਂ ਅਸਤੀਫ਼ਾ ਦੇਣਾ ਪੈਂਦਾ ਹੈ, ਫਿਰ ਸਬੰਧਿਤ ਹਲਕੇ ਵਿਚ ਜ਼ਿਮਨੀ ਚੋਣ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਜਿਸ ਨਾਲ ਸੰਬੰਧਿਤ ਹਲਕੇ ਵਿਚ ਕਰੋੜਾਂ ਰੁਪਏ ਦਾ ਖ਼ਰਚ ਚੋਣਾਂ 'ਤੇ ਪਾਣੀ ਵਾਂਗ ਵਹਾਇਆ ਜਾਂਦਾ ਹੈ। ਇਸ ਦੀ ਉਦਾਹਰਨ ਵਿਧਾਨ ਸਭਾ 2022 ਪੰਜਾਬ ਚੋਣਾਂ ਵਿਚ ਸੰਗਰੂਰ ਦੇ ਸੰਸਦ ਮੈਂਬਰ ਮੌਜੂਦਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵਿਧਾਨ ਸਭਾ ਹਲਕਾ ਧੂਰੀ ਤੋਂ ਸੂਬੇ ਦੇ ਮੁੱਖ ਮੰਤਰੀ ਦੇ ਚਿਹਰੇ ਵਜੋਂ ਚੋਣ ਮੈਦਾਨ ਵਿਚ ਉਤਾਰਿਆ ਗਿਆ, ਫ਼ਿਰ ਉਨ੍ਹਾਂ ਨੂੰ ਆਪਣੀ ਲੋਕ ਸਭਾ ਹਲਕਾ ਸੰਗਰੂਰ ਦੇ ਸੰਸਦ ਵਜੋਂ ਅਸਤੀਫ਼ਾ ਦੇਣਾ ਪਿਆ, ਜਿਸ 'ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਜਿੱਤ ਦਰਜ ਕੀਤੀ, ਬੇਸ਼ੱਕ ਇਹ ਚੋਣ ਸਿਰਫ਼ 2 ਸਾਲਾਂ ਦੇ ਕਾਰਜਕਾਲ ਲਈ ਕਰਵਾਈ ਗਈ ਸੀ ਪਰ ਇਸ ਜ਼ਿਮਨੀ ਚੋਣ 'ਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਦਾ ਖ਼ਰਚ ਵੀ ਆਇਆ ਤੇ ਪ੍ਰਸ਼ਾਸਨ ਵੱਲੋਂ ਪੁਖ਼ਤਾ ਪ੍ਰਬੰਧ ਵੀ ਕੀਤੇ ਗਏ।

18ਵੀਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਮੁੱਖ ਮੰਤਰੀ ਦੇ ਪਦ ਤੋਂ ਅਸਤੀਫ਼ਾ ਦਿੰਦਿਆਂ ਕਰਨਾਲ ਲੋਕ ਸਭਾ ਸੀਟ ਦਾ ਉਮੀਦਵਾਰ ਐਲਾਨਿਆ ਗਿਆ ਹੈ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਪੰਜਾਬ ਵੱਲੋਂ ਜਾਰੀ ਪਹਿਲੀ ਸੂਚੀ 'ਚ ਪੰਜਾਬ ਸਰਕਾਰ ਦੇ 5 ਕੈਬਨਿਟ ਮੰਤਰੀਆਂ ਤੇ 3 ਹੋਰ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਵੈਸੇ ਤਾਂ ਕਿਸੇ ਰਾਜਨੀਤਿਕ ਪਾਰਟੀ ਨੇ ਕਿਹੜੇ ਉਮੀਦਵਾਰ ਨੂੰ ਕਿਸ ਲੋਕ ਸਭਾ ਸੀਟ ਤੋਂ ਚੋਣ ਲੜਾਉਣੀ ਹੈ, ਇਹ ਸਮੁੱਚੀ ਪਾਰਟੀ ਲੀਡਰਸ਼ਿਪ ਤੇ ਹਾਈ ਕਮਾਂਡ ਦਾ ਨਿੱਜੀ ਫੈਸਲਾ ਹੁੰਦਾ ਹੈ ਪਰ ਲੋਕਤੰਤਰਿਕ ਦੇਸ਼ ਦੇ ਨਾਗਰਿਕ ਹੋਣ ਦੇ ਨਾਂ 'ਤੇ ਹਰ ਨਾਗਰਿਕ ਆਪਣੇ ਨਿੱਜੀ ਵਿਚਾਰ ਰੱਖਣ ਦਾ ਸੰਵਿਧਾਨਕ ਹੱਕ ਰੱਖਦਾ ਹੈ। ਜੇਕਰ ਪੰਜਾਬ ਸਰਕਾਰ ਦੇ ਮੌਜੂਦਾ ਕੈਬਨਿਟ ਮੰਤਰੀ ਸੰਸਦ ਵਜੋਂ ਲੋਕ ਸਭਾ ਦੇ ਵੱਖ-ਵੱਖ ਹਲਕਿਆਂ 'ਤੇ ਜਿੱਤ ਦਰਜ ਕਰ ਲੈਂਦੇ ਹਨ, ਤਾਂ ਸੁਭਾਵਿਕ ਉਨ੍ਹਾਂ ਨੂੰ ਵਿਧਾਨ ਸਭਾ ਦੇ ਮੈਂਬਰਾਂ ਵਜੋਂ ਅਸਤੀਫਾ ਦੇਣਾ ਪਵੇਗਾ, ਫਿਰ ਸੰਬੰਧਿਤ ਵਿਧਾਨ ਸਭਾ ਹਲਕੇ ਆਪਣੇ ਵਿਧਾਇਕਾਂ ਤੋਂ ਲਵਾਰਿਸ ਹੋ ਜਾਣਗੇ। ਜਿਸ ਤੋਂ ਬਾਅਦ ਦੌਰ ਸ਼ੁਰੂ ਹੋਵੇਗਾ। ਜ਼ਿਮਨੀ ਚੋਣਾਂ ਦਾ ਭਾਵੇਂ ਆਮ ਆਦਮੀ ਪਾਰਟੀ ਕੋਲ ਮੌਜੂਦਾ ਸਮੇਂ 92 ਵਿਧਾਇਕ ਹੋਣ ਕਾਰਨ ਸਰਕਾਰ ਦੇ ਬਹੁਮਤ ਨੂੰ ਵੀ ਫ਼ਰਕ ਨਹੀਂ ਪਵੇਗਾ। ਇਸ ਸਭ ਦੇ ਬਾਵਜੂਦ ਕੋਈ ਵੀ ਰਾਜਨੀਤਿਕ ਧਿਰ ਇਨ੍ਹਾਂ ਵਿਧਾਨ ਸਭਾ ਹਲਕਿਆਂ ਨੂੰ ਵਿਧਾਇਕ ਤੋਂ ਸੱਖਣਾ ਨਹੀਂ ਛੱਡੇਗੀ। ਕੀ ਆਮ ਆਦਮੀ ਪਾਰਟੀ (ਆਪ) ਨੂੰ ਇਨ੍ਹਾਂ ਵਿਧਾਨ ਸਭਾ ਸੀਟਾਂ 'ਤੇ ਮੁੜ ਯੋਗ ਉਮੀਦਵਾਰ ਖੜ੍ਹੇ ਨਹੀਂ ਕਰਨੇ ਪੈਣਗੇ...? ਫਿਰ ਯੋਗ ਵਿਧਾਇਕ ਉਮੀਦਵਾਰ ਕਿੱਥੋਂ ਅਉਣਗੇ..? ਜੇਕਰ ਪਹਿਲਾਂ ਹੀ ਸੰਬੰਧਿਤ ਲੋਕ ਸਭਾ ਹਲਕਿਆਂ ਵਿਚੋਂ ਪਹਿਲਾਂ ਹੀ ਵਿਧਾਇਕਾਂ ਨੂੰ ਛੱਡ ਹਲਕੇ ਦੇ ਯੋਗ ਉਮੀਦਵਾਰ ਚੋਣ ਮੈਦਾਨ ਵਿਚ ਉਤਾਰੇ ਜਾਣੇ, ਤਾਂ ਕਰੋੜਾਂ ਰੁਪਏ ਦਾ ਹੁੰਦਾ ਖ਼ਰਚ, ਪ੍ਰਸ਼ਾਸਨਿਕ ਪ੍ਰਬੰਧ ਤੇ ਲੋਕਾਂ ਦੇ ਸਮੇਂ ਦੀ ਹੁੰਦੀ ਬਰਬਾਦੀ ਨੂੰ ਰੋਕਿਆ ਜਾ ਸਕਦਾ ਹੈ।

ਜੇਕਰ ਗੱਲ ਜ਼ਿਮਨੀ ਚੋਣਾਂ ਦੇ ਪੈਂਦੇ ਨਾਕਾਰਾਤਮਿਕ ਪ੍ਰਭਾਵਾਂ ਦੀ ਕੀਤੀ ਜਾਵੇ, ਤਾਂ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਰਾਜਨੀਤਿਕ ਧਿਰਾਂ ਆਪਣੀ ਮਰਜ਼ੀ ਨਾਲ ਬਦਲ ਦਿੰਦੀਆਂ ਹਨ ਅਤੇ ਨਵੇਂ ਉਮੀਦਵਾਰ ਜ਼ਿਆਦਾਤਰ ਬਾਹਰੀ ਹਲਕਿਆਂ ਵਿਚੋਂ ਲਗਾਏ ਜਾਂਦੇ ਹਨ। ਦੂਸਰਾ ਜ਼ਿਮਨੀ ਚੋਣਾਂ 'ਤੇ ਸਰਕਾਰੀ-ਤੰਤਰ ਦਾ ਹੁੰਦਾ ਕਰੋੜਾਂ ਰੁਪਏ ਦਾ ਬੋਝ ਕਿਤੇ ਨਾ ਕਿਤੇ ਅਸਿੱਧੇ ਰੂਪ ਵਿਚ ਲੋਕਾਂ 'ਤੇ ਹੀ ਪੈਂਦਾ ਹੈ। ਤੀਸਰਾ ਕੀ ਰਾਜਨੀਤਿਕ ਧਿਰਾਂ ਕੋਲ ਸਿਰਫ਼ ਪੂਰੇ ਹਲਕੇ ਵਿਚ ਚੁਣਵੇਂ ਚਿਹਰੇ ਹੀ ਹੁੰਦੇ ਹਨ, ਜੋ ਚੋਣਾਂ 'ਤੇ ਜਿੱਤ ਪ੍ਰਾਪਤ ਕਰ ਸਕਦੇ ਹਨ...? ਬੇਸ਼ੱਕ ਇਹ ਪ੍ਰੋਪੇਗੰਡਾ ਚੋਣਾਂ ਜਿੱਤਣ ਲਈ ਤਾਂ ਠੀਕ ਹੋ ਸਕਦਾ ਹੈ ਪਰ ਪਾਰਟੀ ਦੀ ਸ਼ਾਖ ਨੂੰ ਬਰਕਰਾਰ ਰੱਖਣ ਵਿਚ ਕਾਰਗਰ ਸਾਬਿਤ ਨਹੀਂ ਹੋ ਸਕਦਾ। ਪੰਜਵਾਂ ਸਬੰਧਿਤ ਲੋਕ ਸਭਾ ਹਲਕਿਆਂ ਵਿਚ ਪਿਛਲੇ ਸਮੇਂ ਤੋਂ ਹਲਕਾ ਲੋਕ ਸਭਾ ਇੰਚਾਰਜ ਲਗਾਏ ਹੁੰਦੇ ਹਨ, ਐਨ ਵਖ਼ਤ 'ਤੇ ਜਦੋਂ ਮੌਜੂਦਾ ਵਿਧਾਇਕ ਨੂੰ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਖੜ੍ਹਾ ਕੀਤਾ ਜਾਂਦਾ ਹੈ, ਤਾਂ ਟਕਸਾਲੀ ਪਾਰਟੀ ਵਰਕਰਾਂ ਤੇ ਹਲਕਾ ਇੰਚਾਰਜਾਂ ਦਾ ਮਨੋਬਲ ਕਮਜ਼ੋਰ ਹੁੰਦਾ ਹੈ। ਕਈ ਵਾਰ ਦੇਖਿਆ ਗਿਆ ਹੈ ਕਿ ਨਵੇਂ ਉਮੀਦਵਾਰਾਂ ਦਾ ਪਾਰਟੀ ਵਰਕਰਾਂ ਤੇ ਧੜਿਆਂ ਵੱਲੋਂ ਲੁਕੇ-ਛੁਪੇ ਤਰੀਕਿਆਂ ਨਾਲ ਵਿਰੋਧ ਵੀ ਕੀਤਾ ਜਾਂਦਾ ਹੈ।

ਬੇਸ਼ੱਕ ਰਾਜਨੀਤਿਕ ਧਿਰਾਂ ਵੱਲੋਂ ਆਪਣੇ ਗੁਪਤ ਸਰਵੇਖਣਾਂ ਦੇ ਆਧਾਰ 'ਤੇ ਜ਼ਿਆਦਾ ਹਲਕਿਆਂ ਉੱਤੇ ਜਿੱਤ ਪ੍ਰਾਪਤ ਕਰਨ ਹਿੱਤ ਪਹਿਲਾਂ ਤੋਂ ਜਿੱਤੇ ਵਿਧਾਇਕਾਂ ਨੂੰ ਚੋਣ ਉਮੀਦਵਾਰਾਂ ਵਜੋਂ ਐਲਾਨ ਕਰਨਾ ਰਿਵਾਜ਼ ਹੀ ਹੋ ਗਿਆ ਹੈ ਅਤੇ ਉਮੀਦਵਾਰ ਐਲਾਨ ਕਰਨਾ ਦਾ ਫੈਸਲਾ ਪਾਰਟੀ ਦਾ ਨਿੱਜੀ ਅਧਿਕਾਰ ਹੁੰਦਾ ਹੈ ਪਰ ਇਸ ਨਾਲ ਸਰਕਾਰੀ-ਤੰਤਰ 'ਤੇ ਬੇਲੋੜੇ ਆਰਥਿਕ, ਪ੍ਰਸ਼ਾਸਨਿਕ ਤੇ ਸੁਰੱਖਿਤ ਦਾ ਬੋਝ ਜ਼ਰੂਰ ਪੈਂਦਾ ਹੈ। ਸਰਕਾਰ ਵੱਲੋਂ ਅਨੇਕਾਂ ਹੀ ਸਮਾਜ ਸੁਧਾਰ ਤੇ ਦੇਸ਼ ਦੀ ਚੰਗੀ ਅਰਥਵਿਵਸਥਾ ਹਿੱਤ ਨਵੇਂ-ਨਵੇਂ ਕਾਨੂੰਨ ਲਾਗੂ ਕੀਤੇ ਜਾਂਦੇ ਹਨ, ਜਿਨ੍ਹਾਂ ਨਾਲ ਦੇਸ਼ ਦੇ ਨਾਗਰਿਕ ਨੂੰ ਸਮਾਜਿਕ ਸੁਰੱਖਿਆ ਤੇ ਦੇਸ਼ ਦੀ ਅਰਥਵਿਵਸਥਾ ਨੂੰ ਤਾਕਤ ਮਿਲਦੀ ਹੈ, ਤਾਂ ਫਿਰ ਰਾਜਨੀਤਿਕ ਪਾਰਟੀਆਂ ਵੱਲੋਂ ਆਪਣੀ ਨਿੱਜੀ ਲਾਲਸਾਵਾਂ ਹਿੱਤ ਇੱਕ ਚੰਗੇ ਉਮੀਦਵਾਰ ਨੂੰ ਲੋੜ ਪੈਣ 'ਤੇ ਵਿਧਾਨ ਸਭਾ ਵਿਧਾਇਕ ਹੋਣ ਦੇ ਬਾਵਜੂਦ ਲੋਕ ਸਭਾ ਚੋਣਾਂ ਲੜਾਉਣ 'ਤੇ ਪਾਬੰਦੀ ਦਾ ਕਾਨੂੰਨ ਬਣਾਉਣ ਦੀ ਲੋੜ ਹੈ, ਤਾਂ ਜੋ ਆਏ ਸਾਲ ਜ਼ਿਮਨੀ ਚੋਣਾਂ 'ਤੇ ਹੁੰਦੇ ਕਰੋੜਾਂ ਰੁਪਏ ਦੇ ਖ਼ਰਚ, ਸਰਕਾਰੀ-ਤੰਤਰ 'ਤੇ ਪੈਂਦੇ ਵਾਧੂ ਬੋਝ ਨੂੰ ਘਟਾਇਆ ਜਾ ਸਕੇ।

## ਵਿਸਾਖੀ ਅੰਕ ਲਈ ਵਿਸ਼ੇਸ਼

# ਵਿਸ਼ਵ ਦੀ ਪੂਰੀ ਪਰਿਕਰਮਾ ਹੈ ਸ਼ੇਰਗਿੱਲ ਦਾ 'ਪੰਜਾਬੀ ਸੰਸਾਰ-2023' ਅਤੇ 'ਸਿੱਖ ਸੰਸਾਰ -2024'

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)




ਇਕੱਲੇ ਮਾਰਸ਼ਲ ਪੰਜਾਬੀ ਨਰਪਾਲ ਸਿੰਘ ਸ਼ੇਰਗਿੱਲ ਨੇ ਇਹ ਪਰਿਕਰਮਾ ਕਰਕੇ ਸਮੁੰਦਰ 'ਚੋਂ ਹੀਰੇ ਚੁਣੇ ਹਨ, ਉਨ੍ਹਾਂ ਨੂੰ ਤ੍ਰਾਸ਼ਿਆ ਹੈ, ਇੱਕ ਥਾਂ ਪਰੋਇਆ ਹੈ, ਸੰਜੋਇਆ ਹੈ। ਸ਼ੇਰਗਿੱਲ ਸੱਚਮੁੱਚ ਵਧਾਈ ਦਾ ਪਾਤਰ ਹੈ। ਇਹੋ ਜਿਹਾ ਕੰਮ ਇਕੱਲੇ ਇਕਹਿਰੇ ਵਿਅਕਤੀ ਦਾ ਨਹੀਂ ਹੁੰਦਾ, ਵੱਡੀਆਂ ਸੰਸਥਾਵਾਂ ਹੀ ਇਹੋ ਜਿਹੇ ਨਿਵੇਕਲੇ ਕਾਰਜਾਂ ਨੂੰ ਹੱਥ ਪਾਉਂਦੀਆਂ ਹਨ, ਜਿਨ੍ਹਾਂ ਪੱਲੇ ਧੰਨ ਹੋਵੇ, ਸਾਧਨ ਹੋਣ, ਜਿਨ੍ਹਾਂ ਕੋਲ ਇਮਾਨਦਾਰ ਕਿਰਤੀ ਕਾਮੇ ਹੋਣ, ਸੁਚੱਜੀ ਸੁੱਚੀ ਸੋਚ ਹੋਵੇ ਅਤੇ ਕੰਮ ਪੂਰਾ ਕਰਨ ਲਈ ਦ੍ਰਿੜ੍ਹਤਾ।

ਜੇਕਰ ਇਕੋ ਵਿਅਕਤੀ ਪਿਛਲੇ 22 ਵਰ੍ਹਿਆਂ ਤੋਂ ਪੂਰੀ ਲਗਨ, ਮਿਹਨਤ, ਸ਼ਿੱਦਤ, ਇਕਾਗਰਤਾ, ਤੁਅੱਸਬ ਨਾਲ ਪਹਾੜ ਜਿੱਡੇ ਕੰਮ ਨੂੰ ਨੇਪਰੇ ਚਾੜ੍ਹਨ ਲਈ ਤੁਲਿਆ ਹੋਵੇ, ਤਾਂ ਕੀ ਉਹ ਕਿਸੇ ਸੰਸਥਾ ਵਿਸ਼ੇਸ਼ ਤੋਂ ਘੱਟ ਹੋਏਗਾ? ਜਿਸ ਨੇ ਤਨੋਂ, ਮਨੋਂ ਆਪਣੇ ਜੀਵਨ ਦੇ ਕੀਮਤੀ ਵਰ੍ਹੇ ਪੰਜਾਬੀ ਪ੍ਰਵਾਸੀਆਂ ਨੂੰ ਇੱਕ ਕਲਾਵੇ 'ਚ ਲੈਣ ਲਈ ਹਰ ਪਲ, ਹਰ ਛਿਨ, ਹਰ ਘੜੀ ਯਤਨ ਹੀ ਨਾ ਕੀਤਾ ਹੋਵੇ, ਸਗੋਂ ਵੱਡੇ ਕਾਰਜ ਨੂੰ ਇੱਕ ਚੈਲਿੰਜ ਵਜੋਂ ਲੈ ਕੇ ਸਿਰੇ ਵੀ ਚਾੜ੍ਹਿਆ ਹੋਵੇ। ਕੀ ਇਹੋ ਜਿਹਾ 'ਉਦਮੀ ਜੀਊੜਾ' ਸਾਡੇ ਸਭਨਾਂ ਦੀ ਪ੍ਰਸੰਸਾ ਦਾ ਹੱਕਦਾਰ ਨਹੀਂ?

ਇਹ ਕਾਰਜ ਉਸਨੇ ਘਰ ਬੈਠਿਆਂ, ਇੰਟਰਨੈੱਟ ਰਾਹੀਂ ਜਾਂ ਪੁਸਤਕਾਂ ਦੇ ਜ਼ਰੀਏ ਨਹੀਂ, ਸਗੋਂ ਪੂਰੀ ਦੁਨੀਆਂ ਦੇ ਵੱਖੋ-ਵੱਖਰੇ ਖਿੱਤਿਆਂ 'ਚ ਭਰਮਣ ਕਰਕੇ, ਜਿਧਰੇ ਕਿਧਰੇ ਵੀ ਪੰਜਾਬੀ ਮਿਲੇ, ਪੰਜਾਬੀ-ਭਾਰਤੀ ਉਦਮੀ ਮਿਲੇ, ਉਨ੍ਹਾਂ ਤੱਕ ਨਿੱਜੀ ਪਹੁੰਚ ਕਰਕੇ ਪ੍ਰਮਾਣਿਕ ਜਾਣਕਾਰੀ ਇਕੱਤਰ ਕੀਤੀ, ਬਿਨਾਂ ਕਿਸੇ ਭੇਦ-ਭਾਵ ਅਤੇ ਬਿਨਾਂ ਕਿਸੇ ਸੰਕੀਕਰਨ ਸੋਚ ਦੇ। ਪਿਛਲੇ 22 ਸਾਲਾਂ 'ਚ ਹਰ ਸਾਲ ਪਹਿਲੀ ਛਪੀ ਅੰਗਰੇਜ਼ੀ, ਪੰਜਾਬੀ ਐਡੀਸ਼ਨ 'ਚ ਵਾਧਾ ਕਰਦਿਆਂ 23ਵੇਂ ਸੰਸਕਰਨ 'ਚ ਭਰਵੀਂ ਜਾਣਕਾਰੀ ਦੇ ਕੇ ਖਾਸ ਕਰਕੇ ਪੰਜਾਬੀਆਂ ਦੇ ਦੇਸ਼ ਵਿਦੇਸ਼ ਵਿਚ ਕੀਤੇ ਵਿਸ਼ਾਲ ਕੰਮਾਂ, ਉਨ੍ਹਾਂ ਵੱਲੋਂ ਕਮਾਏ ਜੱਸ, ਉਨ੍ਹਾਂ ਵੱਲੋਂ ਉਥੋਂ ਦੇ ਲੋਕਾਂ 'ਚ ਬਣਾਏ ਆਪਣੇ ਸੁਚੱਜੇ ਅਕਸ, ਚੰਗੀ ਭੱਲ, ਚੰਗੀ ਛਾਪ ਨੂੰ ਇਕ ਮਾਲਾ ਦੀ ਲੜੀ 'ਚ ਪ੍ਰੋਇਆ ਹੈ। ਇਸ ਵਿਲੱਖਣ, ਨਿਵੇਕਲੇ, ਉਦਾਹਰਨੀ ਕੰਮ ਨੂੰ ਨੇਪਰੇ ਚਾੜ੍ਹਨ ਲਈ, ਉਨ੍ਹਾਂ ਨਾਲ ਸਾਂਝ ਪਾਉਣ ਲਈ ਵਪਾਰਕ ਮਸ਼ਹੂਰੀ ਰਾਹੀਂ ਉਸਨੇ ਭਰਪੂਰ ਹਿੱਸਾ ਪਾਇਆ ਹੈ।

ਦੁਨੀਆਂ ਦੇ 50 ਦੇਸ਼ਾਂ ਦੇ ਉਹ ਪ੍ਰਵਾਸੀ ਪੰਜਾਬੀ ਕਾਰੋਬਾਰੀਏ, ਜਿਨ੍ਹਾਂ ਦੀ ਦੌਲਤ 2 ਕਰੋੜ ਤੋਂ 4000 ਕਰੋੜ ਰੁਪਏ ਤੱਕ ਹੈ, ਅਤੇ ਜਿਨ੍ਹਾਂ ਦੇ ਆਪਣੇ ਜਾਇਦਾਦ ਵੇਚਣ ਖਰੀਦਣ ਦੇ ਦਫ਼ਤਰ ਹਨ, ਕਾਨੂੰਨੀ ਸਹਾਇਤਾ ਅਤੇ ਇਮੀਗਰੇਸ਼ਨ ਦੇ ਜਿਨ੍ਹਾਂ ਦੇ ਵੱਡੇ ਕਾਰੋਬਾਰ ਹਨ, ਜਿਹੜੇ ਟੂਰ ਅਤੇ ਟ੍ਰੈਵਲ, ਫਾਰੈਨ ਐਕਸਚੇਂਜ, ਹੋਟਲਾਂ, ਰੈਸਟੋਰੈਂਟਾਂ, ਵਿਦਿਅਕ ਸੰਸਥਾਵਾਂ, ਸਿਹਤ ਕੇਂਦਰਾਂ ਦੇ ਜਿਹੜੇ ਮਾਲਕ ਹਨ, ਅਤੇ ਜਿਹੜੇ ਆਯਾਤ ਨਿਰਯਾਤ ਦੇ ਕਿੱਤੇ ਨਾਲ ਜੁੜ ਕੇ ਬੇਅੰਤ ਧੰਨ ਕਮਾ ਕੇ ਵਿਦੇਸ਼ਾਂ 'ਚ ਬੈਠੇ ਸਰਦਾਰੀਆਂ ਕਰ ਰਹੇ ਹਨ, ਉਨ੍ਹਾਂ ਦੇ ਵੇਰਵੇ ਪੰਜਾਬੀ-ਸੰਸਾਰ ਦੇ ਪੰਨਿਆਂ ਦਾ ਸ਼ਿੰਗਾਰ ਹਨ।

ਇਸ ਵੱਡ ਅਕਾਰੀ ਸੁੰਦਰ ਰੰਗਦਾਰ ਛਪਾਈ ਵਾਲੀ ਪੁਸਤਕ 'ਚ 2000 ਤੋਂ ਵੱਧ ਸਿੱਖ ਸੰਸਥਾਵਾਂ, ਗੁਰਦੁਆਰਿਆਂ, ਜਿਨ੍ਹਾਂ 'ਚ ਵੱਡੀ ਗਿਣਤੀ ਗੁਰੂ ਘਰ ਦੇ ਸੇਵਕ ਸ਼ਾਮਲ ਹਨ ਅਤੇ ਜਿਹੜੇ ਵਿਦੇਸ਼ਾਂ ਅਤੇ ਭਾਰਤ ਦੀਆਂ ਵੱਖ-ਵੱਖ ਥਾਵਾਂ 'ਤੇ ਸਿੱਖ ਸੰਗਤਾਂ ਨੇ ਉਸਾਰੇ ਹੋਏ ਹਨ, ਉਨ੍ਹਾਂ ਦੇ ਪਤੇ, ਫੋਨ ਨੰਬਰ ਅਤੇ ਈ-ਮੇਲ ਆਦਿ ਵੀ ਦਰਜ ਹਨ। ਪੁਸਤਕ ਵਿਚ ਸਿੱਖ ਸੰਗੀਤ, ਸੱਭਿਆਚਾਰ, ਪੰਜਾਬੀ ਬੋਲੀ ਨਾਲ ਸੰਬੰਧਤ ਵਿਅਕਤੀਆਂ, ਨਗਰ ਕੀਰਤਨਾਂ, ਧਾਰਮਿਕ ਅਤੇ ਵਿਦਿਅਕ ਸੰਸਥਾਵਾਂ ਬਾਰੇ ਵੇਰਵੇ ਸ਼ਾਮਲ ਕੀਤੇ ਹਨ। ਨਾਲ ਹੀ ਸ਼ਾਮਲ ਹਨ 200 ਤੋਂ ਵੱਧ ਰਜਿਸਟਰਡ ਅਤੇ ਮਾਨਤਾ ਪ੍ਰਾਪਤ ਕਾਰਜ ਸੰਸਥਾਵਾਂ ਦੇ ਵੇਰਵੇ ਜਿਨ੍ਹਾਂ ਦੇ ਹਜ਼ਾਰਾਂ ਹੀ ਮੋਹਤਬਰ ਵਿਚਾਰਵਾਨ, ਗੁਣੀਂ ਗਿਆਨੀ ਸਮਾਜ ਸੇਵੀ ਪੰਜਾਬੀ ਮੈਂਬਰਾਂ ਦੇ ਵੇਰਵੇ ਹਨ। ਇਸ ਤੋਂ ਵੱਡੀ ਗੱਲ ਇਹ ਕਿ ਦੁਨੀਆਂ ਭਰ ਦੇ ਭਾਰਤੀ-ਪੰਜਾਬੀ ਅਖ਼ਬਾਰਾਂ, ਰੇਡੀਓ ਸਟੇਸ਼ਨਾਂ ਅਤੇ ਪੰਜਾਬੀ ਟੈਲੀਵੀਜ਼ਨ ਚੈਨਲਾਂ ਬਾਰੇ ਪੂਰਾ ਵੇਰਵਾ ਪੁਸਤਕ ਦਾ ਸ਼ਿੰਗਾਰ ਹੈ, ਜਿਨ੍ਹਾਂ ਵਿਚੋਂ ਕਈ ਅਖ਼ਬਾਰ ਰਸਾਲੇ ਆਨ-ਲਾਈਨ ਪੜ੍ਹੇ ਜਾਣ ਯੋਗ ਹਨ। ਪੁਸਤਕ ਦੀ ਵੱਡੀ ਖਾਸੀਅਤ ਇਹ ਕਿ ਪ੍ਰਵਾਸੀ ਪੰਜਾਬੀਆਂ ਦੀ ਸਹੂਲਤ ਲਈ ਦੁਨੀਆਂ ਭਰ ਦੀਆਂ 160 ਵਿਦੇਸ਼ੀ ਅੰਬੈਸੀਆਂ ਅਤੇ ਡਿਪਲੋਮੈਟ ਮਿਸ਼ਨਾਂ ਦੇ ਦਿੱਲੀ ਅਤੇ ਭਾਰਤ ਦੇ ਵੱਖੋ-ਵੱਖਰੇ ਸ਼ਹਿਰਾਂ 'ਚ ਸਥਿਤ ਦਫ਼ਤਰਾਂ ਬਾਰੇ ਪੂਰੀ ਜਾਣਕਾਰੀ ਅੰਕਿਤ ਹੈ। ਲਗਭਗ 200 ਦੇਸ਼ਾਂ ਦੇ ਅੰਤਰਰਾਸ਼ਟਰੀ ਐੱਸ.ਟੀ.ਡੀ. ਕੋਡ ਤੋਂ ਇਲਾਵਾ ਭਾਰਤ ਦੇਸ਼ ਦੇ 1175 ਸ਼ਹਿਰਾਂ ਦੀ ਨੈਸ਼ਨਲ ਐੱਸ.ਟੀ.ਡੀ. ਕੋਡ ਦੇ ਕੇ ਵਿਦੇਸ਼ ਵਸਦੇ ਵੀਰਾਂ ਲਈ ਇਕ ਵਿਸ਼ੇਸ਼ ਸੁਵਿਧਾ ਦੇਣ ਦਾ ਉਪਰਾਲਾ ਵੀ ਕੀਤਾ ਗਿਆ ਹੈ।





ਐਡੀ ਵੱਡੀ ਜਾਣਕਾਰੀ ਪੁਸਤਕ 'ਚ ਸਮੇਟਣਾ ਕੋਈ ਸੌਖਾ ਕੰਮ ਨਹੀਂ, ਸਮੇਟਣ ਉਪਰੰਤ ਬਿਨਾਂ ਕਿਸੇ ਗਲਤੀ ਤੋਂ ਇਸ ਨੂੰ ਛਾਪਣਾ ਹੋਰ ਵੀ ਔਖਾ ਹੈ ਪਰ ਇਸ ਵੱਡੇ, ਔਖੇ, ਗੁੰਝਲਦਾਰ, ਅਕੇਂਵੇ ਭਰੇ ਕੰਮ ਨੂੰ ਵੀ ਸੁਯੋਗ ਸੰਪਾਦਕ ਸ਼ੇਰਗਿੱਲ ਨੇ ਇਮਾਨਦਾਰੀ ਨਾਲ ਨਿਭਾਇਆ ਹੈ।

ਪੁਸਤਕ ਪੜ੍ਹਦਿਆਂ ਇਸ 'ਚ ਛਪੀਆਂ ਉੱਘੀਆਂ ਹਸਤੀਆਂ ਬਾਰੇ ਜਾਣਕਾਰੀ ਪੜ੍ਹ ਕੇ ਪੰਜਾਬੀਆਂ ਦਾ ਸੀਨਾ ਚੌੜਾ ਹੋਣਾ ਸੁਭਾਵਕ ਹੈ। ਪੰਜਾਬੀ, ਜਿਨ੍ਹਾਂ ਔਖੇ ਵੇਲੇ ਕੱਟ ਕੇ ਪ੍ਰਵਾਸ ਹੰਢਾਇਆ, ਓਪਰਿਆਂ 'ਚ ਰਹਿ ਕੇ ਜੱਸ ਖੱਟਿਆ। ਆਪਣਾ ਜੀਵਨ ਹੀ ਨਹੀਂ ਸੁਆਰਿਆ, ਹਜ਼ਾਰਾਂ ਲੱਖਾਂ ਲੋਕਾਂ ਦੇ ਮਾਰਗ ਦਰਸ਼ਕ ਵੀ ਬਣੇ, ਉਨ੍ਹਾਂ ਪੰਜਾਬੀ ਸਪੂਤਾਂ ਉਤੇ ਕੌਣ ਵਾਰੇ-ਵਾਰੇ ਨਹੀਂ ਜਾਵੇਗਾ? ਚਕਿੱਤਸਾ, ਇੰਜੀਨੀਅਰੀ, ਬਿਜ਼ਨੈਸ, ਪ੍ਰਬੰਧਨ, ਸਾਇੰਸ ਕਿਹੜਾ ਕਿੱਤਾ ਨਹੀਂ ਜਿਸ 'ਚ ਪੰਜਾਬੀਆਂ ਝੰਡੇ ਨਹੀਂ ਗੱਡੇ। ਆਪਣੇ ਧਰਮ ਦੇ ਪ੍ਰਚਾਰ, ਆਪਣੀ ਬੋਲੀ ਸੱਭਿਆਚਾਰ ਦੀ ਸੰਭਾਲ, ਫੈਲਾਅ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਪੜ੍ਹਾਉਣ, ਲਿਖਾਉਣ, ਚੰਗੇ ਪਾਸੇ ਲਾਉਣ ਅਤੇ ਆਪਣੇ ਸੱਭਿਆਚਾਰ ਨਾਲ ਜੋੜੀ ਰੱਖਣ ਲਈ ਕੀਤੇ ਯਤਨਾਂ ਦੀ ਸ਼ਲਾਘਾ ਕੀਤੇ ਬਿਨਾਂ ਰਿਹਾ ਨਹੀਂ ਜਾ ਸਕਦਾ।

ਪ੍ਰਵਾਸੀਆਂ ਵੱਲੋਂ ਆਪਣੇ ਪੰਜਾਬ ਨੂੰ ਸੰਵਾਰਨ, ਇਸ ਦੇ ਵਿਕਾਸ 'ਚ ਹਿੱਸਾ ਪਾਉਣ ਅਤੇ ਪੰਜਾਬੀਆਂ ਦੀ ਜੂਨ ਸੁਧਾਰਨ ਲਈ ਕੀਤੇ ਉਪਰਾਲੇ ਪ੍ਰਸ਼ੰਸਾਯੋਗ ਹਨ! ਪਰ ਕੀ ਅਸੀਂ ਇਧਰਲੇ ਪੰਜਾਬੀ ਉਨ੍ਹਾਂ ਦੀਆਂ ਕੀਤੀਆਂ ਦਾ ਮੁੱਲ ਪਾ ਸਕੇ ਆਂ? ਵਿਦੇਸ਼ ਵਸਦਿਆਂ ਵੀ ਧੁਰ ਅੰਦਰੋਂ ਪੰਜਾਬ-ਹਿਤੈਸ਼ੀ ਪੰਜਾਬੀ, ਵਿਸ਼ਾਲ ਹਿਰਦੇ ਵਾਲਾ ਇੱਕ ਖੋਜੀ, ਇੱਕ ਮੁਹਿੰਮਕਾਰੀ ਪੱਤਰਕਾਰ, ਜਿਹੜਾ ਆਪਣੇ ਮਨ 'ਚ ਪੰਜਾਬ ਲਈ, ਪੰਜਾਬੀਆਂ ਲਈ ਦਰਦ ਸਮੋਈ ਬੈਠਾ ਹੈ, ਕਿਧਰੇ ਪੰਜਾਬ ਦੇ ਹਿੱਤਾਂ ਨੂੰ ਖਰੋਚ ਵੱਜਦੀ ਹੈ, ਚੱਟਾਨ ਬਣਕੇ ਹਿੱਕ ਢਾਹ ਕੇ ਪੰਜਾਬ ਦੇ ਹਿੱਤਾਂ ਲਈ ਖੜੋ ਜਾਂਦਾ ਹੈ। ਕਿਧਰੇ ਮਾਂ ਬੋਲੀ ਪੰਜਾਬੀ ਨੂੰ ਧਰਕਾਰਿਆ ਜਾਂਦਾ ਹੋਵੇ, ਕਿਧਰੇ ਪੰਜਾਬੀਆਂ ਨਾਲ ਧੱਕਾ ਹੁੰਦਾ ਹੋਵੇ, ਉਹਦੀ ਕਲਮ ਆਪਣੇ ਹੀ ਢੰਗ ਨਾਲ ਇਵੇਂ ਚੱਲਦੀ ਹੈ ਕਿ ਧੱਕਾ ਕਰਨ ਵਾਲੇ, ਦਰੇਗ ਕਰਨ ਵਾਲੇ, ਆਪਣੇ ਆਪ ਹੀ ਮੂਧੇ ਮੂੰਹ ਜਾ ਡਿੱਗਦੇ ਹਨ। ਇਹ ਸ਼ਖ਼ਸ਼, ਪੰਜਾਬ ਦੇ ਸ਼ਾਹੀ ਸ਼ਹਿਰ ਪਟਿਆਲਾ ਦੇ ਨੇੜਲੇ ਪਿੰਡ ਮਜਾਲ ਖੁਰਦ ਦੇ ਵਾਸੀ ਹਨ ਨਰਪਾਲ ਸਿੰਘ ਸ਼ੇਰਗਿੱਲ!

ਬਹੁਤ ਘੱਟ ਪੰਜਾਬੀ ਇਹੋ ਜਿਹੇ ਹੋਣਗੇ, ਜਿਨ੍ਹਾਂ ਪੱਲੇ ਇਕੋ ਵੇਰ ਪੰਜਾਬੀ ਸਾਹਿਤ, ਅੰਗਰੇਜ਼ੀ ਪੰਜਾਬੀ ਪੱਤਰਕਾਰੀ, ਪੰਜਾਬੀ ਸੱਭਿਆਚਾਰ, ਭਾਸ਼ਾ, ਪੰਜਾਬ ਅਤੇ ਪੰਜਾਬੀਅਤ ਦੀ ਸੇਵਾ ਦੇ ਨਾਲ-ਨਾਲ ਲੋਕ ਸੇਵਾ ਦਾ ਮਾਣ ਹਾਸਲ ਹੋਇਆ ਹੋਵੇ ਅਤੇ ਉਹ ਵੀ ਆਮ ਲੋਕਾਂ ਵਲੋਂ!

ਧਰਤੀ ਨਾਲ ਜੁੜਿਆ ਹੋਇਆ ਇਨਸਾਨ ਹੈ ਨਰਪਾਲ ਸਿੰਘ ਸ਼ੇਰਗਿੱਲ, ਜਿਹੜਾ ਗ੍ਰਹਿਸਥ, ਵਪਾਰ, ਲੇਖਣੀ 'ਚ ਇੱਕੋ ਵੇਲੇ, ਇੱਕੋ ਸੁਰ ਇੱਕੋ ਤਾਲ 'ਚ, ਇਨ੍ਹਾਂ ਤਿੰਨਾਂ ਨਾਲ ਤਾਲਮੇਲ ਬੈਠਾਈ ਬੈਠਾ ਹੈ। ਕਹਿਣੀ ਅਤੇ ਕਥਨੀ ਦਾ ਪੱਕਾ ਹੈ ਸ਼ੇਰਗਿੱਲ, ਜਿਹੜਾ ਪੰਜਾਬ ਵਿਚਲੇ ਪੰਜਾਬੀਆਂ 'ਚ ਉਤਨਾ ਹੀ ਪਿਆਰਿਆ, ਸਤਕਾਰਿਆ, ਤੇ ਸਨਮਾਨਿਆ ਜਾਂਦਾ ਹੈ, ਜਿਤਨਾ ਵਿਦੇਸ਼ ਵਸਦੇ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਵਿਚ! ਪੰਜਾਬੀ ਦੇ ਸਭ ਤੋਂ ਵੱਧ ਛਪਣ ਵਾਲੇ ਪੰਜਾਬੀ ਅਖ਼ਬਾਰ 'ਰੋਜ਼ਾਨਾ ਅਜੀਤ' ਵਿਚ ਸ਼ੇਰਗਿੱਲ ਦੇ ਲੇਖ ਲੰਮੇ ਸਮੇਂ ਤੋਂ ਛਪਦੇ ਹਨ। ਭਾਰਤ, ਬਰਤਾਨੀਆ, ਕੈਨੇਡਾ, ਅਮਰੀਕਾ, ਜਰਮਨੀ, ਫਰਾਂਸ, ਹੌਲੈਂਡ ਅਤੇ ਆਸਟ੍ਰੇਲੀਆ ਦੇ 8 ਤੋਂ 15 ਅਖ਼ਬਾਰਾਂ ਵਿਚ ਵੀ ਉਨ੍ਹਾਂ ਦੇ ਲੇਖ ਛਾਇਆ ਹੁੰਦੇ ਹਨ। 1984 ਤੋਂ ਲੈ ਕੇ ਹੁਣ ਤੱਕ ਉਹ 1000 ਤੋਂ ਵੱਧ ਲੇਖ ਸਿੱਖ ਧਰਮ, ਸਿੱਖ ਸੰਸਥਾਵਾਂ ਵਿਦੇਸ਼ ਦੀਆਂ ਭਾਰਤੀ ਸੰਸਥਾਵਾਂ, ਸਿੱਖਾਂ ਤੇ ਭਾਰਤੀਆਂ ਨਾਲ ਹੋ ਰਹੇ ਨਸਲੀ ਵਿਤਕਰੇ, ਫਾਸ਼ਿਜ਼ਮ, ਪ੍ਰਵਾਸ, ਪ੍ਰਵਾਸੀ ਸਮੱਸਿਆ, ਮੀਡੀਆ ਦੇ ਪਸਾਰ, ਪੰਜਾਬੀ ਅਤੇ ਸਿੱਖ ਮੀਡੀਆ, ਦੇਸ਼ਾਂ ਦੇ ਦੁਵੱਲੇ ਸਬੰਧਾਂ, ਰਾਜਨੀਤੀ, ਵਪਾਰ, ਇਸਲਾਮਿਕ ਅੱਤਵਾਦ, ਅੰਤਰਰਾਸ਼ਟਰੀ ਰਾਜਨੀਤਿਕ ਕਾਨਫਰੰਸਾਂ, ਸੰਮੇਲਨ, ਭਾਰਤ ਦੀ ਕਲਾ ਅਤੇ ਇਤਿਹਾਸਕ ਮੁਜੱਸਮਿਆਂ, ਪੱਤਰਕਾਰਾਂ ਦੇ ਕਤਲਾਂ, ਮੀਡੀਆ ਵਰਕਰਾਂ, ਮਨੁੱਖੀ ਅਧਿਕਾਰਾਂ ਬਾਰੇ ਲਿਖ ਚੁੱਕਾ ਹੈ।




ਗੁਰੂ ਸਾਹਿਬ ਜੀ ਦੇ ਤਿੰਨ ਸੌ ਸਾਲਾ ਸਥਾਪਨਾ ਦਿਵਸ ਸਮੇਂ ਪ੍ਰਕਾਸ਼ਤ ਕੀਤਾ, ਅਪ੍ਰੈਲ 2011 'ਚ ਅੰਤਰਰਾਸ਼ਟਰੀ ਵਿਸਾਖੀ ਸੋਵੀਨਰ ਸਿੱਖਾਂ ਦੀ ਪੱਗੜੀ ਮੁਹਿੰਮ ਅਤੇ ਸਿੱਖਾਂ ਨਾਲ ਹੋ ਰਹੀਆਂ ਬੇਇਨਸਾਫੀਆਂ ਦੇ ਵਿਰੋਧ ਵਿਚ ਆਪਣੀ ਵੱਖਰੀ ਪਹਿਚਾਣ ਲੈ ਕੇ ਆਇਆ। ਜੋ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ: ਜਸਪਾਲ ਸਿੰਘ ਵੱਲੋਂ ਪੰਜਾਬੀ ਪਾਠਕਾਂ ਦੇ ਸਪੁਰਦ ਕੀਤਾ ਗਿਆ, ਫਿਰ ਇੰਡੀਅਨ ਐਵਰੋਡ ਦਾ 17ਵਾਂ ਐਡੀਸ਼ਨ ਛਾਪਿਆ ਗਿਆ, ਜਿਸ ਵਿਚ ਸਿੱਖ ਜਗਤ ਦੀ ਏ ਟੂ ਜੈੱਡ ਡਾਇਰੈਕਟਰੀ ਦੇ ਨਾਲ-ਨਾਲ 350ਵੇਂ ਅਨੰਦਪੁਰ ਸਾਹਿਬ ਦੇ ਸਥਾਪਨਾ ਦਿਵਸ ਨਾਲ ਸਬੰਧਤ ਇਤਿਹਾਸ ਅਤੇ ਇਤਹਾਸਕ ਮਹੱਤਤਾ ਦਰਸਾਉਂਦਾ 8 ਸਫਿਆਂ ਦਾ ਸਪਲੀਮੈਂਟ ਵੀ ਸ਼ਾਮਲ ਹੈ। 2017 ਵਿਚ ਛਾਪਿਆ ਸਪੈਸ਼ਲ ਗੁਰੂ ਗੋਬਿੰਦ ਸਿੰਘ ਜੀ ਐਡੀਸ਼ਨ ਅਤੇ ਵੈਸਾਖੀ ਸੋਵੀਨਰ 2017 ਸ਼ੇਰਗਿੱਲ ਦੀ ਸੰਪਾਦਕੀ ਮਿਹਨਤ ਦਾ ਪ੍ਰਮਾਣ ਹਨ। ਇਨ੍ਹਾਂ ਪ੍ਰਾਪਤੀਆਂ ਸਦਕਾ ਜਿਥੇ ਉਨ੍ਹਾਂ ਨੂੰ ਦੇਸ਼-ਵਿਦੇਸ਼ 'ਚ ਲੋਕਾਂ ਵਲੋਂ ਸਨਮਾਨ ਮਿਲੇ, ਉਥੇ 2015 'ਚ ਦੂਰਦਰਸ਼ਨ ਜਲੰਧਰ 'ਤੇ ਸਿੱਧੇ ਪ੍ਰਸਾਰਣ ਦੌਰਾਨ ਪੰਜਾਬੀ ਅਕਾਡਮੀ ਜਲੰਧਰ ਵਲੋਂ ਕੀਤਾ ਸਨਮਾਨ, ਇੱਕ ਅਭੁੱਲ ਤੇ ਯਾਦਗਾਰੀ ਸਨਮਾਨ ਸੀ। ਇਸੇ ਦੌਰਾਨ ਨਰਪਾਲ ਸਿੰਘ ਸ਼ੇਰਗਿੱਲ ਨੂੰ ਪੰਜਾਬ ਦੀ ਨਾਮੀ ਸੱਭਿਆਚਾਰਕ ਸੰਸਥਾ ਪੰਜਾਬੀ ਵਿਰਸਾ ਟਰੱਸਟ (ਰਜਿ:) ਫਗਵਾੜਾ ਵਲੋਂ 2016 'ਚ ਪਹਿਲਾ "ਮਾਣਮੱਤਾ ਪੱਤਰਕਾਰ ਪੁਰਸਤਕਾਰ" ਉਨ੍ਹਾਂ ਦੀਆਂ ਪੱਤਰਕਾਰੀ ਖੇਤਰ 'ਚ ਵੱਡੀਆਂ ਪ੍ਰਾਪਤੀਆਂ ਲਈ ਪ੍ਰਦਾਨ ਕੀਤਾ ਗਿਆ।

27 ਦਸੰਬਰ, 2017 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਸ: ਨਰਪਾਲ ਸਿੰਘ ਸ਼ੇਰਗਿੱਲ ਦੀ ਪਹਿਲਕਦਮੀ ਉਤੇ ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ (ਰਜਿ:) ਅਤੇ ਗਲੋਬਲ ਪੰਜਾਬ ਫਾਊਂਡੇਸ਼ਨ (ਰਜਿ:) ਵਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਕਰਵਾਈ ਗਈ ਨਿਰੋਲ ਪੱਤਰਕਾਰੀ 'ਤੇ ਆਧਾਰਿਤ 'ਗਲੋਬਲ ਪੰਜਾਬੀ ਮੀਡੀਆ ਕਾਨਫਰੰਸ' ਇੱਕ ਮੀਲ ਪੱਥਰ ਸਾਬਤ ਹੋਈ।

ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਨੇ ਆਪਣੀ ਇੰਡੀਅਨਜ਼ ਐਬਰੌਡ ਦਾ 20ਵਾਂ ਅੰਕ ਕੈਨੇਡਾ ਵਸਦੇ ਪੰਜਾਬੀਆਂ ਨੂੰ "ਕੈਨੇਡਾ ਵਿਸ਼ੇਸ਼ ਅੰਕ" ਸਮਰਪਿਤ ਕੀਤਾ। ਕੈਨੇਡਾ ਦੀ ਸਥਾਪਤੀ ਦੇ 150 ਵਰ੍ਹੇ, ਪੰਜਾਬੀਆਂ ਦੇ ਪ੍ਰਵਾਸ, ਪੰਜਾਬੀਆਂ ਦੇ ਕੈਨੇਡਾ 'ਚ 125 ਵਰ੍ਹਿਆਂ ਦੇ ਸੰਘਰਸ਼, ਉਨ੍ਹਾਂ ਦੇ ਕਾਰੋਬਾਰ, ਕੈਨੇਡਾ ਦੇ ਗੁਰੂ ਘਰਾਂ ਬਾਰੇ ਜਾਣਕਾਰੀ ਅਤੇ ਪ੍ਰਵਾਸੀ ਪੰਜਾਬੀਆਂ ਵਲੋਂ ਵਿਸ਼ੇਸ਼ ਖੇਤਰਾਂ 'ਚ ਮਾਰੀਆਂ ਇਤਿਹਾਸਕ ਮੱਲ੍ਹਾਂ ਬਾਰੇ ਵੀ ਖੋਜ ਭਰਪੂਰ ਜਾਣਕਾਰੀ ਇੰਡੀਅਨਜ਼ ਐਬਰੌਡ ਦੇ ਇਸ ਅੰਕ ਵਿਚ ਸ਼ਾਮਿਲ ਕੀਤੀ।

ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਗੁਰਪੁਰਬ 'ਤੇ ਨਰਪਾਲ ਸਿੰਘ ਸ਼ੇਰਗਿਲ ਵਲੋਂ ਪ੍ਰਕਾਸ਼ਿਤ ਕੀਤਾ ਗਿਆ ਵਿਸ਼ੇਸ਼ ਅੰਕ ਉਸਦੀ ਸਲਾਨਾ ਪ੍ਰਕਾਸ਼ਨਾ (**Indians Abroad and Punjabi Impact**) ਦਾ 21ਵਾਂ ਸਲਾਨਾ ਅੰਤਰਰਾਸ਼ਟਰੀ ਵਾਰਸ਼ਿਕ ਅੰਕ ਸੀ। ਜਿਸ ਵਿਚ ਪਿਛਲੀਆਂ ਸਾਰੀਆਂ ਖੋਜ ਭਰਪੂਰ ਰਚਨਾਵਾਂ ਅਤੇ ਜਾਣਕਾਰੀ ਦੇ ਨਾਲ-ਨਾਲ 8 ਅੰਤਰਰਾਸ਼ਟਰੀ ਡਾਇਰੈਕਟਰੀਆਂ ਇਸ ਵਿਚ ਸ਼ਾਮਿਲ ਕੀਤੀਆਂ ਗਈਆਂ। ਇਸ ਅੰਕ ਵਿਚ ਸਿੱਖਾਂ ਦੇ ਪਹਿਲੇ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਅਤੇ ਉਨ੍ਹਾਂ ਦੇ ਪ੍ਰਭਾਵ ਵਿਚ ਸੰਸਾਰ ਭਰ ਵਿਚ ਪੰਜਾਬ ਤੋਂ ਬਾਹਰ ਗਏ ਲੋਕਾਂ ਵਲੋਂ ਪਹਿਲੀਆਂ ਅਤੇ ਪ੍ਰਮੁੱਖ ਪ੍ਰਾਪਤੀਆਂ ਨੂੰ "ਪਹਿਲੇ" ਹੋਣ ਦਾ ਮਾਣ ਦਿੱਤਾ ਗਿਆ, ਜਿਸ ਨੂੰ **"The Class of the Firsts"** ਦੇ ਚੈਪਟਰ ਵਜੋਂ ਪੇਸ਼ ਕੀਤਾ ਗਿਆ।

ਇਸੇ ਵਿਲੱਖਣ ਅਧਿਆਏ ਵਾਂਗਰ ਗੁਰੂ ਨਾਨਕ ਦੇਵ ਜੀ ਦੇ ਇਸ ਵਿਸ਼ੇਸ਼ ਅੰਕ ਵਿਚ ਸੰਸਾਰ ਭਰ ਦੇ 550 ਗੁਰੂ ਨਾਨਕ ਨਾਮਲੇਵਾ ਸਿੱਖ ਚਿਹਰੇ, ਮਰਦ ਅਤੇ ਬੀਬੀਆਂ ਵਿਖਾਏ ਗਏ।

ਇਨ੍ਹਾਂ ਦੇ ਨਾਲ-ਨਾਲ ਪਿਛਲੇ ਵਰ੍ਹਿਆਂ ਦੌਰਾਨ ਵਿਸ਼ਵ ਦੀ ਪਰਿਕਰਮਾ ਕਰਕੇ ਧੁਰ ਪੂਰਬ ਤੋਂ ਧੁਰ ਪੱਛਮ ਤੱਕ ਸਥਾਪਿਤ ਕੀਤੇ ਗਏ ਗੁਰੂ ਨਾਨਕ ਦੇ ਨਾਮ ਨਾਲ ਅਤੇ ਹੋਰ ਇਤਿਹਾਸਕ ਗੁਰਦੁਆਰਾ ਸਾਹਿਬਾਨ ਨੂੰ ਸਮੁੱਚੇ ਸਿੱਖ ਸੰਸਾਰ ਸਾਹਮਣੇ ਰੱਖਿਆ ਗਿਆ। ਇਸ ਪੁਸਤਕ ਵਿਚ ਅੰਤਰਰਾਸ਼ਟਰੀ ਪੱਧਰ ਦੇ ਵਿਦਵਾਨਾਂ ਦੀਆਂ ਖੋਜ ਭਰਪੂਰ ਲਿਖਤਾ, ਰਚਨਾਵਾਂ ਸ਼ਾਮਲ ਕੀਤੀਆਂ ਗਈਆਂ, ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਦੀਆਂ ਉਦਾਸੀਆਂ, ਉਨ੍ਹਾਂ ਦਾ ਨਨਕਾਣਾ ਸਾਹਿਬ ਜਨਮ ਅਸਥਾਨ, ਸੁਲਤਾਨਪੁਰ ਲੋਧੀ ਕਰਮਭੂਮੀ ਅਤੇ ਅਖੀਰਲੇ ਵਰ੍ਹਿਆਂ ਦੇ ਕਰਤਾਰਪੁਰ ਸਾਹਿਬ ਦੇ ਜੀਵਨ ਨੂੰ ਪੇਸ਼ ਕੀਤਾ ਗਿਆ।

ਅੱਜ ਲਗਭਗ ਤਿੰਨ ਕਰੋੜੀ ਆਬਾਦੀ ਅਤੇ ਢਾਈ ਦਰਿਆਵਾਂ ਵਾਲਾ ਪੰਜਾਬ, ਜਦੋਂ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਅੱਜ ਜਦੋਂ ਪੰਜਾਬ ਦੇ ਲੋਕ ਮ੍ਰਿਗ ਤ੍ਰਿਸ਼ਨਾ ਵਰਗੇ ਸੁਪਨੇ ਹੰਢਾ ਰਹੇ ਹਨ, ਜਿਨ੍ਹਾਂ ਕਾਰਨ ਲੋਕਾਂ ਪੱਲੇ ਕੁਝ ਵੀ ਪੈ ਨਹੀਂ ਰਿਹਾ, ਸੂਬੇ ਪੰਜਾਬ ਦੇ ਹੱਕਾਂ ਉਤੇ ਲਗਾਤਾਰ ਡਾਕੇ ਪੈ ਰਹੇ ਹਨ, ਪੰਜਾਬ 'ਚ ਪੱਤਰਕਾਰਤਾ 'ਤੇ ਹਮਲੇ ਹੋ ਰਹੇ ਹਨ, ਉਦੋਂ ਵੱਡੀ ਗਿਣਤੀ ਸਿਆਸਤਦਾਨ ਪੰਜਾਬ ਦੇ ਵੱਡੇ ਮਸਲਿਆਂ ਮੁੱਦਿਆਂ ਨੂੰ ਦਰਕਿਨਾਰ ਕਰ ਆਪਣੀ ਕੁਰਸੀ ਪੱਕੀ ਕਰਨ ਦੇ ਆਹਰ ਵਿਚ ਹਨ, ਉਦੋਂ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਵਰਗੇ ਪ੍ਰਸਿੱਧ ਪੱਤਰਕਾਰ, ਬੁੱਧੀਜੀਵੀ ਪੰਜਾਬ ਦਾ ਰਾਹ ਦਸੇਰਾ ਬਣੇ ਪੰਜਾਬ ਸਮੱਸਿਆਵਾਂ ਦੇ ਹੱਲ ਲਈ ਆਪਣੀ ਨੁਕੀਲੀ ਕਲਮ ਚਲਾ ਰਹੇ ਹਨ। ਪੰਜਾਬੀ-ਸੰਸਾਰ ਪੁਸਤਕ ਇਸ ਗੱਲ ਦਾ ਪ੍ਰਮਾਣ ਹੈ ਕਿ ਲੇਖਕ ਨਰਪਾਲ ਸਿੰਘ ਸ਼ੇਰਗਿੱਲ ਅਤੇ ਉਨ੍ਹਾਂ ਦੇ ਸਾਥੀ ਲੇਖਕਾਂ ਦੀਆਂ ਪੰਜਾਬੀ-ਸੰਸਾਰ 'ਚ ਛਪੀਆਂ ਰਚਨਾਵਾਂ ਪੰਜਾਬ ਹਿਤੈਸ਼ੀ ਬਾਤ ਪਾਉਂਦੀਆਂ ਹਨ ਅਤੇ ਪੰਜਾਬ ਦੇ ਵਿਚੋਂ ਹੋ ਰਹੇ ਧਿੰਗੋਜੋਰੀ ਪ੍ਰਵਾਸ, ਪੰਜਾਬ ਦੇ ਪਾਣੀਆਂ ਦੇ ਮਸਲੇ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਪੱਤਰਕਾਰਾਂ ਉਤੇ ਹਮਲਿਆਂ ਅਤੇ ਪੰਜਾਬ ਦੀ ਕਿਸਾਨੀ ਦੇ ਮਸਲੇ ਲੋਕਾਂ ਸਾਹਵੇਂ ਲਿਆਕੇ ਮੰਜਿਆਂ ਉਤੇ ਲੰਮੀਆਂ ਤਾਣ ਕੇ ਸੁੱਤੇ ਪਏ ਸਿਆਸਤਦਾਨਾਂ ਨੂੰ ਝੰਜੋੜਦੀਆਂ ਹਨ, ਜਿਹੜੇ ਪੰਜਾਬੀਆਂ ਨੂੰ ਵਿਹਲੜ, ਮੰਗਤੇ ਬਣਾਕੇ ਉਨ੍ਹਾਂ ਨੂੰ ਮੁਫ਼ਤ ਰਾਸ਼ਨ, ਪਾਣੀ, ਬਿਜਲੀ ਅਤੇ ਹੋਰ ਸਹੂਲਤ ਦੇ ਕੇ ਵੋਟ ਬਟੋਰਨ ਦੀ ਤਾਕ ਵਿਚ ਹਨ।

ਨਰਪਾਲ ਸਿੰਘ ਸ਼ੇਰਗਿੱਲ ਪੰਜਾਬ, ਪੰਜਾਬੀ, ਪੰਜਾਬੀਅਤ ਦਾ ਅਲੰਬਰਦਾਰ ਅਤੇ ਝੰਡਾ ਬਰਦਾਰ ਹੈ। ਪੰਜਾਬੀ ਵਿਰਸੇ ਦੀ ਸੰਭਾਲ ਉਸਦੀ ਪਹਿਲ ਹੈ। ਦੇਸ਼ਾਂ-ਵਿਦੇਸ਼ਾਂ 'ਚ ਭਰਮਣ ਕਰਦਿਆਂ ਵੀ ਅਤੇ ਆਪਣੀਆਂ ਲਿਖਤਾਂ ਵਿਚ ਵੀ ਉਹ ਪੰਜਾਬੀ ਵਿਰਸੇ ਦੀ ਬਾਤ ਪਾਉਂਦਾ ਹੈ ਅਤੇ ਪੂਰੀ ਨਿਡਰਤਾ ਨਾਲ ਆਪਣੀ ਜਨਮ ਭੂਮੀ (ਪੰਜਾਬ) ਅਤੇ ਕਰਮਭੂਮੀ (ਬਰਤਾਨੀਆ) 'ਚ ਵਿਚਰ ਰਿਹਾ ਹੈ।

ਸਾਡੀ ਕਾਮਨਾ ਹੈ ਕਿ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਦੀ ਸੇਵਾ ਲਈ ਲੰਮੇ ਸਮੇਂ ਤੋਂ ਕਰਮਸ਼ੀਲ, ਕਰਮਯੋਗੀ ਨਰਪਾਲ ਸਿੰਘ ਸ਼ੇਰਗਿੱਲ ਲੋਕਾਂ ਦਾ ਐਨਾ ਜੱਸ ਖੱਟੇ ਕਿ ਉਸ ਨੂੰ ਇੰਜ ਜਾਪੇ, ਜਿਵੇਂ ਉਹਦੀ ਆਪਣੀ ਹੋਂਦ ਤਾਂ ਹੈ ਹੀ ਨਹੀਂ, ਉਹ ਤਾਂ ਆਪ ਹੀ 'ਲੋਕ' ਬਣ ਗਿਆ ਹੈ। ਇਸ ਪੁਸਤਕ ਦੀ ਭਾਰਤ 'ਚ ਕੀਮਤ 500 ਰੁਪਏ, ਯੂ.ਕੇ. 'ਚ 10 ਪੌਂਡ, ਯੂ.ਐੱਸ.ਏ. 'ਚ 20 ਡਾਲਰ ਅਤੇ ਕੈਨੇਡਾ 'ਚ 20 ਡਾਲਰ ਹੈ।

**ਸ਼ੇਰਗਿੱਲ ਦੀ ਦੂਜੀ ਪੁਸਤਕ "ਗੁਰੂ ਨਾਨਕ ਦੇਵ-ਗੁਰੂ ਗੋਬਿੰਦ ਸਿੰਘ ਵਿਚਾਰਧਾਰਾ ਦੀ ਪਰਿਕਰਮਾ ਹੈ-ਅੰਤਰਰਾਸ਼ਟਰੀ ਗੁਰਦੁਆਰਾ ਸਾਹਿਬਾਨ ਦੀ ਡਾਇਰੈਕਟਰੀ-2024"**

ਗੁਰੂ ਨਾਨਕ ਦੇਵ-ਗੁਰੂ ਗੋਬਿੰਦ ਸਿੰਘ ਜੀ ਵਿਚਾਰਧਾਰਾ ਦੀ ਪਰਿਕਰਮਾ ਕਰਨ ਵਾਲੇ ਪੰਜਾਬੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਨੇ ਪੂਰੀ ਦੁਨੀਆਂ ਘੁੰਮਕੇ, ਗੁਰੂ ਘਰਾਂ 'ਚ ਪੁੱਜਕੇ ਉਥੋਂ ਦੇ ਵੇਰਵੇ ਸੰਗਤਾਂ ਸਨਮੁੱਖ ਰੱਖਕੇ ਸਦਾ ਯਾਦ ਰੱਖਣ ਵਾਲਾ ਅਦਭੁੱਤ ਕਾਰਜ ਕੀਤਾ ਹੈ।

ਖੋਜੀ ਪੱਤਰਕਾਰੀ ਦਾ ਥੰਮ੍ਹ, ਵਿਸ਼ਵ ਪੰਜਾਬੀ ਸਾਂਝ ਦਾ ਪ੍ਰਤੀਕ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਆਪਣੀ ਤਿੱਖੀ, ਧੂੰਆਂ ਧਾਰ, ਬੇਬਾਕ, ਕਲਮ ਸਦਕਾ ਪੰਜਾਬੀ ਪਾਠਕਾਂ ਦਾ ਹਰਮਨ ਪਿਆਰਾ, ਚਹੇਤਾ, ਮੁਹਿੰਮਕਾਰੀ ਪੱਤਰਕਾਰ ਹੈ।

ਮੁਹਿੰਮਕਾਰੀ ਪੱਤਰਕਾਰਤਾ 'ਚ ਇੱਕ ਹੋਰ ਪੁਲਾਂਘ ਭਰਦਿਆਂ ਨਰਪਾਲ ਸਿੰਘ ਸ਼ੇਰਗਿੱਲ ਨੇ ਜਿਸ ਢੰਗ ਨਾਲ ਦੁਨੀਆਂ ਭਰ ਦੇ ਗੁਰੂ ਘਰਾਂ 'ਚ ਸਿੱਜਦਾ ਕੀਤਾ, ਉਥੋਂ ਵੇਰਵੇ ਇਕੱਤਰ ਕੀਤੇ, ਉਸ ਨਾਲ ਉਨ੍ਹਾਂ ਨੂੰ ਅਮਰੀਕਾ, ਕੈਨੇਡਾ, ਇੰਗਲੈਂਡ, ਜਰਮਨੀ, ਇਟਲੀ, ਫਰਾਂਸ ਆਦਿ ਦੇਸ਼ਾਂ 'ਚ ਵੱਡਾ ਮਾਣ ਸਤਿਕਾਰ ਮਿਲਿਆ ਹੈ।

ਨਰਪਾਲ ਸਿੰਘ ਸ਼ੇਰਗਿੱਲ ਨੇ ਧਰਤੀ ਨਾਲ ਜੁੜੇ ਸ਼ਰਧਾਵਾਨ ਸਿੱਖ ਵਜੋਂ, ਇੱਕ ਪਰਉਪਕਾਰੀ ਜੀਊੜੇ ਵਜੋਂ, ਆਪਣੇ ਨਿੱਜੀ ਜੀਵਨ 'ਚ ਵਿਚਰਦਿਆਂ ਜਿਸ ਢੰਗ ਨਾਲ ਗ੍ਰਹਿਸਥ, ਸਮਾਜਿਕ, ਧਾਰਮਿਕ ਕਾਰਜਾਂ 'ਚ ਪ੍ਰਾਪਤੀਆਂ ਕੀਤੀਆਂ, ਉਹ ਆਪਣੇ ਆਪ ਵਿਚ ਇੱਕ ਮਿਸਾਲ ਹਨ। ਇਨ੍ਹਾਂ ਪ੍ਰਾਪਤੀਆਂ ਸਦਕਾ ਆਪ ਜੀ ਨੂੰ ਅਨੇਕਾਂ ਸਾਹਿਤਕ, ਪੱਤਰਕਾਰਤਾ ਨਾਲ ਸਬੰਧਤ ਸੰਸਥਾਵਾਂ, ਗੁਰੂ ਘਰਾਂ ਵਲੋਂ ਮਾਣ ਸਤਿਕਾਰ ਮਿਲਿਆ ਹੈ।

ਪਰ ਹੈਰਾਨੀ ਦੀ ਗੱਲ ਹੈ ਕਿ ਇੱਕ ਸੰਸਥਾ ਵਜੋਂ ਕੰਮ ਕਰਨ ਵਾਲੇ ਇਸ ਅੱਠ ਦਹਾਕੇ ਉਮਰ ਹੰਢਾਂ ਚੁੱਕੇ ਅਤੇ ਪੱਤਰਕਾਰੀ 'ਚ 55 ਸਾਲ ਪੱਤਰਕਾਰਤਾ 'ਚ ਸਫਲਤਾ ਨਾਲ ਨਿਭੇ ਉੱਦਮੀ ਪੱਤਰਕਾਰ, ਜਿਸਨੇ ਪੰਜਾਬੀ ਸੰਸਾਰ ਅਤੇ ਹੁਣ ਸਿੱਖ ਸੰਸਾਰ 'ਚ ਆਪਣੀ ਧਾਂਕ ਜਮਾਈ ਹੋਈ ਹੈ, ਉਸਨੂੰ ਨਾ ਕਿਸੇ ਸਰਕਾਰ ਨੇ ਅਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਕਦੇ ਸਤਕਾਰਿਆ ਹੈ। ਇਨਟਰਨੈਸ਼ਨਲ ਡਾਇਰੈਕਟਰੀ ਆਫ ਗੁਰਦੁਆਰਾ'ਜ਼ ਐਂਡ ਸਿੱਖ ਆਰਗੇਨਾਈਸ਼ਨ-2024 ਪਹਿਲਾਂ ਸਾਲ 1985 'ਚ ਲੰਦਨ ਤੋਂ ਛਪਵਾਈ ਗਈ ਸੀ ਅਤੇ ਹੁਣ ਇਸਦਾ 2024 ਵਿਚ ਨਵਾਂ ਸੰਸਕਰਣ ਛਾਪਿਆ ਗਿਆ ਹੈ, ਜਿਸ ਦੀ ਭਾਰਤ 'ਚ ਕੀਮਤ 500 ਰੁਪਏ, ਯੂ.ਕੇ. 'ਚ 10 ਪੌਂਡ, ਯੂ.ਐੱਸ.ਏ. 'ਚ 15 ਡਾਲਰ ਅਤੇ ਕੈਨੇਡਾ 'ਚ 20 ਡਾਲਰ ਹੈ। ਸੰਪਰਕ ਫੋਨ ਨੰ: 94171-04002 ਹੈ।

# ਕੱਤਕ ਨਹੀਂ ਵੈਸਾਖ

## ਜਨਮ ਸਾਖੀ ਭਾਈ ਬਾਲਾ ਦੀ ਅਸਲੀਅਤ



-ਸਰਵਜੀਤ ਸਿੰਘ
ਸੈਕਰਾਮੈਂਟੋ
sarbjits@gmail.com
(Punjab Mail USA)


ਡਾ. ਜਨਮ ਅਤੇ ਸਾਖੀ ਦੇ ਮੇਲ ਤੋਂ ਬਣੇ ਜਨਮ ਸਾਖੀ ਦਾ ਭਾਵ ਹੈ ਜਨਮ ਦੀ ਗਵਾਹੀ। ਸਿੱਖ ਇਤਿਹਾਸ ਨਾਲ ਸਬੰਧਿਤ ਜਨਮ ਸਾਖੀ, ਕੇਵਲ ਜਨਮ ਦੀ ਗਵਾਹੀ ਹੀ ਨਹੀਂ, ਸਗੋਂ ਜੀਵਨ ਦੀ ਕਹਾਣੀ ਹੈ। ਵਿਦਵਾਨਾਂ ਦਾ ਮੱਤ ਹੈ ਕਿ ਜਨਮ ਸਾਖੀ ਗੁਰੂ ਜੀ ਦੇ ਜਨਮ ਨਾਲ ਸਬੰਧਿਤ ਸਾਖੀ ਦਾ ਸਿਰਲੇਖ ਸੀ, ਜੋ ਹੌਲੀ-ਹੌਲੀ ਸਾਖੀਆਂ ਦੇ ਸਮੂਹ ਦਾ ਹੀ ਸਿਰਲੇਖ ਬਣ ਗਿਆ। ਸਿੱਖ ਇਤਿਹਾਸ ਦੇ ਪੁਰਾਤਨ ਵਸੀਲਿਆਂ 'ਚ ਜਨਮ ਸਾਖੀਆਂ ਦਾ ਮਹੱਤਵਪੂਰਨ ਅਸਥਾਨ ਹੈ। ਸਿੱਖ ਸਾਹਿਤ ਵਿਚ ਮਿਲਦੀਆਂ ਜਨਮ ਸਾਖੀਆਂ, "ਪੁਰਾਤਨ ਜਨਮ ਸਾਖੀ" ਜੋ ਹਾਫਜ਼ਾ ਵਾਦੀ, ਵਲਾਇਤ ਵਾਲੀ ਅਤੇ ਕੌਲਬਰੁਕ ਵਾਲੀ ਜਨਮ ਸਾਖੀ ਆਦਿ ਨਾਵਾਂ ਨਾਲ ਵੀ ਜਾਣੀ ਜਾਂਦੀ ਹੈ, "ਪੋਥੀ ਸੱਚ ਖੰਡ" ਮਿਹਰਬਾਨ ਵਾਲੀ ਜਨਮ ਸਾਖੀ, "ਆਦਿ ਸਾਖੀਆਂ" ਸ਼ੰਭੂ ਨਾਥ ਵਾਲੀ ਜਨਮ ਪਤ੍ਰੀ, ਭਾਈ ਬਾਲੇ ਵਾਲੀ ਜਨਮ ਸਾਖੀ, "ਗਿਆਨ ਰਤਨਾਵਲੀ" ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, "ਜਨਮ ਸਾਖੀ ਨਾਨਕ ਸ਼ਾਹ ਕੀ" ਕ੍ਰਿਤ ਸੰਤ ਦਾਸ ਛਿੱਬਰ, ਜੋ ਭਾਈ ਬਾਲੇ ਵਾਲੀ ਦਾ ਹੀ ਕਾਵਿਕ ਰੂਪ ਹੈ, "ਆਦਿ ਸਾਖੀਆਂ" ਭਾਈ ਬੂਲਾ ਦੀ ਕ੍ਰਿਤ ਅਤੇ ਸ਼ੀਹਾ ਉੱਪਲ ਦੀ ਕ੍ਰਿਤ "ਸਾਖੀ ਮਹਿਲ ਪਹਿਲੇ ਕੀ" ਪ੍ਰਸਿੱਧ ਹਨ। ਜਨਮ ਸਾਖੀਆਂ ਵਿਚ ਸਭ ਤੋਂ ਵੱਧ ਪ੍ਰਚੱਲਤ ਹੈ ਭਾਈ ਬਾਲੇ ਵਾਲੀ ਜਨਮ ਸਾਖੀ। ਇਸ ਦੇ ਪ੍ਰਚੱਲਤ ਹੋਣ ਦਾ ਕਾਰਨ ਹੈ ਪਿਛਲੀ ਡੇਢ ਸਦੀ ਤੋਂ ਗੁਰਦਵਾਰਿਆਂ ਵਿਚ ਭਾਈ ਸੰਤੋਖ ਸਿੰਘ ਦੇ ਲਿਖੇ ਸੂਰਜ ਪ੍ਰਕਾਸ਼ ਦੀ ਹੋ ਰਹੀ ਕਥਾ। ਇਸ ਜਨਮ ਸਾਖੀ ਦੇ ਹੱਥ ਲਿਖਤ ਉਤਾਰੇ ਬਹੁਤ ਮਿਲਦੇ ਹਨ ਅਤੇ ਛਾਪੇ ਖ਼ਾਨੇ ਵਾਲਿਆਂ ਨੇ ਵੀ ਵਾਰ-ਵਾਰ ਇਸੇ ਨੂੰ ਹੀ ਛਾਪਿਆ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮ ਸਾਖੀ ਦਾ ਹੀ ਪ੍ਰਚਾਰ ਸਭ ਤੋਂ ਵੱਧ ਹੋਇਆ ਹੈ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਜਨਮ ਸਾਖੀਆਂ ਦੀ ਪ੍ਰਮਾਣਿਕਤਾ ਬਾਰੇ ਵੀ ਸਭ ਤੋਂ ਵੱਧ ਪਰਖ-ਪੜਚੋਲ, ਭਾਈ ਬਾਲੇ ਵਾਲੀ ਜਨਮ ਸਾਖੀ ਦੀ ਹੀ ਹੋਈ ਹੈ।

ਭਾਈ ਬਾਲੇ ਵਾਲੀ ਜਨਮ ਸਾਖੀ ਦੀ ਪਰਖ ਦੇ ਆਰੰਭਕ ਉਪਰਾਲੇ ਵਜੋਂ, ਸਿੰਘ ਸਭਾ ਦੇ ਸਮੇਂ 1884 ਈ: ਵਿਚ ਪ੍ਰੋ: ਗੁਰਮੁਖ ਸਿੰਘ ਜੀ ਨੇ 'ਜਨਮ ਕੁੰਡਲੀਆਂ' ਲੇਖ ਆਪਣੇ ਮਾਸਿਕ ਪਤ੍ਰਿਕਾ ਸੁਧਾਰਕ ਵਿਚ ਛਾਪਿਆ ਸੀ। ਪਰ ਠੋਸ ਆਲੋਚਨਾਤਮਿਕ ਅਧਿਐਨ ਦਾ ਮੁੱਢ ਸ. ਕਰਮ ਸਿੰਘ ਹਿਸਟੋਰੀਅਨ ਨੇ 1912 ਈ: ਵਿਚ, 'ਕੱਤਕ ਕਿ ਵੈਸਾਖ' ਲਿਖ ਕੇ ਬੰਨ੍ਹਿਆਂ ਸੀ। ਇਸੇ ਤਰ੍ਹਾਂ ਹੀ ਪੁਰਾਤਨ ਜਨਮ ਸਾਖੀਆਂ ਦੀ ਸਾਂਭ-ਸੰਭਾਲ ਅਤੇ ਮੁੜ ਸੰਪਾਦਨਾਂ ਦਾ ਕਾਰਜ ਭਾਈ ਵੀਰ ਸਿੰਘ ਨੇ 1926 ਈ: ਵਿਚ, ਵਲੈਤ ਵਾਲੀ ਜਨਮਸਾਖੀ ਅਤੇ ਹਾਫਜਾਵਾਦੀ ਜਨਮਸਾਖੀ, ਜੋ ਲਗਭਗ ਸਮਰੂਪ ਹੀ ਹਨ, ਦੇ ਆਧਾਰ 'ਤੇ ਪੁਰਾਤਨ ਜਨਮਸਾਖੀ ਦੀ ਸੰਪਾਦਨਾ ਕਰਕੇ ਆਰੰਭ ਦਿੱਤਾ ਸੀ। ਪਰ ਵਿਦਿਅਕ ਅਦਾਰਿਆਂ ਵਿਚ ਵੱਡੀ ਪੱਧਰ 'ਤੇ ਇਸ ਵਿਸ਼ੇ 'ਤੇ ਖੋਜ ਕਾਰਜ ਦਾ ਆਰੰਭ, ਗੁਰੂ ਨਾਨਕ ਜੀ ਦੇ ਪ੍ਰਕਾਸ਼ ਦੀ ਪੰਜਵੀਂ ਸ਼ਤਾਬਦੀ ਭਾਵ 1969 ਈ: ਦੇ ਆਸ-ਪਾਸ ਹੀ ਹੋਇਆ ਸੀ।

ਸ. ਕਰਮ ਸਿੰਘ ਹਿਸਟੋਰੀਅਨ ਜੀ ਲਿਖਦੇ ਹਨ, "ਭਾਈ ਬਾਲੇ ਵਾਲੀ ਜਨਮ ਸਾਖੀ ਦੀ ਪੁਰਾਣੀ ਤੋਂ ਪੁਰਾਣੀ ਕਾਪੀ, ਜੋ ਮਿਲ ਸਕੀ ਹੈ, ਉਹ ਜਗਰਾਵੀਂ ਇਕ ਡੇਰੇ ਵਿਚੋਂ ਮਿਲੀ ਹੈ, ਇਸ ਦੇ ਲਿਖੇ ਜਾਣ ਦਾ ਸੰਮਤ 1781 ਮਿਤੀ ਮੱਘਰ ਵਦੀ ਦਸਮੀ ਹੈ। ਇਸ ਤੋਂ ਪਹਿਲਾਂ ਦੀ ਲਿਖੀ ਹੋਈ ਕਾਪੀ ਨਹੀਂ ਮਿਲਦੀ"। (ਪੰਨਾ 115) ਹੁਣ ਖੋਜੀ ਵਿਦਵਾਨਾਂ ਨੂੰ ਬਿਕ੍ਰਮੀ 1715 ਸੰਮਤ (1658 ਈ:) ਦੀ ਲਿਖੀ ਹੋਈ ਹੱਥ ਲਿਖਤ ਮਿਲੀ ਹੈ, ਜੋ ਸ਼੍ਰੀ ਪਿਆਰੇ ਲਾਲ ਕਪੂਰ ਦੀ ਸੰਤਾਨ ਪਾਸ ਸੁਰੱਖਿਅਤ ਹੈ। ਹੁਣ ਤਾਈਂ ਮਿਲੀਆਂ ਹੱਥ ਲਿਖਤਾਂ 'ਚ ਇਹ ਸਭ ਤੋਂ ਪੁਰਾਣੀ ਹੱਥ ਲਿਖਤ ਮੰਨੀ ਗਈ ਹੈ। ਇਹ ਇਕੋ ਹੱਥ ਦੀ ਲਿਖਤ ਹੈ। ਇਸ ਦਾ ਲੇਖਕ ਲਾਹੌਰ ਨਿਵਾਸੀ ਗੋਰਖ ਨਾਥ ਹੈ। "ਸੰਮਤ 1715 ਮਾਘ ਸੁਦੀ 6 ਪੋਥੀ ਲਿਖੀ ਗੁਰ ਪ੍ਰਸਾਦ ਗੋਰਖ ਦਾਸ ਸੰਗਤ ਗੁਰੂ ਜਾਚਕ"। ਇਹ ਤਾਰੀਖ 18 ਜਨਵਰੀ 1659 ਈ: (ਜੂਲੀਅਨ) ਬਣਦੀ ਹੈ। ਪਰ ਇਸ ਜਨਮ ਸਾਖੀ ਦੇ ਆਰੰਭ ਵਿਚ ਹੀ ਇਸ ਦਾ ਲੇਖਕ ਲਿਖਦਾ ਹੈ, "ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ ਸੰਮਤ 1582, ਪੰਦ੍ਰਾ ਸੈ ਬੈਆਸੀਆਂ ਮਿਤੀ ਵੈਸਾਖ ਸੁਦੀ ਪੰਚਮੀ ਪੋਥੀ ਲਿਖੀ"। ਇਹ ਤਾਰੀਖ 27 ਅਪ੍ਰੈਲ 1525 ਈ: ਬਣਦੀ ਹੈ। ਜਦੋਂਕਿ ਗੁਰੂ ਜੀ ਅੱਸੂ ਵਦੀ 10 ਸੰਮਤ 1596 ਬਿਕ੍ਰਮੀ (7 ਸਤੰਬਰ 1539 ਈ:) ਜੋਤੀ ਜੋਤ ਸਮਾਏ ਸਨ।

ਕੋਈ ਸਮਾਂ ਸੀ, ਜਦੋਂ ਸਾਧਨਾਂ ਦੀ ਕਮੀ ਕਾਰਨ ਸਿੱਖਾਂ ਵਿਚ ਪੜ੍ਹਨ ਦੀ ਬਹੁਤੀ ਰੁਚੀ ਨਹੀਂ ਸੀ। ਆਪ ਪੜ੍ਹਨ ਅਤੇ ਪਰਖ ਪੜਚੋਲ ਦੀ ਬਜਾਏ, ਪ੍ਰਚਾਰਕਾਂ ਵੱਲੋਂ ਸੁਣਾਈਆਂ ਸਾਖੀਆਂ ਨੂੰ ਹੀ ਸੱਚ ਮੰਨ ਲਿਆ ਜਾਂਦਾ ਸੀ। ਅੱਜ ਸਾਡੇ ਪਾਸ ਬਹੁਤ ਸਾਰੇ ਸਾਧਨ ਹਨ ਅਤੇ ਪ੍ਰਚਾਰਕਾਂ ਦੀ ਨਵੀਂ ਪੀੜ੍ਹੀ, ਕੁਝ ਇਕ ਨੂੰ ਛੱਡ ਕੇ, ਪੜ੍ਹੀ ਲਿਖੀ ਹੈ, ਜੋ ਇਤਿਹਾਸ 'ਚ ਦਰਜ ਸਾਖੀਆਂ ਨੂੰ ਗੁਰਬਾਣੀ ਦੀ ਕਸਵੱਟੀ ਅਤੇ ਵਿਗਿਆਨਕ ਨਿਯਮਾਂ ਨਾਲ ਪਰਖ-ਪੜਚੋਲ ਕੇ ਪੇਸ਼ ਕਰਦੇ ਹਨ। ਪੜ੍ਹਨ-ਲਿਖਣ ਦੀ ਰੁਚੀ ਰੱਖਣ ਵਾਲੇ ਸੱਜਣ ਇਹ ਜਾਣਦੇ ਹਨ ਕਿ ਬਾਲੇ ਵਾਲੀ ਜਨਮ ਸਾਖੀ ਜੋ ਅੱਜ ਪ੍ਰਚਲਿਤ ਹੈ, ਇਹ ਗੁਰੂ ਅੰਗਦ ਦੇਵ ਜੀ ਵੱਲੋਂ ਲਿਖਾਈ, ਜਨਮ ਸਾਖੀ ਨਹੀਂ ਹੈ। ਬਹੁਗਿਣਤੀ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮ ਸਾਖੀ ਹੰਦਾਲੀਆਂ ਵੱਲੋਂ ਲਿਖਵਾਈ ਹੋਈ ਹੈ। ਇਸ ਵਿਚ ਹੰਦਾਲ ਨੂੰ ਗੁਰੂ ਜੀ ਤੋਂ ਵੱਡਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੋਈ ਹੈ। ਇਸ ਜਨਮ ਸਾਖੀ ਵਿਚ ਬੇਅੰਤ ਭੁੱਲਾਂ ਦੇ ਨਾਲ-ਨਾਲ ਗੁਰੂ ਜੀ ਦਾ ਨਿਰਾਦਰ ਕਰਨ ਵਾਲੀਆਂ ਸਾਖੀਆਂ ਵੀ ਦਰਜ ਹਨ। ਜਿਵੇਂ ਕਿ ਮਝੌਤ ਵਾਲੀ (57) ਅਤੇ ਸਹਿਜ ਕੁਸਹਿਜ ਵਾਲੀ ਸਾਖੀ (75)।

ਹੰਦਾਲ ਦਾ ਜਨਮ, ਸੰਮਤ 1630 ਬਿਕ੍ਰਮੀ ਵਿਚ ਹੋਇਆ ਸੀ। "ਸੰਮਤ 1630 ਵਿਸਾਖ ਸੁਦੀ ਪੂਰਨਮਾਸ਼ੀ ਸਵਾਂਤੀ ਨਿਛੱਤ੍ਰ ਡੇਢ ਪਹਿਰ ਰਾਤ ਰਹਿੰਦੀ ਐਤਵਾਰ ਗੁਰੂ ਜੀ ਦਾ ਜਨਮ ਹੋਇਆ" (ਸ੍ਰੀ ਗੁਰੂ ਹੰਦਾਲ ਪ੍ਰਕਾਸ਼, ਪੰਨਾ 31) (ਯਾਦ ਰਹੇ ਵੈਸਾਖ ਸੁਦੀ ਪੂਰਨਮਾਸ਼ੀ ਨੂੰ 17 ਅਪ੍ਰੈਲ ਦਿਨ ਸ਼ੁੱਕਰਵਾਰ ਸੀ, ਨਾ ਕਿ ਐਤਵਾਰ) ਹੰਦਾਲ ਦੀ ਮੌਤ ਸੰਮਤ 1705 ਬਿਕ੍ਰਮੀ ਨੂੰ ਹੋਈ ਸੀ। ਇਸ ਦੇ ਪੁੱਤਰ ਬਿਧੀ ਚੰਦ ਦਾ ਜਨਮ ਸੰਮਤ 1660 ਬਿਕ੍ਰਮੀ ਅਤੇ ਮੌਤ ਸੰਮਤ 1715 ਬਿਕ੍ਰਮੀ ਨੂੰ ਹੋਈ ਸੀ। ਬਾਲ ਚੰਦ, ਬਿਧੀ ਚੰਦ ਤੋਂ 3 ਸਾਲ ਵੱਡਾ ਸੀ। ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਬਾਲ ਚੰਦ ਹੀ ਬਾਲਾ ਹੈ।

ਡਾ. ਗੁਰਬਚਨ ਕੌਰ ਜੀ ਲਿਖਦੇ ਹਨ, "ਬਾਲਾ, ਇਸ ਜਨਮ ਸਾਖੀ ਦਾ ਵਿਸ਼ੇਸ਼ ਪਾਤਰ ਹੈ, ਜੋ ਗੁਰੂ ਨਾਨਕ ਜੀ ਦਾ ਸਾਥੀ ਹੋਣ ਦਾ ਦਾਅਵਾ ਕਰਦਾ ਹੈ ਤੇ ਆਪਣੇ ਆਪ ਨੂੰ ਗੁਰੂ ਅੰਗਦ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਨਾਨਕ ਦੀ ਜੀਵਨੀ ਲਿਖਾਉਣ ਵਾਲਾ ਸਿੱਧ ਕਰਦਾ ਹੈ। ਪਰ ਜਨਮ ਸਾਖੀ ਦੀਆਂ ਅੰਦਰਲੀਆਂ ਗਵਾਈਆਂ ਦੇ ਆਧਾਰ ਉੱਤੇ ਸਿੱਧ ਕੀਤਾ ਗਿਆ ਹੈ ਕਿ ਇਹੋ ਜਿਹਾ ਕੋਈ ਇਤਿਹਾਸਿਕ ਵਿਅਕਤੀ ਨਹੀਂ ਹੋਇਆ, ਸਗੋਂ ਇਸ ਸਾਰੇ ਖੜ ਜੰਤਰ ਨੂੰ ਰਚਣ ਦਾ ਕੰਮ, ਬੜੀ ਚਤਰਾਈ ਨਾਲ, ਹੰਦਾਲ ਦੇ ਜੇਠੇ ਲੜਕੇ 'ਬਾਲ ਚੰਦ' ਨੇ ਕੀਤਾ ਹੈ। ਇਹ ਇਕ ਨਵੀਂ ਲੱਭਤ ਹੈ"। (ਜਨਮ ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਣ ਤੇ ਆਲੋਚਨਾਤਮਿਕ ਸੰਪਾਦਨ, ਪੰਨਾ : 146)

ਕਵੀ ਸੰਤੋਖ ਸਿੰਘ ਨੇ ਆਪਣੇ ਗ੍ਰੰਥ 'ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਦ' ਦੇ 37ਵੇਂ ਅਧਿਆਇ "ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆ" ਵਿਚ ਆਪਣੇ ਸਰੋਤਾਂ ਦਾ ਜ਼ਿਕਰ ਕਰਦੇ ਲਿਖਦੇ ਹਨ:

ਪੂਰਬ ਪੋਥੀ ਜੋ ਲਿਖੀ ਸ੍ਰੀ ਨਾਨਕ ਇਤਿਹਾਸ। ਲਿਖਵਾਈ ਅੰਗਦ ਗੁਰੂ ਬਾਲੇ ਬਦਨ ਪ੍ਰਕਾਸ਼॥ 13॥

ਉਪਰੋਕਤ ਪੰਗਤੀ ਤੋਂ ਸਪੱਸ਼ਟ ਹੈ ਕਿ ਕਵੀ ਭਾਈ ਸੰਤੋਖ ਸਿੰਘ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਜ਼ਿਕਰ ਕਰ ਰਹੇ ਹਨ, ਜੋ ਇਨ੍ਹਾਂ ਦਾ ਇਤਿਹਾਸਕ ਸਰੋਤ ਹੈ। ਇਸ ਤੋਂ ਅੱਗੇ ਕਵੀ ਜੀ, ਹੰਦਾਲ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਹੰਦਾਲ ਦੇ ਘਰ ਇਕ ਨੀਚ ਪੈਦਾ ਹੋ ਗਿਆ। ਜਿਸ ਦੇ ਹੱਥ ਗੁਰੂ ਅੰਗਦ ਜੀ ਵੱਲੋਂ ਲਿਖਵਾਈ ਪੋਥੀ ਆ ਗਈ। ਉਸ ਨੇ ਇਕ ਕਬੀਰ ਪੰਥੀ ਨਾਲ ਮਿਲ ਕੇ ਮਿਲਾਵਟੀ ਪੋਥੀ ਤਿਆਰ ਕਰ ਦਿੱਤੀ, ਜਿਸ ਵਿਚ ਉਸ ਨੇ ਹੰਦਾਲ ਦੀ ਵਡਿਆਈ ਕੀਤੀ ਅਤੇ ਗੁਰੂ ਨਾਨਕ ਜੀ ਸਬੰਧੀ ਅਯੋਗ ਸਾਖੀਆਂ ਇਸ ਆਸ ਨਾਲ ਲਿਖ ਦਿੱਤੀਆਂ ਕਿ ਗੁਰੂ ਦੇ ਸਿੱਖ ਸਾਨੂੰ ਮੰਨਣ ਲੱਗ ਪੈਣਗੇ। ਅਸਲ ਪੋਥੀ ਨੂੰ ਪਾੜ ਕੇ ਬਿਆਸ ਦਰਿਆ ਦੇ ਸਪੁਰਦ ਕਰ ਦਿੱਤਾ।

ਹਮਕੋ ਮਨਹਿੰਗੇ ਬਹੁ ਮਾਨਵ। ਲਿਖੀ ਅਧਿਕਤਾ ਉਰ ਆਨਵ।

ਪੂਰਬ ਪੋਥੀ ਹੁਤੀ ਜੋ ਸੋਈ ਦਈ ਬਿਆਸ ਬੀਚ ਡਬੋਇ॥ 27॥

ਪੰਨੇ ਛੇਦੇ ਦਈ ਬਹਾਈ। ਜੋ ਸ੍ਰੀ ਗੁਰੂ ਅੰਗਦ ਲਿਖਵਾਈ।

ਤਿਹ ਕੋ ਤਾਤਪਰਜ ਸਭਿ ਚੀਨੇ। ਅਧਿਕ ਬਚਨ ਅਪਨੇ ਲਿਖਿ ਦੀਨੇ॥ 28॥

ਕਵੀ ਸੰਤੋਖ ਸਿੰਘ ਦੀ ਉਪਰੋਕਤ ਲਿਖਤ ਤੋਂ ਇਹ ਸਪਸ਼ਟ ਹੈ, ਕਵੀ ਦੀ ਜਾਣਕਾਰੀ ਦਾ ਵਸੀਲਾ ਭਾਈ ਬਾਲੇ ਵਾਲੀ ਮਿਲਾਵਟੀ ਜਨਮ ਸਾਖੀ ਹੈ। "ਕਰਿ ਕੁਕਰਮ ਅਨਸ਼ੋਧ ਬਨਾਈ ਅਪਨ ਵਡਿਨ ਕੀ ਕੀਰਤਿ ਪਾਈ"। ਕਵੀ ਜੀ ਲਿਖਦੇ ਹਨ ਕਿ ਹੰਦਾਲੀਆਂ ਨੇ ਅਸਲ ਜਨਮ ਸਾਖੀ ਨੂੰ ਪਾੜ ਕੇ ਬਿਆਸ ਦਰਿਆ 'ਚ ਰੋੜ ਦਿੱਤਾ ਸੀ। ਜੇ ਇਹ ਸੱਚ ਹੈ, ਤਾਂ ਇਹ ਘਟਨਾ ਸੰਮਤ 1715 ਬਿਕ੍ਰਮੀ (1658 ਈ:) ਤੋਂ ਪਹਿਲਾ ਦੀ ਹੀ ਹੋ ਸਕਦੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਕਵੀ ਜੀ ਖ਼ੁਦ ਮੰਨਦੇ ਹਨ ਕਿ ਉਨ੍ਹਾਂ ਦਾ ਸਰੋਤ ਹੰਦਾਲੀਆਂ ਵਾਲੀ ਮਿਲਾਵਟੀ ਜਨਮ ਸਾਖੀ ਹੈ, ਤਾਂ ਉਨ੍ਹਾਂ ਦੀ ਲਿਖਤ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਸ਼ਵਾਸਯੋਗ ਕਿਵੇਂ ਮੰਨੀ ਜਾ ਸਕਦੀ ਹੈ?

ਪੁਰਾਤਨ ਜਨਮ ਸਾਖੀਆਂ, ਪੋਥੀ ਸੱਚ ਖੰਡ (1619 ਈ:), ਜਨਮ ਪਤ੍ਰੀ ਬਾਬੇ ਜੀ ਕੀ (1597 ਈ:) ਅਤੇ ਸਾਖੀ ਮਹਿਲ ਪਹਿਲੇ ਕੀ (1574 ਈ:) ਵਿਚ ਕਿਤੇ ਵੀ ਭਾਈ ਬਾਲੇ ਦਾ, ਗੁਰੂ ਨਾਨਕ ਜੀ ਦੇ ਨਿਕਟਵਰਤੀ ਵਜੋਂ ਜ਼ਿਕਰ ਨਹੀਂ ਹੈ। ਸਪੱਸ਼ਟ ਹੈ ਕਿ ਭਾਈ ਬਾਲੇ ਨਾਮ ਦਾ ਕੋਈ ਵਿਅਕਤੀ ਗੁਰੂ ਨਾਨਕ ਦੇਵ ਜੀ ਦਾ ਨਿਕਟਵਰਤੀ ਨਹੀਂ ਸੀ। ਭਾਈ ਬਾਲੇ ਵਾਲੀ ਮੌਜੂਦਾ ਜਨਮ ਸਾਖੀ, ਗੁਰੂ ਅੰਗਦ ਦੇਵ ਜੀ ਵੱਲੋਂ ਲਿਖਵਾਈ ਹੋਈ ਨਹੀਂ ਹੈ। ਇਸ ਜਨਮ ਸਾਖੀ ਦੇ ਆਰੰਭ ਵਿਚ ਲਿਖੀ ਤਾਰੀਖ ਇਸ ਨੂੰ, ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਲਗਭਗ 14 ਸਾਲ ਪਹਿਲਾ ਦੀ ਲਿਖੀ ਦੱਸ ਰਹੀ ਹੈ। ਇਸ ਦੇ ਆਰੰਭ ਵਿਚ ਲਿਖਿਆ ਸਾਲ (1582) ਅਤੇ ਅੰਤ ਵਿਚ ਦਰਜ ਇਸ ਦੇ ਲਿਖੇ ਜਾਣ ਦੇ ਸਾਲ (1715) ਵਿਚ 133 ਸਾਲ ਦਾ ਫਰਕ ਹੈ। "ੴ ਸਤਿਗੁਰ ਪ੍ਰਸਾਦਿ ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ - ਸੰਮਤ 1582 ਪੰਦ੍ਹ ਸੈ ਬਿਆਸੀਆਂ ਮਿਤੀ ਵੈਸਾਖ ਸੁਦੀ ਪੰਚਮੀਂ" ਪੋਥੀ ਲਿਖੀ ਪੈੜੇ ਮੋਖੇ ਸੁਲਤਾਨਪੁਰ ਕੇ ਖਤਰੀ" ਗੁਰੂ ਅੰਗਦ ਲਖਵਾਈ ਪੈੜਾ ਮੋਖਾ ਬਾਲੇ ਸੰਧੂ ਜਟੇਟੇ ਨਾਲਿ ਰਾਇ ਭੋਏ ਦੀ ਤਲਵੰਡੀ ਆਇਆ ਆਹਾ। ਗੁਰੂ ਅੰਗਦ ਜੀ ਨੋ ਡੂਢਿ ਕੈ ਲਧਾ ਆਹਾ॥ ਦੁਇ ਮਹੀਨੇ ਸਤਾਰਹ ਦਿਨ ਲਿਖਦਿਆ ਲਗੇ ਅਹੇ। ਜੋ ਹਕੀਕਤ ਜਿਥੇ ਜਿਥੇ ਫਿਰੇ ਆਹੈ ਤਿਥੋ ਤਿਥੋ ਦੀ ਹਕੀਕਤ ਸਹਜਿ ਨਾਲ ਭਾਈ ਬਾਲੇ ਲਖਾਈ। ਬਾਲੇ ਉਪਰਿ ਗੁਰੂ ਅੰਗਦ ਬਹੁਤੁ ਖੁਸੀ ਹੋਇਆ। ਭਾਈ ਬਾਲੇ ਅਤੇ ਮੁਰਦਾਨਾ ਰਬਾਬੀ ਨਾਲਿ ਫਿਰੇ ਆਹਾ ਮੋਦੀਖਾਨੇ ਕੇ ਡ਼ਖਤ, ਬਾਲਾ ਨਾਲੇ ਆਹਾ। ਸਭ ਤੋਂ ਮਹੱਤਵਪੂਰਨ ਸਵਾਲ ਹੈ, ਗੁਰੂ ਅੰਗਦ ਦੇਵ ਜੀ ਵੱਲੋਂ ਭਾਈ ਬਾਲੇ ਨੂੰ ਪੁੱਛਣਾ, "ਸਿਖਾ ਕਿਥੋਂ ਆਇਓ ਸੁ ਕਿਵ ਕਰਿ ਆਵਣ ਹੋਇਆ ਹੈ ਜੀ। ਕਉਣ ਹੁੰਦੇ ਹੋ?" ਕੀ ਇਸ ਜਨਮ ਸਾਖੀ ਦੇ ਅੰਦਰਲੀਆਂ ਗਵਾਈਆਂ ਹੀ ਇਸ ਨੂੰ ਰੱਦ ਕਰਨ ਲਈ ਕਾਫੀ ਨਹੀਂ ਹਨ? ਬਾਲਾ, ਇਕ ਕਾਲਪਨਿਕ ਪਾਤਰ ਹੈ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ ਮੌਜੂਦਾ ਜਨਮ ਸਾਖੀ ਝੂਠੀ ਅਤੇ ਜਾਹਲੀ ਹੈ। ਸਾਡਾ ਇਹ ਦਾਵਾ ਉਨ੍ਹਾਂ ਚਿਰ ਕਾਇਮ ਰਹੇਗਾ, ਜਿੰਨਾ ਚਿਰ ਸਬੰਧਿਤ ਧਿਰਾਂ ਸੰਮਤ 1597 ਬਿਕ੍ਰਮੀ (1540 ਈ:) ਦੀ ਲਿਖੀ ਹੋਈ ਭਾਈ ਬਾਲੇ ਦੀ ਅਸਲ ਲਿਖਤ ਪੇਸ਼ ਨਹੀ ਕੀਤੀ ਜਾਂਦੀ। ਹੁਣ ਜਦੋਂ ਭਾਈ ਬਾਲਾ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ ਜਨਮਸਾਖੀ ਹੀ ਰੱਦ ਹੋ ਗਈ ਹੈ, ਤਾਂ ਇਸ ਅਤੇ ਇਸੇ ਸ਼ਾਖ਼ ਦੀਆਂ ਹੋਰ ਲਿਖਤਾਂ ਵਿਚ ਦਰਜ, ਗੁਰੂ ਨਾਨਕ ਜੀ ਦੀ ਜਨਮ ਤਾਰੀਖ 'ਕੱਤਕ ਦੀ ਪੁੰਨਿਆ' ਵੀ ਆਪਣੇ ਆਪ ਹੀ ਰੱਦ ਹੋ ਜਾਂਦੀ ਹੈ।

# ਪੰਜਾਬ 'ਚ ਜ਼ਹਿਰਲੀ ਸ਼ਰਾਬ ਨਾਲ ਹੋਣ ਵਾਲੀਆਂ ਮੌਤਾਂ ਲਈ ਜ਼ਿੰਮੇਵਾਰ ਕੌਣ


ਬ੍ਰਿਸ ਭਾਨ ਬੁਜਰਕ
ਕਾਹਨਗੜ੍ਹ ਰੋਡ ਪਾਤੜਾਂ,
ਜ਼ਿਲ੍ਹਾ ਪਟਿਆਲਾ
98761-01698
(Punjab Mail USA)



ਪੰਜਾਬ ਅੰਦਰ ਮਿਲਾਵਟੀ ਨਸ਼ਿਆਂ ਦਾ ਵਧ ਰਿਹਾ ਪ੍ਰਭਾਵ ਲੋਕਾਂ 'ਤੇ ਕਹਿਰ ਬਣ ਕੇ ਟੁੱਟ ਰਿਹਾ ਹੈ। ਮਾਮਲਾ ਚਾਹੇ ਜ਼ਿਆਦਾ ਮਾਤਰਾ 'ਚ ਨਸ਼ਾ ਲੈਣ ਨਾਲ ਹੋਈਆਂ ਮੌਤਾਂ ਦਾ ਹੋਵੇ ਜਾਂ ਫਿਰ ਜ਼ਹਿਰਲੀ ਸ਼ਰਾਬ ਕਾਰਨ ਹੋਈਆਂ ਮੌਤਾਂ ਦਾ, ਦੋਹਾਂ ਮਸਲਿਆਂ ਵਿਚ ਇੱਕ ਹੀ ਕਾਰਨ ਸਾਹਮਣੇ ਆਉਂਦਾ ਹੈ ਕਿ ਨਸ਼ੇ ਨੂੰ ਵੱਧ ਮਾਤਰਾ 'ਚ ਤਿਆਰ ਕਰਨ ਲਈ ਜ਼ਹਿਰੀਲੇ ਕੈਮੀਕਲਾਂ ਦੀ ਵਰਤੋਂ ਕੀਤੀ ਗਈ ਹੈ। ਹੁਣੇ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਪਣੇ ਜ਼ਿਲ੍ਹੇ ਅਤੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਅਤੇ ਅਮਨ ਅਰੋੜਾ ਦੇ ਆਪੋ-ਆਪਣੇ ਹਲਕਿਆਂ 'ਚ 16 ਤੋਂ ਵੱਧ ਮੌਤਾਂ ਜ਼ਹਿਰਲੀ ਸ਼ਰਾਬ ਪੀਣ ਕਾਰਨ ਹੋਈਆਂ ਹਨ। ਸ਼ਰਾਬ ਪੀ ਕੇ ਆਪਣੀ ਜਾਨ ਗੁਆਉਣ ਵਾਲੇ ਤਕਰੀਬਨ ਸਾਰੇ ਹੀ ਵਿਅਕਤੀ ਗਰੀਬ ਟੱਬਰਾਂ ਨਾਲ ਸਬੰਧ ਰੱਖਦੇ ਸਨ। ਜਿਹੜੇ ਆਪਣੀਆਂ ਘਰੇਲੂ ਤੇ ਆਰਥਿਕ ਮਜਬੂਰੀਆਂ ਕਾਰਨ ਸਰਕਾਰੀ ਦੇ ਠੇਕਿਆਂ 'ਤੇ ਵਿਕਣ ਵਾਲੀ ਮਹਿੰਗੀ ਸ਼ਰਾਬ ਖਰੀਦਣ ਤੋਂ ਅਸਮਰਥ ਸਨ ਅਤੇ ਇਸੇ ਹੀ ਗੱਲ ਦਾ ਫਾਇਦਾ ਲੈ ਕੇ ਨਾਜਾਇਜ਼ ਸ਼ਰਾਬ ਵੇਚਣ ਵਾਲੇ ਲੋਕ ਇਨ੍ਹਾਂ ਗਰੀਬ ਬਸਤਿਆਂ 'ਚ ਆਪਣੇ ਘਰੇਂ ਕੈਮੀਕਲ ਪਾ ਕੇ ਤਿਆਰ ਕੀਤੀ ਗਈ ਸ਼ਰਾਬ ਲੰਮੇ ਸਮੇਂ ਤੋਂ ਸਸਤੇ ਭਾਅ ਵੇਚਦੇ ਆ ਰਹੇ ਸਨ। ਸ਼ਰਾਬ ਦੇ ਇਨ੍ਹਾਂ ਸਮੱਗਲਰਾਂ ਕੋਲ ਸ਼ਰਾਬ ਤਿਆਰ ਕਰਨ ਦਾ ਕੋਈ ਪੈਮਾਨਾ ਵੀ ਨਹੀਂ ਸੀ। ਜਿਸ ਕਰਕੇ ਕੈਮੀਕਲ ਦੀ ਵਾਧਾ ਮਾਤਰਾ ਪਾਉਣ ਕਰਕੇ ਅਜਿਹੀ ਦੁੱਖਦਾਈ ਘਟਨਾ ਵਾਪਰ ਗਈ ਅਤੇ ਪੁਲਿਸ ਵਲੋਂ ਕੁਝ ਘੰਟਿਆਂ ਅੰਦਰ ਹੀ ਸ਼ਰਾਬ ਤਿਆਰ ਕਰਨ ਵਾਲਾ ਸਮਾਨ ਵੀ ਬਰਾਮਦ ਕਰ ਲਿਆ। ਮਰਨ ਵਾਲੇ ਵਿਅਕਤੀਆਂ 'ਚ 8 ਜਣੇ ਹਲਕਾ ਦਿੜਬਾ ਦੇ ਪਿੰਡ ਗੁੱਜਰਾਂ ਨਾਲ ਸਬੰਧ ਰੱਖਦੇ ਸਨ ਅਤੇ 2 ਵਿਅਕਤੀ ਇਸੇ ਹਲਕੇ ਦੇ ਪਿੰਡ ਢੰਡਲੀ ਖ਼ੁਰਦ ਨਾਲ ਸਬੰਧਤ ਸਨ। ਚਾਰ ਵਿਅਕਤੀ ਹਲਕਾ ਸੁਨਾਮ 'ਚ ਪੈਂਦੀ ਰਵਿਦਾਸਪੁਰਾ ਟਿੱਬੀ ਅਤੇ ਇੱਕ ਇਸੇ ਹਲਕੇ ਦੇ ਪਿੰਡ ਜਖੇਪਲ ਦਾ ਰਹਿਣ ਵਾਲੇ ਸੀ। 16ਵਾਂ ਵਿਅਕਤੀ ਹਲਕਾ ਸਮਾਣਾ ਦਾ ਬਸ਼ਿੰਦਾ ਸੀ। ਜਿਹੜਾ ਰਵਿਦਾਸਪੁਰਾ ਟਿੱਬੀ ਵਿਖੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਇਆ ਹੋਇਆ ਸੀ। ਇਸ ਤੋਂ ਬਿਨ੍ਹਾਂ ਕਈ ਵਿਅਕਤੀ ਹਸਪਤਾਲਾਂ 'ਚ ਦਾਖਲ ਹਨ, ਜਿਨ੍ਹਾਂ ਦੀ ਅੱਖਾਂ ਦੀ ਰੌਸ਼ਨੀ ਚਲੀ ਗਈ ਹੈ ਜਾਂ ਕੋਈ ਹੋਰ ਸਰੀਰਕ ਦਿੱਕਤਾਂ ਦਾ ਸਾਹਮਣਾ ਕਰ ਰਹੇ ਹਨ।



ਪੰਜਾਬ 'ਚ ਜ਼ਹਿਰੀਲੀ ਸ਼ਰਾਬ ਪੀ ਕੇ ਹੋਣ ਵਾਲੀਆਂ ਮੌਤਾਂ ਨਾਲ ਸਬੰਧਤ ਇਹ ਕੋਈ ਪਹਿਲੀ ਜਾਂ ਆਖਰੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਸਾਲ 2020 'ਚ ਤਰਨਤਾਰਨ, ਗੁਰਦਾਸਪੁਰ ਅਤੇ ਅੰਮ੍ਰਿਤਸਰ 'ਚ 131 ਮੌਤਾਂ ਜ਼ਹਿਰੀਲੀ ਸ਼ਰਾਬ ਪੀਣ ਕਰਕੇ ਹੋਈਆਂ ਸਨ। 15 ਵਿਅਕਤੀ ਆਪਣੀ ਅੱਖਾਂ ਦੀ ਰੌਸ਼ਨੀ ਗਵਾ ਚੁੱਕੇ ਸਨ। ਇਸ ਮਾਮਲੇ 'ਚ 2 ਡੀ.ਐੱਸ.ਪੀ., 4 ਐੱਸ.ਐੱਚ.ਓ., 7 ਆਬਕਾਰੀ ਤੇ ਕਰ ਵਿਭਾਗ ਦੇ ਕਰਮਚਾਰੀਆਂ ਨੂੰ ਸਸਪੈਂਡ ਕੀਤਾ ਗਿਆ ਸੀ। ਪਰ ਸਾਰੇ ਬਹਾਲ ਹੋ ਕੇ ਆਪੋ-ਆਪਣੀਆਂ ਨੌਕਰੀਆਂ 'ਤੇ ਆ ਗਏ ਸਨ। ਉਸ ਵੇਲੇ 9 ਮਾਮਲੇ ਦਰਜ ਹੋਏ, 179 ਲੋਕਾਂ ਨੂੰ ਦੋਸ਼ੀ ਮੰਨਿਆ ਗਿਆ। ਨਕਲੀ ਸ਼ਰਾਬ ਵੇਚਣ ਵਾਲੇ ਕਈ ਦਰਜਨ ਵਿਅਕਤੀ ਪੁਲਿਸ ਦੇ ਹੱਥ ਹੀ ਨਹੀਂ ਲੱਗੇ। ਨਾਜਾਇਜ਼ ਸ਼ਰਾਬ ਵੇਚਣ ਵਾਲੇ ਬਹੁਤ ਗਿਣਤੀ ਲੋਕ ਜ਼ਮਾਨਤ ਲੈ ਕੇ ਬਾਹਰ ਘੁੰਮ ਰਹੇ ਹਨ। ਇਹ ਘਟਨਾ ਕਾਂਗਰਸ ਸਰਕਾਰ ਸਮੇਂ ਦੀ ਹੈ। ਉਸ ਵੇਲੇ ਸਰਕਾਰ ਨੇ ਪੀੜਤ ਪਰਿਵਾਰਾਂ ਨੂੰ 5-5 ਲੱਖ ਰੁਪਏ ਦਾ ਮੁਆਵਜ਼ਾ ਵੀ ਦਿੱਤਾ ਸੀ। ਪਰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੇਲੇ ਹੋਇਆ ਸ਼ਰਾਬ ਕਾਂਡ ਵੱਖਰੀ ਤਰ੍ਹਾਂ ਦੀ ਜਾਂਚ ਦੀ ਮੰਗ ਕਰ ਰਿਹਾ ਹੈ। ਕਿਉਂਕਿ 3 ਮਹੀਨੇ ਅੰਦਰ ਪੰਜਾਬ ਦੀ ਧਰਤੀ ਤੋਂ ਨਸ਼ਿਆਂ ਦਾ ਖਾਤਮਾ ਕਰਨ ਦਾ ਵਾਅਦਾ ਕਰਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਨਸ਼ਿਆਂ ਦੇ ਕਹਿਰ ਨੂੰ ਰੋਕਣ 'ਚ ਤਾਂ ਅਮਸਰਥ ਰਹੀ ਹੀ ਹੈ, ਸਗੋਂ ਨਸ਼ਾ ਸਮੱਗਲਰਾਂ ਦੇ ਹੌਂਸਲੇ ਇਸ ਕਦਰ ਵਧ ਗਏ ਹਨ ਕਿ ਆਪਣੇ ਘਰਾਂ 'ਚ ਸ਼ਰਾਬ ਤਿਆਰ ਕਰਨ ਦੇ ਉਦਯੋਗ ਲਗਾ ਕੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡ ਰਹੇ ਸਨ। ਪ੍ਰਸ਼ਾਸਨ ਨਾਲ ਜੁੜਿਆ ਹਰ ਵਿਅਕਤੀ ਲੰਮੇ ਸਮੇਂ ਤੋਂ ਚੱਲ ਰਹੇ ਸ਼ਰਾਬ ਦੇ ਇਸ ਕਾਰੋਬਾਰ ਬਾਰੇ ਜਾਣਦਾ ਸੀ ਪਰ ਸ਼ਰਾਬ ਸਮੱਗਲਰਾਂ ਦੀ ਰਾਜਨੀਤਿਕ ਪਹੁੰਚ ਹੋਣ ਕਰਕੇ ਕੋਈ ਹੱਥ ਪਾਉਣ ਨੂੰ ਤਿਆਰ ਨਹੀਂ ਸੀ, ਜਿਸ ਕਰਕੇ ਬਿਨ੍ਹਾਂ ਕਿਸੇ ਰੋਕ-ਟੋਕ ਤੋਂ ਨਾਜਾਇਜ਼ ਸ਼ਰਾਬ ਦਾ ਇਹ ਕਾਰੋਬਾਰ ਚੱਲਦਾ ਰਿਹਾ ਅਤੇ ਜਿਸ ਦਾ ਲੋਕਾਂ ਨੂੰ ਡਰ ਸੀ, ਆਖਿਰ ਵਿਚ ਉਹੀ ਘਟਨਾ ਵਾਪਰਨ ਤੋਂ ਬਾਅਦ ਪ੍ਰਸ਼ਾਸਨ ਹਰਕਤ 'ਚ ਆਇਆ ਅਤੇ ਸ਼ਰਾਬ ਸਮੱਗਲਰਾਂ 'ਤੇ 302 ਦਾ ਮਾਮਲਾ ਦਰਜ ਹੋਇਆ ਹੈ। ਇਹ ਮਾਮਲਾ ਦਰਜ ਹੋਣ ਜਾਂ ਫਿਰ ਮੁਜਰਮਾਂ ਨੂੰ ਫੜ ਕੇ ਜੇਲ੍ਹ ਭੇਜਣ ਨਾਲ ਮਸਲੇ ਦਾ ਹੱਲ ਨਹੀਂ ਹੋਣਾ, ਸਗੋਂ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ ਕਿ ਕਿਹੜੇ ਰਾਜਨੀਤਿਕ ਵਿਅਕਤੀਆਂ/ ਪ੍ਰਸ਼ਾਸਨ ਨਾਲ ਸਬੰਧਤ ਅਫਸਰਾਂ ਦੀ ਮਿਲੀਭੁਗਤ ਨਾਲ ਜ਼ਹਿਰੀਲੀ ਸ਼ਰਾਬ ਦਾ ਇਹ ਕਾਰੋਬਾਰ ਚਲਾਇਆ ਜਾ ਰਿਹਾ ਸੀ।

**ਸਤਿਕਾਰ ਯੋਗ, ਦਲਵੀਰ 'ਦਿਲ' ਨਿੱਜਰ ਪਿਆਰ ਭਰੀ ਸਤਿ ਸ੍ਰੀ ਅਕਾਲ।**
**ਤੁਹਾਡੀ ਕਿਤਾਬ 'ਰੂਹਾਂ ਦਾ ਸੰਗ੍ਰਾਮ' ਪੜ੍ਹੀ ਬਹੁਤ ਹੀ ਵਧੀਆ ਲੱਗਾ। ਬੇਸ਼ੱਕ ਮੈਂ ਕੋਈ ਅਲੋਚਕ ਤਾਂ ਨਹੀਂ ਪਰ ਇੱਕ ਸੁਹਿਰਦ ਪਾਠਕ ਜ਼ਰੂਰ ਹਾਂ। ਸਾਰੀਆਂ ਕਵਿਤਾਵਾਂ ਬਹੁਤ ਹੀ ਪਾਏਦਾਰ ਹਨ। ਪਰ ਕਈ ਕਵਿਤਾਵਾਂ ਤੇ ਉਨ੍ਹਾਂ ਕਵਿਤਾਵਾਂ ਵਿਚੋਂ ਕਈ ਲਾਇਨਾਂ ਜੋ ਮੈਨੂੰ ਬਹੁਤ ਚੰਗੀਆਂ ਲੱਗੀਆਂ, ਉਹ ਲਿਖ ਰਿਹਾਂ ਹਾਂ।**

ਤੁਹਾਡਾ ਆਪਣਾ
**ਸ਼ਾਹਬਾਜ਼ ਸਿੰਘ ਬਠਲਾ**

### ਬਾਜ਼ੀ:

ਤੂੰ ਸਫ਼ਰ ਵਿਚ ਰਹਿ ਨਾ ਦੇਖ ਪੈਰਾਂ ਦੇ ਛਾਲੇ
ਤੇਰੇ ਰਾਹਾਂ ਵਿਚ ਮੰਜ਼ਿਲ ਦਾ ਮੁਕਾਮ ਆਵੇਗਾ

ਇਸ਼ਕ ਵਿਚ 'ਦਿਲਾ' ਜਿੱਤ ਹਾਰ ਨਈਂ ਹੁੰਦੀ
ਖੇਡ ਇਸ਼ਕ ਦੀ ਬਾਜ਼ੀ ਅਨੰਦ ਤਮਾਮ ਆਏਗਾ

### ਏਕਾ:

ਮਜ਼੍ਹਬਾਂ ਦੇ ਠੇਕੇਦਾਰਾਂ ਸਭ ਕੁਝ ਹੈ ਰਾਖ ਕਰਨਾ
ਪੱਥਰਾਂ ਦੇ ਬੁੱਤਾਂ ਕੋਲੋਂ ਅਕਲਾਂ ਬਚਾ ਕੇ ਰੱਖਣਾ

ਧਰਮਾਂ ਨੇ ਕੁਝ ਨਾ ਦਿੱਤਾ ਤੇ ਨਾ ਕਦੇ ਹੈ ਦੇਣਾ
ਧਰਮਾਂ ਦੇ ਰੌਲਿਆਂ ਤੋਂ ਖੁਦ ਨੂੰ ਬਚਾ ਕੇ ਰੱਖਣਾ

### ਸਮਝੌਤਾ:

ਸਦੀਆਂ ਤੋਂ ਸੁਣਦੇ ਆਏ ਮੁੜਕੇ ਕੋਈ ਨਾ ਆਉਂਦਾ
ਫਿਰ ਵੀ ਦਰਵਾਜ਼ੇ 'ਤੇ ਆਪਣਾ ਨਾਂ ਲਿਖਾ ਲੈਂਦਾ ਹਾਂ

ਤੇਰੀ ਖੈਰ ਸਲਾਮਤ ਹੋਵੇ ਸਦਾ ਹੀ ਦੁਨੀਆਂ ਅੰਦਰ
ਇਸੇ ਲਈ ਸਰਦਲ 'ਤੇ ਇੱਕ ਦੀਪ ਜਗਾ ਲੈਂਦਾ ਹਾਂ

ਰੋਜ਼ ਸਵੇਰੇ ਤੌਬਾ ਕਰਕੇ ਦਰ ਤੇਰੇ ਤੋਂ ਮੁੜਦਾ ਹਾਂ
ਸ਼ਾਮ ਢਲੀ 'ਤੇ ਨਾਮ ਤੇਰੇ ਦਾ ਜਾਮ ਬਣਾ ਲੈਂਦਾ ਹਾਂ

### ਜ਼ਖਮ:

ਅਸੀਂ ਫ਼ੁੱਲਾਂ ਦੇ ਸਾਥੀ ਹਾਂ ਸਦਾ ਖੁਸ਼ਬੂ ਹੀ ਵੰਡਾਂਗੇ
ਇਰਾਦੇ ਨਈਂ ਰਕੀਬਾਂ ਦੇ ਰਾਹਾਂ 'ਚ ਕੰਡੇ ਧਰਨ ਦੇ

ਜੀਵਨ ਦੇ ਵਣਜਾਂ ਵਿਚ ਬੜੇ ਨਫ਼ੇ ਨੁਕਸਾਨ ਦੇਖੇ ਨੇ
'ਦਿਲ' ਦੇ ਅੱਜ ਵੀ ਜ਼ਿਗਰੇ ਨੇ ਯਾਰਾਂ ਤੋਂ ਹਰਨੇ ਦੇ

### ਘੁੰਗਰੂੰ:

ਜਦ ਉਹ ਕੋਲ ਨਾ ਹੋਇਆ ਤਾਂ ਜੀਵਨ ਖਾਕ ਹੋਵੇਗਾ
ਪਤਾ ਲੱਗਾ ਨਾ ਮੈਨੂੰ ਉਸ ਨੂੰ ਗੁਆਉਣ ਤੋਂ ਪਹਿਲਾਂ

ਬਿਨਾਂ ਉਹਦੇ ਹਿਜ਼ਰ ਵਿਚ ਸਮਾਂ ਇੰਝ ਗੁਜ਼ਰੇਗਾ ਏ
ਇਹ ਸੋਚਿਆ ਹੀ ਨਾ ਮੁਹੱਬਤ ਪਾਉਣ ਤੋਂ ਪਹਿਲਾਂ

ਕਿੰਨਾਂ ਕੁ ਦਰਦ ਹੈ ਛੁਪਿਆ ਨਦਾਨ ਘੁੰਗਰੂਆਂ ਅੰਦਰ
ਅੰਦਾਜ਼ਾ ਨਈਂ ਸੀ ਮੈਨੂੰ ਕੋਈ ਛਣਕਾਉਣ ਤੋਂ ਪਹਿਲਾਂ

### ਭਾਣਾ:

ਸ਼ੋਰ ਸ਼ਰਾਬਾ ਬੇਸ਼ੱਕ ਹੋ ਗਿਆ ਨਫ਼ਰਤ ਦਾ ਹਰ ਪਾਸੇ
ਸੁੰਨੇ ਦਰ ਨੂੰ ਪਿਆਰ ਭਰੀ ਦਸਤਕ ਦੀ ਉਡੀਕ ਰਹੇ

ਆਪਣੇ ਵੀ ਨਾ ਹੋਏ ਆਪਣੇ, ਗੱਲ ਕਰਾਂ ਕੀ ਗੈਰਾਂ ਦੀ
ਉਹ ਵੀ ਹੁਣ ਤਾਂ ਦੂਰ ਹੋਏ ਜੋ ਸਾਹਾਂ ਤੋਂ ਨਜ਼ਦੀਕ ਰਹੇ

### ਭਰੋਸਾ:

ਤਨ 'ਤੇ ਰੇਸ਼ਮ ਸਿਲਕ ਬੜਾ ਲਪੇਟ ਲਿਆ
ਹੁਣ ਕਿਹੜੇ ਬਸਤਰ ਪਾਵਾਂ ਮਨ ਲੰਗਾਰਾਂ 'ਤੇ

ਹੀਰੇ ਤੁੱਲ ਜਦੋਂ ਸੀ ਤਾਂ ਮੁੱਲ ਪਵਾਇਆ ਨਾ
ਹੁਣ ਕੌਡੀਆਂ ਭਾਅ ਰੁੱਲਦਾ ਵਿਚ ਬਜ਼ਾਰਾਂ ਦੇ

### ਇਲਜ਼ਾਮ:

ਕਤਲ ਕਦੋਂ ਨਈਂ ਹੋਇਆਂ ਚੁਰਾਹੇ ਸੱਚ ਦਾ ਦੱਸੋ
ਲਟਕਾ ਇਨਸਾਨ ਨੂੰ ਸੂਲੀ ਰੱਬ ਦਾ ਨਾਮ ਦਿੰਦੇ ਹੋ

ਮਕਤਲ ਵਿਚ ਬਿਠਾ ਕੇ ਵੀ ਸਕੂਨ ਨਾ ਮਿਲਿਆ
ਗੁਨਾਹ 'ਦਿਲ' ਨੂੰ ਅਜੇ ਵੀ ਤੁਸੀਂ ਤਮਾਮ ਦਿੰਦੇ ਹੋ

### ਇਸ਼ਕ:

ਪਹੁੰਚ ਕੇ ਮੰਜ਼ਿਲ 'ਤੇ ਕੌਣ ਸਾਰ ਰਾਹਾਂ ਦੀ ਪੁੱਛਦਾ
ਰਾਹੀ ਭਟਕੇ ਜੋ ਮੰਜ਼ਿਲੋਂ ਰਾਹ ਦਾ ਹੋਣਾ ਕਸੂਰ ਸੀ

### ਇਤਬਾਰ:

ਪਿੱਠ 'ਤੇ ਮਾਰੇ ਦੇ ਜ਼ਖਮ ਹੋਏ ਸੀਨੇ 'ਤੇ
ਖਾਮੋਸ਼ ਹਾਂ ਦੋਸਤਾਂ ਨੇ ਵਾਰ ਕੀਤਾ ਹੈ

ਕਿੰਝ ਕਹਾਂ ਨਹੀਂ ਹੈ ਕਸੂਰ ਮੇਰਾ ਕੋਈ
ਅੱਖਾਂ ਬੰਦ ਕਰ ਕੇ ਇਤਬਾਰ ਕੀਤਾ ਹੈ

### ਇਮਤਿਹਾਨ:

ਉਹਦੇ ਜਾਣ ਮਗਰੋਂ ਬਸਤੀ ਵੀਰਾਨ ਲੱਗੇ
ਖਾਲੀ ਤੇ ਸੁੰਨਾ ਮੈਨੂੰ ਮਨ ਦਾ ਮਕਾਨ ਲੱਗੇ

ਕਰਕੇ ਯਾਦ ਵਾਅਦੇ ਕਿੰਨਾਂ ਕੁ ਕੋਈ ਜੀਵੇ
ਜੀਵਨ ਨਾ ਮੁੱਕਣ ਵਾਲੀ ਕੋਈ ਥਕਾਨ ਲੱਗੇ

### ਥੋਹਰ:

ਇਹ ਪਤਾ ਹੈ ਉਸਨੂੰ ਕੇ ਹਵਾਵਾਂ ਜਿੱਦ ਨਹੀਂ ਛੱਡਣੀ
ਪਰ ਉਹ ਰੌਸ਼ਨੀ ਦੇ ਲਈ ਹੈ ਦੀਵੇ ਬਾਲਦਾ ਰਹਿੰਦਾ

ਕਦੇ 'ਦਿਲ' ਨੂੰ ਇਹ ਦੁਨੀਆਂ ਕਿਧਰੇ ਰਾਸ ਆ ਜਾਵੇ
ਹਰ ਪਲ ਸੋਚ ਇਹ ਲੈ ਕੇ ਖੁਦ ਨੂੰ ਢਾਲਦਾ ਰਹਿੰਦਾ

### ਰੰਗਰੇਜ਼:

ਨਿੱਤ ਮੈਂ ਲੱਭਾ ਉਸਨੂੰ ਸੂਰਜ ਚੰਦ ਸਿਤਰਿਆਂ 'ਚ
ਇਸੇ ਗੱਲ ਦੀ ਫ਼ੁੱਲਾਂ ਨੂੰ ਹਰ ਵੇਲੇ ਤੰਗੀਂ ਰਹਿੰਦੀ

ਯਾਦਾਂ ਦੀ ਇਸ ਚਾਦਰ ਨਾਲ ਖੂਬ ਲਪੇਟਾਂ ਖੁਦ ਨੂੰ
ਪਰ ਸਾਹਾਂ ਦੀ ਕੋਈ ਕਿਧਰੇ ਕੰਨੀਂ ਨੰਗੀ ਰਹਿੰਦੀ

### ਨਾਮ:

ਵਹਾਏ ਬਹੁਤ ਹੀ ਅੱਥਰੂ ਗਮਾਂ ਨੂੰ ਅਰਾਮ ਨਹੀਂ ਆਇਆ
ਹੋਈ ਬਰਬਾਦੀ ਸਾਡੀ ਦਾ ਤੈਨੂੰ ਇਲਜ਼ਾਮ ਨਹੀਂ ਆਇਆ

ਤੇਰੀ ਮਹਿਫ਼ਲ 'ਚ ਆ ਕੇ ਵੀ ਕਿਸਮਤ ਹਾਰ ਗਈ ਮੇਰੀ
ਰਹੇ ਤਨਹਾ ਮੈਖਾਨੇ 'ਚ ਹਿੱਸੇ ਕੋਈ ਜਾਮ ਨਹੀਂ ਆਇਆ

### ਬੂਹੇ:

ਯਾਦਾਂ ਵਾਲੇ ਜਦ ਕਿਧਰੇ ਵੀ ਬੂਹੇ ਖੁੱਲ੍ਹੇ ਨੇ
ਨੈਣਾਂ ਦੇ ਸਾਗਰ 'ਚ ਪਾਣੀ ਭਰ-ਭਰ ਡੁੱਲ੍ਹੇ ਨੇ

ਐਵੇਂ ਕਰੇ ਨਿੱਤ ਹੀ ਦਾਅਵੇ ਜਿਸਨੂੰ ਭੁੱਲਣ ਦੇ
ਸਿੱਲਿਆਂ ਅੱਖਾਂ ਦੱਸਣ ਉਹ ਕਦੇ ਨਾ ਭੁੱਲੇ ਨੇ

### ਹਨੇਰਾ:

ਮੁੱਖ ਦੀ ਕਿਤਾਬ ਉਹਦੀ ਕਿੰਝ ਪੜ੍ਹ ਲੈਂਦੇ
ਸੋਹਣਿਆਂ ਨੇ ਸਾਡੇ ਵੱਲ ਝਾਤ ਹੀ ਨਾ ਕੀਤੀ

ਲਿਖ ਲੈਂਦਾ 'ਦਿਲ' ਵੀ ਗੀਤ ਦਰਦ ਭਿੱਜੇ
ਇਸ਼ਕੇ ਦੀ ਉਨ੍ਹਾਂ ਬਰਸਾਤ ਹੀ ਨਾ ਕੀਤੀ

### ਦਿਲ ਲਗੀ:

ਰੋਹੀਆਂ ਨੂੰ ਜਿੱਦਾਂ ਸਾਵਣ ਦੀ ਮੈਨੂੰ ਤੇਰੇ ਮੁੜ ਕੇ ਆਵਣ ਦੀ
ਮੱਧਮ ਜਿਹੀ ਇੱਕ ਆਸ ਕੋਈ ਦਿਲ ਅੰਦਰ ਪਾਲੀ ਬੈਠੇ ਹਾਂ

'ਦਿਲ' ਦੀ ਮਿੱਟੀ ਛੋਹੇ ਨਾ ਛੋਹੇ ਇਹਦੀ ਨਾ ਪਰਵਾਹ ਕੋਈ
ਅਸੀਂ ਦੀਦ ਤੇਰੇ ਲਈ ਸੱਜਣਾਂ ਵੇ ਮੌਤ ਵੀ ਟਾਲੀ ਬੈਠੇ ਹਾਂ

### ਦਿਲਦਾਰ:

ਫ਼ੁੱਲਾਂ ਨੇ ਮੁਰਝਾ ਹੀ ਜਾਣਾ ਅੱਜ ਨਹੀਂ ਤਾਂ ਭਲਕੇ
ਹੁਣ 'ਦਿਲਾ' ਕਰਨੀ ਸਿੱਖ ਨਾਲ ਮੁੱਹਬਤ ਖਾਰਾਂ ਦੇ

### ਗੁਲਾਬ:

ਕੁਝ ਸੋਚਾਂ ਤੇ ਗੱਲਾਂ ਦੇ ਜਵਾਬ ਨਈਂ ਹੁੰਦੇ
ਦੁੱਖਾਂ ਦਰਦਾਂ ਦੇ ਕਦੇ ਹਿਸਾਬ ਨਈਂ ਹੁੰਦੇ

ਗੱਲਾਂ ਦਿਲ ਦੀਆਂ ਸਦਾ ਦਿਲ ਨਾਲ ਹੋਣ
ਜ਼ਿਕਰ ਦਿਲ ਦੇ ਵਿਚ ਕਿਤਾਬ ਨਈਂ ਹੁੰਦੇ

**ਉਮੀਦ ਹੈ ਤੁਸੀਂ ਇਸ ਤਰ੍ਹਾਂ ਹੀ ਪੰਜਾਬੀ ਮਾਂ ਦੀ ਝੋਲੀ ਆਪਣੀਆਂ ਲਿਖਤਾਂ ਨਾਲ ਭਰਦੇ ਰਹੋਗੇ। ਮੈਨੂੰ ਤੁਹਾਡੀ ਅਗਲੀ ਕਿਤਾਬ ਦੀ ਉਡੀਕ ਰਹੇਗੀ।**

# ਬੱਚਿਆਂ ਲਈ ਪੜ੍ਹਾਈ ਦੇ ਨਾਲ-ਨਾਲ ਨੈਤਿਕ ਸਿੱਖਿਆ ਕਿਉਂ ਜ਼ਰੂਰੀ?



**ਪ੍ਰਮੋਦ ਧੀਰ**
(ਜੈਤੋ ਮੰਡੀ)
ਕੰਪਿਊਟਰ ਅਧਿਆਪਕ, ਸਰਕਾਰੀ ਹਾਈ ਸਕੂਲ, (ਫ਼ਰੀਦਕੋਟ)
ਫੋਨ: 98550-31081
(Punjab Mail USA)



ਅੱਜ ਬੇਸ਼ੱਕ ਕੋਈ ਬੱਚਾ ਪੜ੍ਹਾਈ ਵਿਚ ਕਿੰਨਾਂ ਵੀ ਹੁਸ਼ਿਆਰ ਹੋਵੇ, ਮੈਰਿਟ ਵਿਚ ਆਇਆ ਹੋਵੇ ਪਰ ਜੇਕਰ ਉਸ ਬੱਚੇ ਨੂੰ ਨੈਤਿਕ ਕਦਰਾਂ-ਕੀਮਤਾਂ ਦੀ ਜਾਣਕਾਰੀ ਨਹੀਂ ਹੈ, ਭਾਵ ਉਹ ਬੱਚਾ ਨੈਤਿਕ ਸਿੱਖਿਆ ਤੋਂ ਅਣਜਾਣ ਹੈ, ਤਾਂ ਉਸ ਬੱਚੇ ਨੂੰ ਕੋਈ ਜ਼ਿਆਦਾ ਸਿਆਣਾ ਨਹੀਂ ਸਮਝੇਗਾ। ਹਰ ਮਾਤਾ-ਪਿਤਾ ਚਾਹੁੰਦਾ ਹੈ ਕਿ ਉਨ੍ਹਾਂ ਦਾ ਬੱਚਾ ਸਿਆਣਾ ਬਣੇ, ਉਨ੍ਹਾਂ ਦੀ ਇੱਜ਼ਤ ਕਰੇ, ਚੰਗੇ ਗੁਣਾਂ ਨਾਲ ਭਰਪੂਰ ਹੋਵੇ, ਹਰ ਖੇਤਰ ਵਿਚ ਮੱਲ੍ਹਾਂ ਮਾਰੇ। ਹਰੇਕ ਮਾਤਾ-ਪਿਤਾ ਦੀ ਕੋਸ਼ਿਸ਼ ਹੁੰਦੀ ਹੈ ਕਿ ਬੱਚਿਆਂ ਨੂੰ ਵਧੀਆ ਤੋਂ ਵਧੀਆ ਸਿੱਖਿਆ ਦਿੱਤੀ ਜਾਵੇ, ਤਾਂ ਕਿ ਉਹ ਚੰਗੇ ਇਨਸਾਨ ਬਣ ਸਕਣ।

ਵਿੱਦਿਅਕ ਸੰਸਥਾਵਾਂ ਵਿਚ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਿਲੇਬਸ ਅਨੁਸਾਰ, ਤਾਂ ਸਿੱਖਿਆ ਦਿੱਤੀ ਹੀ ਜਾਂਦੀ ਹੈ, ਤਾਂ ਕਿ ਬੱਚੇ ਪ੍ਰੀਖਿਆਵਾਂ ਵਿਚ ਚੰਗੇ ਅੰਕ ਪ੍ਰਾਪਤ ਕਰਕੇ ਅੱਗੇ ਵੱਧ ਸਕਣ। ਇਸਦੇ ਨਾਲ-ਨਾਲ ਹਰ ਚੰਗੇ ਅਧਿਆਪਕ ਦੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਨੈਤਿਕ ਸਿੱਖਿਆ ਵੀ ਜ਼ਰੂਰ ਦੇਵੇ, ਤਾਂ ਕਿ ਬੱਚੇ ਨੈਤਿਕ ਕਦਰਾਂ-ਕੀਮਤਾਂ ਤੋਂ ਜਾਣੂ ਹੋ ਕੇ ਜ਼ਿੰਦਗੀ ਜਿਉਣ ਦੀ ਜਾਂਚ ਸਿੱਖ ਸਕਣ। ਨੈਤਿਕ ਸਿੱਖਿਆ ਵਿਚ ਬੱਚਿਆਂ ਨੂੰ ਸਿਖਾਇਆ ਜਾਂਦਾ ਹੈ ਕਿ ਆਪਣੇ ਘਰਾਂ ਪਰਿਵਾਰਾਂ ਵਿਚ ਵੱਡਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਛੋਟਿਆਂ ਨਾਲ ਪਿਆਰ ਨਾਲ ਰਹਿਣਾ ਚਾਹੀਦਾ ਹੈ। ਸਵੇਰੇ ਉੱਠ ਕੇ ਵਾਹਿਗੁਰੂ ਦਾ ਸ਼ੁਕਰਾਨਾ ਜ਼ਰੂਰ ਕਰਨਾ ਚਾਹੀਦਾ ਹੈ, ਸਾਰੇ ਪਰਿਵਾਰ ਨੂੰ ਨਮਸਕਾਰ, ਸਤਿ ਸ਼੍ਰੀ ਅਕਾਲ, ਪ੍ਰਣਾਮ ਆਦਿ ਜ਼ਰੂਰ ਕੀਤਾ ਜਾਵੇ। ਖਾਲੀ ਪੇਟ ਤਾਜ਼ੇ ਪਾਣੀ ਦੇ ਘੱਟੋ-ਘੱਟ ਦੋ ਗਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਸਵੇਰ ਸਮੇਂ ਥੋੜ੍ਹੀ ਸੈਰ ਅਤੇ ਕਸਰਤ ਵੀ ਕਰਨੀ ਜ਼ਰੂਰੀ ਹੈ। ਰੋਜ਼ਾਨਾ ਦੰਦਾਂ ਨੂੰ ਬਰੁਸ਼ ਜਾਂ ਦਾਤਨ ਨਾਲ ਸਾਫ਼ ਕਰਕੇ, ਇਸ਼ਨਾਨ ਕਰਕੇ, ਨਾਸ਼ਤਾ ਆਦਿ ਖਾ ਕੇ ਪੂਰੀ ਵਰਦੀ ਵਿਚ ਸਕੂਲ ਆਉਣਾ ਹੈ। ਹਰ ਅਧਿਆਪਕ ਦਾ ਲੈਕਚਰ ਬੜੇ ਧਿਆਨ ਨਾਲ ਸੁਣ ਕੇ, ਸਮਝ ਕੇ ਰੋਜ਼ਾਨਾ ਆਪਣਾ ਸਕੂਲ ਦਾ ਕੰਮ ਸਮੇਂ ਸਿਰ ਕਰਦੇ ਰਹਿਣਾ ਹੈ। ਅਧਿਆਪਕਾਂ ਦਾ ਵੀ ਸਤਿਕਾਰ ਕਰਨਾ ਹੈ, ਅਗਰ ਕੋਈ ਰਿਸ਼ਤੇਦਾਰ, ਗੁਆਂਢੀ, ਦੋਸਤ ਘਰ ਆਵੇ, ਤਾਂ ਉਸਨੂੰ ਵੀ ਆਦਰ ਸਤਿਕਾਰ ਨਾਲ ਬੁਲਾ ਕੇ ਚਾਹ-ਪਾਣੀ ਆਦਿ ਪਿਲਾ ਕੇ ਅਟੈਂਡ ਕਰਨਾ ਚਾਹੀਦਾ ਹੈ। ਆਪਣੇ ਮਾਤਾ-ਪਿਤਾ, ਦਾਦਾ-ਦਾਦੀ, ਚਾਚਾ-ਚਾਚੀ, ਤਾਇਆ-ਤਾਈ, ਭੂਆ, ਮਾਸੀ ਆਦਿ ਨੂੰ ਜੀ ਕਹਿ ਕੇ ਬੁਲਾਉਣਾ ਚਾਹੀਦਾ ਹੈ। ਆਪਣੀ ਕਲਾਸ ਦੀਆਂ ਕੁੜੀਆਂ ਨੂੰ ਭੈਣ ਅਤੇ ਮੁੰਡਿਆਂ ਨੂੰ ਵੀਰ ਕਹਿ ਕੇ ਬੁਲਾਉਣਾ ਚਾਹੀਦਾ ਹੈ। ਚੋਰੀ ਅਤੇ ਝੂਠ ਬੋਲਣ ਦੀ ਆਦਤ ਤੋਂ ਬਚ ਕੇ ਰਹਿਣਾ ਹੈ। ਸਮੇਂ ਸਿਰ ਵਧੀਆ ਭੋਜਨ ਖਾਣਾ ਚਾਹੀਦਾ ਹੈ। ਤਲੀਆਂ ਹਈਆਂ ਚੀਜ਼ਾਂ, ਕੁਰਕਰੇ, ਚਿਪਸ, ਚੋਕਲੇਟ ਆਦਿ ਨਹੀਂ ਖਾਣੀਆਂ ਚਾਹੀਦੀਆਂ। ਸਾਫ਼ ਸੁਥਰੇ ਫਲ, ਸਲਾਦ, ਹਰੀਆਂ ਸਬਜ਼ੀਆਂ, ਦਾਲਾਂ, ਦੁੱਧ, ਮੱਖਣ, ਲੱਸੀ, ਪਨੀਰ, ਬਦਾਮ ਆਦਿ ਚੀਜ਼ਾਂ ਜ਼ਰੂਰ ਖਾਣੀਆਂ ਚਾਹੀਦੀਆਂ ਹਨ। ਬੁਰੀ ਸੰਗਤ ਤੋਂ ਬਿਲਕੁਲ ਬੱਚ ਕੇ ਰਹਿਣਾ ਚਾਹੀਦਾ ਹੈ। ਹਰ ਤਰ੍ਹਾਂ ਦੇ ਨਸ਼ਿਆਂ ਤੋਂ ਬਚ ਕੇ ਰਹਿਣਾ ਹੈ। ਮੋਬਾਇਲ ਫੋਨ ਦੀ ਵਰਤੋਂ ਸਿਰਫ਼ ਸਿੱਖਿਆ ਨਾਲ ਸਬੰਧਤ ਪੜ੍ਹਾਈ ਕਰਨ ਲਈ, ਪ੍ਰੇਰਨਾਦਾਇਕ ਲੈਕਚਰ ਸੁਣਨ ਲਈ ਜਾਂ ਜ਼ਰੂਰੀ ਗੱਲਬਾਤ ਕਰਨ ਲਈ ਹੀ ਕੀਤੀ ਜਾਵੇ, ਮੋਬਾਇਲ, ਟੀ.ਵੀ. ਆਦਿ 'ਤੇ ਆਪਣਾ ਕੀਮਤੀ ਸਮਾਂ ਬਰਬਾਦ ਨਾ ਕੀਤਾ ਜਾਵੇ, ਸਗੋਂ ਇਹ ਸਮਾਂ ਆਪਣੀ ਪੜ੍ਹਾਈ 'ਤੇ ਲਗਾਇਆ ਜਾਵੇ। ਕੁਝ ਸਮਾਂ ਆਪਣੇ ਮਾਤਾ-ਪਿਤਾ ਨਾਲ ਘਰ ਦੇ ਕੰਮਾਂ ਵਿਚ ਵੀ ਜ਼ਰੂਰ ਸਹਾਇਤਾ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਘਰ ਦੇ ਸਾਰੇ ਕੰਮ ਵੀ ਜ਼ਰੂਰ ਸਿੱਖਣੇ ਚਾਹੀਦੇ ਹਨ। ਪਾਣੀ ਦੀ ਸੰਭਾਲ ਲਈ, ਸਾਫ਼ ਸਫ਼ਾਈ ਲਈ, ਪੌਦਿਆਂ ਦੀ ਸੰਭਾਲ, ਆਪਣੇ ਘਰ ਦੇ ਸਮਾਨ ਦੀ ਸੰਭਾਲ, ਸਕੂਲ ਦੇ ਸਮਾਨ ਦੀ ਸੰਭਾਲ ਲਈ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ। ਫ਼ਜ਼ੂਲ ਖਰਚ ਬਿਲਕੁਲ ਨਹੀਂ ਕਰਨਾ ਚਾਹੀਦਾ, ਆਪਣੀਆਂ ਕਾਪੀਆਂ, ਕਿਤਾਬਾਂ ਆਦਿ ਦੀ ਸੰਭਾਲ ਖੁਦ ਕਰਨੀ ਚਾਹੀਦੀ ਹੈ। ਰਾਤ ਨੂੰ ਸੌਣ ਤੋਂ ਪਹਿਲਾਂ ਆਪਣਾ ਸਕੂਲ ਬੈਗ, ਵਰਦੀ, ਬੂਟ ਆਦਿ ਤਿਆਰ ਕਰਕੇ ਰੱਖਣੇ ਚਾਹੀਦੇ ਹਨ, ਤਾਂ ਕਿ ਸਵੇਰ ਸਮੇਂ ਸਮ੍ਹਾਂ ਬਰਬਾਦ ਨਾ ਹੋਵੇ। ਆਪਣੇ ਘਰ ਦੇ ਮਾਹੌਲ ਦੇ ਹਿਸਾਬ ਨਾਲ ਟਾਈਮ ਟੇਬਲ ਬਣਾ ਕੇ, ਸਾਰੇ ਵਿਸ਼ਿਆਂ ਨੂੰ ਬਰਾਬਰ ਤਰਜੀਹ ਦੇ ਕੇ ਹਰੇਕ ਵਿਸ਼ੇ ਦੀ ਪੜ੍ਹਾਈ ਕਰਨੀ ਚਾਹੀਦੀ ਹੈ, ਇਹ ਨਾ ਹੋਵੇ ਕੇ ਜੋ ਟੀਚਰ ਝਿੜਕਦੇ ਹਨ, ਉਨ੍ਹਾਂ ਦੇ ਵਿਸ਼ਿਆਂ ਦੀ ਪੜ੍ਹਾਈ 'ਤੇ ਹੀ ਧਿਆਨ ਦਿੱਤਾ ਜਾਵੇ। ਸਗੋਂ ਹਰੇਕ ਵਿਸ਼ੇ ਦੀ ਪੜ੍ਹਾਈ ਰੋਜ਼ਾਨਾ ਕਰਨੀ ਚਾਹੀਦੀ ਹੈ। ਸਮੇਂ ਦੇ ਪਾਬੰਦ ਬਣਨਾ ਬਹੁਤ ਜ਼ਰੂਰੀ ਹੈ। ਪੜ੍ਹਾਈ ਦੇ ਨਾਲ-ਨਾਲ ਹੋਰ ਚੰਗੀਆਂ ਪੁਸਤਕਾਂ ਵੀ ਪੜ੍ਹਨੀਆਂ ਚਾਹੀਦੀਆਂ ਹਨ, ਸਕੂਲ ਵਿਚ ਕਰਵਾਈ ਜਾਂਦੀਆਂ ਹੋਰ ਗਤੀਵਿਧੀਆਂ ਵਿਚ ਵੀ ਆਪਣੀ ਰੂਚੀ ਮੁਤਾਬਕ ਹਿੱਸਾ ਲੈਣਾ ਚਾਹੀਦਾ ਹੈ। ਜੋ ਵਿਦਿਆਰਥੀ ਆਪਣੀ ਪੜ੍ਹਾਈ ਦੇ ਨਾਲ-ਨਾਲ ਉਪਰੋਕਤ ਨੈਤਿਕ ਸਿੱਖਿਆਵਾਂ ਦਾ ਧਿਆਨ ਰੱਖਦੇ ਹਨ, ਉਨ੍ਹਾਂ ਨੂੰ ਹਰ ਕੋਈ ਸਿਆਣੇ ਬੱਚੇ ਕਹਿੰਦਾ ਹੈ। ਉਹ ਬੱਚੇ ਹਰ ਖੇਤਰ ਵਿਚ ਤਰੱਕੀ ਕਰਦੇ ਹਨ ਅਤੇ ਸਮਾਜ ਵਿਚ ਵੀ ਚੰਗੇ ਰੁਤਬੇ ਪ੍ਰਾਪਤ ਕਰਦੇ ਹਨ।

# ਰੰਗ ਬਿਰੰਗੀਆਂ ਕਵਿਤਾਵਾਂ ਵਾਲਾ ਕਾਵਿ ਸੰਗ੍ਰਹਿ : ਫੁੱਲ ਪੱਤੀਆਂ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)




ਆਸਟਰੇਲੀਆ ਵਸਦੇ ਤਿੰਨ ਪ੍ਰਵਾਸੀ ਕਵੀਆਂ ਦਾ ਕਾਵਿ ਸੰਗ੍ਰਹਿ 'ਫੁੱਲ ਪੱਤੀਆਂ' ਬਹੁਮੰਤਵੀ ਤੇ ਬਹੁਰੰਗੀ ਕਵਿਤਾਵਾਂ ਦਾ ਸੁਮੇਲ ਹੈ। ਇਸ ਕਾਵਿ ਸੰਗ੍ਰਹਿ ਨੂੰ ਜਸਬੀਰ ਸਿੰਘ ਆਹਲੂਵਾਲੀਆ ਨੇ ਸੰਪਾਦਿਤ ਕੀਤਾ ਹੈ। ਜਸਬੀਰ ਸਿੰਘ ਆਹਲੂਵਾਲੀਆ ਦਾ ਇਕ ਕਹਾਣੀ ਸੰਗ੍ਰਹਿ 'ਦੋ ਕੱਪ ਚਾਹ' ਅਤੇ ਤਿੰਨ ਸਾਂਝੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਸ ਕਾਵਿ ਸੰਗ੍ਰਹਿ ਵਿਚ ਤਖਤਿੰਦਰ ਸਿੰਘ ਸੰਧੂ, ਅਮਰੀਕ ਸਿੰਘ ਡੋਗਰਾ ਦੀਆਂ 22-22 ਅਤੇ ਜਸਬੀਰ ਸਿੰਘ ਆਹਲੂਵਾਲੀਆ ਦੀਆਂ 20 ਕਵਿਤਾਵਾਂ ਸ਼ਾਮਲ ਹਨ। ਇਨ੍ਹਾਂ ਤਿੰਨਾਂ ਕਵੀਆਂ ਦੀਆਂ ਕਵਿਤਾਵਾਂ ਸਮਾਜਿਕ ਸਰੋਕਾਰਾਂ, ਧਾਰਮਿਕ, ਸਮਾਜਿਕ, ਸੱਭਿਆਚਾਰਕ ਅਤੇ ਪਿਆਰ-ਮੁਹੱਬਤ ਦੇ ਵਿਸ਼ਿਆਂ ਦੀਆਂ ਬਾਤਾਂ ਪਾਉਂਦੀਆਂ ਹਨ। ਤਖਤਿੰਦਰ ਸਿੰਘ ਸੰਧੂ ਦੀਆਂ ਕਵਿਤਾਵਾਂ ਸੁਰ, ਤਾਲ ਅਤੇ ਲੈ-ਬੱਧ ਹਨ, ਜਿਹੜੀਆਂ ਮਿੱਟੀ ਦੇ ਮੋਹ, ਪ੍ਰਵਾਸ ਵਿਚ ਸਥਾਪਤ ਹੋਣ ਦੀ ਜੱਦੋ-ਜਹਿਦ, ਪੰਜਾਬੀ ਵਿਰਾਸਤ ਨਾਲ ਗੂੜ੍ਹੀ ਸਾਂਝ, ਕਿਸਾਨੀ ਦਰਦ, ਮਿਹਨਤ ਮਸ਼ੱਕਤ ਅਤੇ ਪਿਆਰ ਮੁਹੱਬਤ ਦੀ ਗੱਲ ਕਰਦੀਆਂ ਹਨ। ਉਸ ਦੀਆਂ ਕਵਿਤਾਵਾਂ ਪ੍ਰਵਾਸ ਵਿਚ ਪੰਜਾਬੀਆਂ ਦੀ ਜ਼ਿੰਦਗੀ ਜਿਊਣ ਲਈ ਕੀਤੇ ਜਾਂਦੇ ਉਪਰਾਲਿਆਂ ਬਾਰੇ ਵੀ ਸੰਕੇਤਕ ਢੰਗ ਨਾਲ ਸਮਝਾਉਂਦੀਆਂ ਹਨ। ਪ੍ਰਵਾਸ ਵਿਚ ਜਾ ਕੇ ਅਜਿਹੀ ਮ੍ਰਿਗ ਤ੍ਰਿਸ਼ਨਾ ਦੇ ਚੱਕਰ ਵਿਚ ਪੰਜਾਬੀ ਉਲਝੇ ਰਹਿੰਦੇ ਹਨ, ਜਿਵੇਂ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਾਲੀ ਕਹਾਵਤ ਹੈ, ਨਾ ਤਾਂ ਉਹ ਵਾਪਸ ਆ ਸਕਦੇ ਹਨ ਅਤੇ ਨਾ ਹੀ ਵਿਰਾਸਤ ਦਾ ਮੋਹ ਤਿਆਗ ਸਕਦੇ ਹਨ। ਮੋਹ ਮਿੱਟੀ ਦਾ ਸਿਰਲੇਖ ਵਾਲੀ ਕਵਿਤਾ ਪਰਵਾਸ ਦੀ ਤ੍ਰਾਸਦੀ ਦਾ ਪ੍ਰਗਟਾਵਾ ਕਰਦੀ ਹੈ, ਜਿਸ ਵਿਚ ਸ਼ਾਇਰ ਲਿਖਦਾ ਹੈ:

ਪੈਸਿਆਂ ਲਈ ਅਸੀਂ ਪ੍ਰਦੇਸੀਂ ਭੱਜੇ, ਬਹੁਤ ਕਮਾ ਲਏ ਨਾ ਫੇਰ ਵੀ ਰੱਜੇ।
ਕੰਮ ਹੀ ਕੰਮ ਵੱਲ ਰਾਤ ਦਿਨ ਜਾਈਏ, ਆਪਣੇ ਲਈ ਨਾ ਸਮਾਂ ਕੱਢ ਪਾਈਏ।
ਹੁਣ ਅੱਗੇ ਖੂਹ ਪਿੱਛੇ ਹੈ ਖਾਈ, ਲਾਲਚ ਵਿਚ ਆ ਅਸੀਂ ਜਿੰਦ ਫਸਾਈ।
ਦੇਖੋ ਦੇਖ ਖ਼ਰੀਦ ਲਈਆਂ ਕਾਰਾਂ, ਪੈਂਦੀਆਂ ਹੁਣ ਕਿਸ਼ਤਾਂ ਦੀਆਂ ਮਾਰਾਂ।
ਬੇਗਾਨੀ ਧਰਤ ਨੇ ਜਾਨ ਸੂਲੀ 'ਤੇ ਟੰਗੀ,
ਬਾਹਰ ਦੀ ਚੋਪੜੀ ਨਾਲੋਂ ਘਰ ਦੀ ਸੁੱਕੀ ਚੰਗੀ।

ਕਵਿਤਾਵਾਂ ਸਮਾਜ ਵਿਚ ਹੋ ਰਹੇ ਧੋਖੇ, ਫਰੇਬ, ਵਹਿਮਾਂ-ਭਰਮਾਂ, ਆਸ਼ਾ ਨਿਰਾਸ਼ਾ ਅਤੇ ਸਫਲਤਾ ਦੇ ਨੁਸਖਿਆਂ ਦੇ ਆਲੇ-ਦੁਆਲੇ ਘੁੰਮਦੀਆਂ ਹਨ। ਪਰਵਾਸ ਵਿਚ ਪੰਜਾਬ ਦੀ ਨੌਜਵਾਨੀ ਦੇ ਵਹੀਰਾਂ ਘੱਤ ਕੇ ਜਾਣ 'ਤੇ ਚਿੰਤਾ ਪ੍ਰਗਟ ਕਰਦਾ ਹੋਇਆ ਕਵੀ ਲਿਖਦਾ ਹੈ ਕਿ ਬੇਬਸੀ ਅਤੇ ਲਾਚਾਰੀ ਮਾਪਿਆਂ ਨੂੰ ਮਜਬੂਰ ਕਰਦੀਆਂ ਹਨ। ਬੱਚਿਆਂ ਦੇ ਵਿਦੇਸ਼ ਜਾਣ ਦਾ ਸੰਤਾਪ ਮਾਪੇ ਜਿਥੇ ਵਿਛੋੜੇ ਦੇ ਰੂਪ ਵਿਚ ਭੁਗਤਦੇ ਹਨ, ਉਥੇ ਹੀ ਜ਼ਮੀਨਾਂ ਵੇਚ ਅਤੇ ਕਰਜ਼ੇ ਚੁੱਕਣ ਵਰਗੇ ਕਦਮ ਵੀ ਚੁੱਕਦੇ ਹਨ। ਪ੍ਰਵਾਸ ਵਿਚ ਸਾਡੀ ਨੌਜਵਾਨੀ ਰੁਲ ਰਹੀ ਹੈ। ਜਿਹੜੇ ਸੁਪਨੇ ਸਿਰਜਕੇ ਜਾਂਦੇ ਹਨ, ਉਹ ਅਧੂਰੇ ਰਹਿ ਜਾਂਦੇ ਹਨ। ਸੰਧੂ ਵਾਤਵਰਨ ਬਾਰੇ ਵੀ ਆਪਣੀਆਂ ਕਵਿਤਾਵਾਂ ਵਿਚ ਚਿੰਤਾ ਪ੍ਰਗਟ ਕਰਦਾ ਹੈ। ਲੋਕਾਂ ਵੱਲੋਂ ਰੁੱਖਾਂ ਨੂੰ ਵੱਢਣਾ ਅਤੇ ਏ.ਸੀਜ਼ ਦੀ ਵਰਤੋਂ ਕਰਨਾ ਭਵਿੱਖ ਦੀ ਤਬਾਹੀ ਦਾ ਕਾਰਨ ਬਣ ਸਕਦੇ ਹਨ। ਰਿਸ਼ਤਿਆਂ ਵਿਚ ਗਿਰਾਵਟ ਦਾ ਕਾਰਨ ਪਰਿਵਾਰਾਂ ਵਿਚ ਜ਼ਮੀਨ ਜਾਇਦਾਦ ਦੇ ਝਗੜੇ ਤੇ ਲੜਾਈਆਂ ਬਣ ਰਹੀਆਂ ਹਨ। ਉਸ ਦੀਆਂ ਕਵਿਤਾਵਾਂ ਭਾਵੇਂ ਜੱਦੋ-ਜਹਿਦ ਦੀ ਤਸਵੀਰ ਪੇਸ਼ ਕਰਦੀਆਂ ਹਨ ਪ੍ਰੰਤੂ ਫਿਰ ਵੀ ਆਸ਼ਾਵਾਦੀ ਹਨ, ਜਿਨ੍ਹਾਂ ਵਿਚ ਉਹ ਇਨਸਾਨ ਨੂੰ ਸਫਲਤਾ ਪ੍ਰਾਪਤ ਕਰਨ ਲਈ ਨਿਸ਼ਾਨਾ ਨਿਸ਼ਚਿਤ ਕਰਕੇ ਮਿਹਨਤ ਕਰਨ ਦੀ ਤਾਕੀਦ ਕਰਦਾ ਹੈ।




ਜਸਬੀਰ ਸਿੰਘ ਆਹਲੂਵਾਲੀਆ ਨੂੰ ਸਾਹਿਤਕ ਮਸ ਬਚਪਨ ਵਿਚ ਹੀ ਲੱਗ ਗਿਆ ਸੀ। ਅੰਮ੍ਰਿਤਸਰ ਵਰਗੇ ਧਾਰਮਿਕ ਸ਼ਹਿਰ ਵਿਚ ਵਿਚਰਨ ਕਰਕੇ ਧਾਰਮਿਕ ਅਕੀਦਾ ਵੀ ਮਜ਼ਬੂਤ ਹੋਇਆ ਅਤੇ ਸਾਹਿਤਕ ਦਿਗਜ਼ਾਂ ਨਾਲ ਮੇਲ-ਜੋਲ ਕਰਨ ਦੇ ਮੌਕੇ ਮਿਲਦੇ ਰਹੇ। ਪਹਿਲਾਂ ਰੰਗਮੰਚ ਫਿਰ ਕਹਾਣੀ ਅਤੇ ਨਾਲ ਹੀ ਕਵਿਤਾ ਵਿਚ ਦਿਲਚਸਪੀ ਬਣ ਗਈ। ਆਸਟਰੇਲੀਆ ਆ ਕੇ ਵੀ ਰੰਗਮੰਚ ਨੂੰ ਪ੍ਰਣਾਇਆ ਰਿਹਾ। ਪ੍ਰੰਤੂ ਏਥੇ ਸੈਟਲ ਹੋਣ ਲਈ ਬਹੁਤ ਜੱਦੋ-ਜਹਿਦ ਕਰਨੀ ਪਈ। ਵਿਓਪਾਰ ਵਿਚ ਇੱਕ ਭਾਈਵਾਲ ਤੋਂ ਧੋਖਾ ਖਾਣ ਅਤੇ ਪਤਨੀ ਦੇ ਸਵਰਗਵਾਸ ਹੋਣ ਤੋਂ ਬਾਅਦ ਦੁੱਖ ਦੇ ਸਮੇਂ ਉਸ ਨੇ ਕਵਿਤਾ ਲਿਖਣੀ ਸ਼ੁਰੂ ਕੀਤੀ। ਉਸ ਦੀਆਂ ਇਸ ਕਾਵਿ ਸੰਗ੍ਰਹਿ ਵਿਚ 20 ਕਵਿਤਾਵਾਂ ਹਨ, ਜਿਨ੍ਹਾਂ ਵਿਚੋਂ 9 ਕਵਿਤਾਵਾਂ ਪਿਆਰ ਮੁਹੱਬਤ, ਦੋ ਧਾਰਮਿਕ ਵਿਸ਼ਵਾਸ ਨਾਲ ਸੰਬੰਧਤ ਅਤੇ ਦੋ ਮਾਂ ਦੀ ਮਮਤਾ ਵਾਲੀਆਂ ਹਨ। ਦੋ ਕਵਿਤਾਵਾਂ ਪ੍ਰਵਾਸ ਦੀ ਜੱਦੋ-ਜਹਿਦ ਵਾਲੀਆਂ ਹਨ। ਜਸਬੀਰ ਸਿੰਘ ਆਹਲੂਵਾਲੀਆ ਪ੍ਰਵਾਸ ਦੀ ਪ੍ਰਣਾਲੀ ਦੀ ਪ੍ਰਸ਼ੰਸਾ ਕਰਦੇ ਨਜ਼ਰ ਆ ਰਹੇ ਹਨ। ਇਸ ਦੇ ਨਾਲ ਹੀ ਪ੍ਰਵਾਸ ਵਿਚ ਮਿਹਨਤ ਦੇ ਮੁੱਲ ਮਿਲਣ ਬਾਰੇ ਵੀ ਦੱਸਦੇ ਹਨ, ਜਦੋਂਕਿ ਪੰਜਾਬ ਵਿਚ ਅਜਿਹਾ ਕੁਝ ਨਹੀਂ ਹੈ। ਪ੍ਰਵਾਸ ਵਿਚ ਵੀ ਪੰਜਾਬੀਆਂ ਵੱਲੋਂ ਬੇਵਜ੍ਹਾ ਹੀ ਆਪਸੀ ਦੁਸ਼ਮਣੀਆਂ, ਨਫ਼ਰਤ ਅਤੇ ਧੋਖੇਬਾਜ਼ੀ ਕੀਤੀ ਜਾਂਦੀ ਹੈ। ਇਨਸਾਨਾਂ ਨੂੰ ਆਪਣੇ ਅੰਦਰ ਦੀ ਨਫ਼ਰਤ ਦੀ ਜ਼ਹਿਰ ਤੋਂ ਤਿਲਾਂਜਲੀ ਲੈਣੀ ਚਾਹੀਦੀ ਹੈ। ਖ਼ੁਸ਼ੀ ਸਫਲ ਜੀਵਨ ਵਿਚ ਸਹਾਇਕ ਸਾਬਤ ਹੁੰਦੀ ਹੈ। 'ਬਥੇਰਾ ਰੋ ਲਏ' ਸਿਰਲੇਖ ਵਾਲੀ ਕਵਿਤਾ ਵਿਚ ਕਵੀ ਲਿਖਦਾ ਹੈ:

ਜ਼ਿੰਦਗੀ ਦੇ ਰੁਝੇਵਿਆਂ ਨੇ, ਜ਼ਿੰਦਗੀ ਦੇ ਹਾਸੇ ਖੋਹ ਲਏ,
ਖੁਸ਼ੀਆਂ ਖੇੜੇ ਸਭ ਮਰ ਗਏ, ਬੱਸ ਗ਼ਮ ਹੀ ਮੇਰੇ ਹੋ ਗਏ।
ਇਕ ਦੂਜੇ ਦਾ ਹੱਥ ਫੜ ਕੇ, ਜ਼ਿੰਦਗੀ ਦਾ ਸਫਰ ਤਹਿ ਕਰੀਏ,
ਭੁੱਲ ਜਾਈਏ ਉਨ੍ਹਾਂ ਨੂੰ, ਜੋ ਜ਼ਿੰਦਗੀ ਨੂੰ ਅਲਵਿਦਾ ਕਹਿ ਗਏ।

ਮਿਲਵਰਤਨ ਨਾਲ ਰਹਿਣਾ ਇਨਸਾਨ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਕਰਦਾ ਹੈ। ਕਵੀ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਲੜਨ ਦੀ ਤਾਕੀਦ ਵੀ ਕਰਦਾ ਹੈ। ਜ਼ੁਲਮ ਦਾ ਟਾਕਰਾ ਕਰਨਾ ਬੇਹੱਦ ਜ਼ਰੂਰੀ ਹੈ। ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣ ਦੀ ਪ੍ਰੋੜ੍ਹਤਾ ਵੀ ਕਰਦਾ ਹੈ। ਪ੍ਰਵਾਸ ਵਿਚ ਸਿੱਖੀ ਤੋਂ ਮੁਨਕਰ ਹੋ ਕੇ ਪਤਿਤ ਹੋਣ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਾ ਹੋਇਆ ਧਾਰਮਿਕ ਪਵਿੱਤਰਤਾ 'ਤੇ ਜ਼ੋਰ ਦਿੰਦਾ ਹੈ। ਪੰਜਾਬੀ ਬੋਲੀ ਨੂੰ ਗੁਰੂ ਵੱਲੋਂ ਦਿੱਤਾ ਤੋਹਫਾ ਕਹਿੰਦਾ ਹੈ। ਪ੍ਰੰਤੂ ਅਸੀਂ ਲੋਕ ਪੰਜਾਬੀ ਤੋਂ ਮੁੱਖ ਮੋੜਕੇ ਸਫਲਤਾ ਚਾਹੁੰਦੇ ਹਾਂ। ਆਪਣੀ ਵਿਰਾਸਤ ਨਾਲ ਜੁੜਕੇ ਹੀ ਸਮਾਜਿਕ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

ਤੀਜਾ ਕਵੀ ਅਮਰੀਕ ਸਿੰਘ ਡੋਗਰਾ ਹੈ। ਅਮਰੀਕ ਸਿੰਘ ਡੋਗਰਾ ਨੂੰ ਕਵਿਤਾ ਲਿਖਣ ਦੀ ਚੇਟਕ ਇਕ ਛੋਟੇ ਬੱਚੇ ਦੀਆਂ ਕਵਿਤਾਵਾਂ ਸੁਣਨ ਤੋਂ ਬਾਅਦ ਲੱਗੀ। ਫਿਰ ਉਸ ਨੇ ਤੁਕ ਬੰਦੀ ਸ਼ੁਰੂ ਕਰ ਦਿੱਤੀ। 1984 ਵਿਚ ਉਹ ਆਸਟਰੇਲੀਆ ਪਹੁੰਚ ਗਿਆ। ਉਥੇ ਗੁਰੂ ਘਰ ਵਿਚ ਸਾਹਿਤਕ ਮਿਲਣੀਆਂ ਹੁੰਦੀਆਂ ਸਨ। ਉਹ ਵੀ ਉਨ੍ਹਾਂ ਵਿਚ ਜਾਣ ਲੱਗ ਪਿਆ। ਗੁਰੂ ਘਰ ਵਿਚ ਉਸ ਨੇ ਵੀ ਕਵਿਤਾਵਾਂ ਪੜ੍ਹਨੀਆਂ ਸ਼ੁਰੂ ਦਿੱਤੀਆਂ। ਕਿੱਤੇ ਦੇ ਤੌਰ 'ਤੇ ਉਹ ਕੰਪਿਊਟਰ ਪ੍ਰੋਗਰਾਮਰ ਹੈ ਪ੍ਰੰਤੂ ਕਵਿਤਾਵਾਂ ਨੂੰ ਬੂਰ ਗੁਰੂ ਘਰ ਵਿਚ ਕਵਿਤਾਵਾਂ ਪੜ੍ਹਨ ਮੌਕੇ ਮਿਲੀ ਪ੍ਰਸ਼ੰਸਾ ਤੋਂ ਬਾਅਦ ਪੈਣ ਲੱਗਿਆ। ਆਸਟ੍ਰੇਲੀਆ ਵਿਖੇ ਉਹ ਲਗਾਤਾਰ ਗੁਰੂ ਘਰ ਨਾਲ ਜੁੜਿਆ ਰਿਹਾ, ਜਿਸ ਕਰਕੇ ਉਸ ਦੀ ਬਹੁਤੀ ਕਵਿਤਾ ਧਾਰਮਿਕ ਹੈ। ਸਿੱਖ ਧਰਮ ਦੀ ਵਿਚਾਰਧਾਰਾ ਦਾ ਮੁੱਦਈ ਹੋਣ ਕਰਕੇ ਉਹ ਧਾਰਮਿਕ ਕਵਿਤਾਵਾਂ ਨੂੰ ਹੀ ਤਰਜੀਹ ਦਿੰਦਾ ਰਿਹਾ। ਇਸ ਕਾਵਿ ਸੰਗ੍ਰਹਿ ਦੀਆਂ 22 ਕਵਿਤਾਵਾਂ ਵਿਚੋਂ 10 ਕਵਿਤਾਵਾਂ ਰੱਬ ਦਾ ਕੰਪਿਊਟਰ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਗੁਰੂ ਦੀ ਗੋਲਕ, ਅਨੋਖ਼ੀ ਖਾਹਿਸ਼, ਗੁਰ ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਹ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ, ਬਾਬੇ ਨਾਨਕ ਦਾ ਅਵਤਾਰ, ਦਰਦ ਏ ਪੰਜਾਬ ਅਤੇ ਇਕ ਆਵਾਜ਼ ਆਦਿ ਧਾਰਮਿਕ ਰੰਗ ਵਿਚ ਰੰਗੀਆਂ ਹੋਈਆਂ ਹਨ। ਇਸ ਤੋਂ ਇਲਾਵਾ ਹੋਰ ਕਈ ਕਵਿਤਾਵਾਂ ਵਿਚ ਵੀ ਗੁਰੂ ਦੀ ਮਿਹਰ ਦਾ ਜ਼ਿਕਰ ਆਉਂਦਾ ਹੈ। ਪ੍ਰਕ੍ਰਿਤੀ ਅਤੇ ਵਾਤਾਵਰਨ ਨੂੰ ਵੀ ਉਨ੍ਹਾਂ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਇਆ ਹੈ। ਵਾਤਾਵਰਨ ਦੇ ਪ੍ਰਦੂਸ਼ਤ ਹੋਣ ਨਾਲ ਸਮਾਜ ਸਿਹਤਮੰਦ ਨਹੀਂ ਰਹਿੰਦਾ। ਪ੍ਰਕ੍ਰਿਤੀ ਦੀ ਤਾਰੀਫ 'ਸੁਖਾਂਦ ਨਜ਼ਾਰਾ' ਕਵਿਤਾ ਵਿਚ ਕਰਦਾ ਕਵੀ ਲਿਖਦਾ ਹੈ:

ਠਹਿਰ ਗਈ ਧੜਕਣ ਵੀ, ਜਦ ਮੂਰਤ ਦਿੱਤੀ ਦਿਖਾਈ।
ਚੁੱਪ ਚੁਪੀਤੇ ਆਈ ਕੋਲ ਮੇਰੇ, ਅੰਦਰ ਦੀ ਪਰਛਾਈ।
ਦੇਖ ਕੇ ਸਭ ਨਜ਼ਾਰਾ ਫਿਰ, ਭੁੱਲ ਗਿਆ ਆਸਾ ਪਾਸਾ।
ਸਾਥੀ ਮੇਰਾ ਵੀ ਨਾ ਹਿੱਲਿਆ, ਦੇਖ ਕੇ ਇਹ ਤਮਾਸ਼ਾ।


ਕਿਸਾਨੀ ਦਾ ਦਰਦ ਵੀ ਉਸ ਦੀਆਂ ਕਵਿਤਾਵਾਂ ਵਿਚੋਂ ਝਲਕਦਾ ਹੈ। ਦੋ ਕਵਿਤਾਵਾਂ ਕਿਸਾਨ ਅੰਦੋਲਨ ਸੰਬੰਧੀ ਹਨ। ਪੰਜਾਬੀ ਮਾਂ ਬੋਲੀ ਬਾਰੇ ਕਵਿਤਾਵਾਂ ਵਿਚ ਕਵੀ ਨੂੰ ਹੰਦੇਸਾ ਹੈ ਕਿ ਮਾਂ ਬੋਲੀ ਤੋਂ ਦੂਰ ਹੋਣਾ ਵਿਰਾਸਤ ਨਾਲੋਂ ਟੁੱਟਣਾ ਹੈ। ਉਹ ਵਹਿਮਾਂ-ਭਰਮਾਂ ਵਿਚ ਗ੍ਰਸੇ ਲੋਕਾਂ ਨੂੰ ਅਜਿਹੀਆਂ ਅਲਾਮਤਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਕਰਦਾ ਹੈ। ਨਸ਼ਿਆਂ ਦੇ ਪ੍ਰਕੋਪ ਵਿਚੋਂ ਬਾਹਰ ਆਉਣ ਦੀ ਤਾਕੀਦ ਕਰਦਾ ਕਵੀ ਲਿਖਦਾ ਹੈ:

ਨਸ਼ਿਆਂ ਨੇ ਦਬੋਚਿਆ, ਤੂੰ ਕਿਉਂ ਨਹੀਂ ਲੈਂਦਾ ਸਾਰ,
ਅਣਖ ਨੂੰ ਜਗਾਉਣ ਲਈ, ਹੁਣ ਹੱਥ ਪੈਰ ਤੂੰ ਮਾਰ।
ਹੱਥ ਪੈਰ ਜ਼ਰਾ ਮਾਰ ਕੇ, ਕਰ ਆਪਣੇ ਤੇ ਉਪਕਾਰ,
ਉਮੀਦਾਂ ਲਾਈ ਤੇਰੇ 'ਤੇ, ਹੈ ਬੈਠਾ ਸਭ ਪਰਵਾਰ।

ਕਾਵਿ ਸੰਗ੍ਰਹਿ ਦੀ ਆਖਰੀ 'ਕੰਧ' ਸਿਰਲੇਖ ਵਾਲੀ ਕਵਿਤਾ ਵਿਚ ਕਵੀ ਪ੍ਰੇਮ ਭਾਵ, ਸਦਭਾਵਨਾ ਅਤੇ ਮਿਲਵਰਤਨ ਨਾਲ ਜੀਵਨ ਜਿਊਣ ਲਈ ਕਹਿੰਦਾ ਹੈ। ਇਨਸਾਨ ਨੂੰ ਰਿਸ਼ਤਿਆਂ ਦਾ ਨਿੱਘ ਬਣਾਈ ਰੱਖਣ ਦੀ ਤਾਕੀਦ ਕਰਦਾ ਹੈ। ਮੁਹੱਬਤ ਜੀਵਨ ਨੂੰ ਸਫਲ ਬਣਾਉਂਦੀ ਹੈ।

94 ਪੰਨਿਆਂ, 150 ਰੁਪਏ ਕੀਮਤ, ਰੰਗਦਾਰ ਦਿਲਕਸ਼ ਮੁੱਖ ਕਵਰ ਵਾਲੀ ਇਹ ਪੁਸਤਕ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤੀ ਹੈ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




Dr. Bindra Clinic
Dental Care & Hair Transplant
COSMETIC - IMPLANT - RESTORATIVE
ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ
'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।


Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in


Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa
Sub Editors
Sandeep Kumar
Amit Saini
Distributor
Jai Singh
Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬੀ ਦੇ ਪ੍ਰਸਿੱਧ ਗ਼ਜ਼ਲਗੋ, ਨਾਮਵਰ ਸਾਹਿਤਕਾਰ ਸੁਲੱਖਣ ਸਰਹੱਦੀ ਨਾਲ ਦਿਲਜੀਤ ਸਿੰਘ ਬੇਦੀ ਵੱਲੋਂ ਕੀਤੀ ਵਿਸਥਾਰਤ ਸਾਹਿਤਕ ਮੁਲਾਕਾਤ

-ਦਿਲਜੀਤ ਸਿੰਘ ਬੇਦੀ
(Punjab Mail USA)



■ ਪਿਛਲੇ ਅੰਕ ਦਾ ਬਾਕੀ



**12. ਤੁਹਾਡੀ ਵਿਚਾਰਧਾਰਾ ਕੀ ਹੈ? ਤੁਸੀਂ ਆਪਣੀ ਵਿਚਾਰਧਾਰਾ ਨੂੰ ਗ਼ਜ਼ਲਾਂ ਵਿਚ ਕਿਵੇਂ ਉਤਾਰਦੇ ਹੋ?**

-ਮੇਰੀ ਵਿਚਾਰਧਾਰਾ ਆਪਣੇ ਬਾਬੇ ਨਾਨਕ ਜੀ ਵਰਗੀ ਹੀ ਹੈ। ਮੇਰੀ ਗ਼ਜ਼ਲ ਮੇਰੇ ਬਾਬੇ 'ਤੇ ਗਈ ਹੈ। ਬਾਬਾ ਨਾਨਕ ਯੁੱਗ ਕਵੀ ਹਨ। ਗੁਰੂ ਨਾਨਕ ਜੀ ਨੇ ਜਿੱਥੇ ਸਨਾਤਨੀ ਰੂੜੀਆਂ, ਭੰਡੀਆਂ ਅਤੇ ਰੱਦ ਕੀਤੀਆਂ ਉਥੇ ਨਵੀਆਂ ਨਰੋਈਆਂ ਕਦਰਾਂ ਕਾਇਮ ਕੀਤੀਆਂ। ਜ਼ਿੰਦਗੀ ਦੁਆਲਿਓਂ ਉਨ੍ਹਾਂ ਨੇ ਮਾਨਸਿਕ ਗੁਲਾਮੀ ਦੇ ਸੰਗਲ ਤੋੜੇ। ਉਨ੍ਹਾਂ ਨੇ ਧਾਰਮਿਕ ਪ੍ਰਪੰਚਤਾ ਅਤੇ ਧਰਮ ਅੰਧਤਾ ਦਾ ਮਖੌਲ ਉਡਾਇਆ। ਜਿੱਥੇ ਬਾਬੇ ਨੇ 'ਰਾਜੇ ਸੀਹ ਮੁਕੱਦਮ ਕੁੱਤੇ' ਕਿਹਾ, ਉਥੇ 'ਅੰਨ੍ਹੀ ਰਈਅਤ ਗਿਆਨ ਵਿਹੂਣੀ' ਕਹਿ ਕੇ ਲੋਕਾਂ ਨੂੰ ਜਾਗ੍ਰਿਤ ਹੋਣ ਦਾ ਆਹਵਾਹਨ ਕੀਤਾ। ਗੁਰੂ ਨਾਨਕ ਨੇ ਚਾਰ ਉਦਾਸੀਆਂ ਕਰਕੇ ਆਪਣੇ ਕਾਵਿ-ਕਥਨ ਦੀ ਕਸਵੱਟੀ ਜ਼ਿੰਦਗੀ ਨੂੰ ਸਾਬਤ ਕੀਤਾ। 'ਜਗਤ ਜਲੰਦਾ' ਬਚਾਉਣ ਵਾਸਤੇ ਆਰਜ਼ੂ ਕੀਤੀ। ਮੇਰੀ ਵਿਚਾਰਧਾਰਾ ਗੁਰੂ ਨਾਨਕ ਦੇਵ ਤੋਂ ਅਗਾਂਹ ਦਸਮੇਸ਼ ਪਿਤਾ ਜੀ ਦੀ ਅਨੁਸਾਰੀ ਵੀ ਹੈ। ਦਸਮੇਸ਼ ਪਿਤਾ ਨੇ ਗੁਰੂ ਨਾਨਕ ਜੀ ਵੱਲੋਂ ਚਲਾਈ ਮੁਹਿੰਮ ਨੂੰ ਸਰ ਕਰਨ ਹਿੱਤ ਜਥੇਬੰਦੀ ਬਣਾਈ। ਇਹ ਤੱਥ ਧਾਰਮਿਕ ਆਧਾਰ ਉੱਤੇ ਪੇਸ਼ ਕੀਤਾ ਕਿ ਜਥੇਬੰਦੀ ਤੋਂ ਬਿਨਾਂ 'ਰਾਜੇ ਸੀਹਾਂ' ਦੇ ਜ਼ੁਲਮ ਦਾ ਟਾਕਰਾ ਨਹੀਂ ਕੀਤਾ ਜਾ ਸਕਦਾ। ਸਿੱਖ ਧਰਮ ਵਿਚ ਕਲਮ ਅਤੇ ਕਿਰਪਾਨ ਦੀ ਧਾਰਮਿਕ ਮਹਿਮਾ ਹੈ। ਮਾਰਕਸ ਨੇ ਸਿੱਖ ਧਰਮ ਦੀ ਵਿਚਾਰਧਾਰਾ ਨੂੰ ਧਾਰਮਿਕਤਾ 'ਚੋਂ ਆਜ਼ਾਦ ਲੋਕ-ਮੁਹਿੰਮ ਵਿਚ ਪ੍ਰਵਰਤਿਤ ਕੀਤਾ। ਮੇਰੀਆਂ ਸਾਰੀਆਂ ਲਿਖਤਾਂ ਲੋਕਾਂ ਦੇ ਕਲਿਆਣ ਨੂੰ ਸੇਧਤ ਹਨ।


**13. ਕੇਂਦਰੀ ਪੰਜਾਬੀ ਲੇਖਕ ਸਭਾ ਦੇ ਤੁਸੀਂ ਕਈ ਸਾਲ ਮੀਤ ਪ੍ਰਧਾਨ ਰਹੇ। ਸਮੁੱਚੇ ਪੰਜਾਬੀ ਸਾਹਿਤ ਵਿਚ ਕੇਂਦਰੀ ਸਭਾ ਦਾ ਵਿਸ਼ੇਸ਼ ਰੋਲ ਕਿਸ ਤਰ੍ਹਾਂ ਦਾ ਹੈ? ਤੁਹਾਡੇ ਮੀਤ ਪ੍ਰਧਾਨ ਬਣਨ ਤੋਂ ਬਾਅਦ ਕੋਈ ਵਿਸ਼ੇਸ਼ ਸਾਹਿਤਕ ਤਬਦੀਲੀ ਜਾਂ ਵਿਕਾਸ ਹੋਇਆ ਹੋਵੇ ਤਾਂ ਕਿਸ ਤਰ੍ਹਾਂ ਦਾ?**

-ਕੇਂਦਰੀ ਪੰਜਾਬੀ ਲੇਖਕ ਸਭਾ ਦੇ ਆਪਣਾ ਨਿਵੇਕਲਾ ਇਤਿਹਾਸ ਹੈ। ਇਹ ਸਭਾ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਪ੍ਰਤੀ ਸੰਜੀਦਾ ਜਥੇਬੰਦੀ ਹੈ। ਮੈਂ 40 ਸਾਲ ਤੋਂ ਕੇਂਦਰੀ ਸਭਾ ਦਾ ਕਿਸੇ ਨਾ ਕਿਸੇ ਸਟੇਜ ਦਾ ਸਰਗਰਮ ਮੈਂਬਰ ਰਿਹਾ ਹਾਂ। ਇਕ ਸਾਧਾਰਨ ਮੈਂਬਰ ਤੋਂ ਲੈ ਕੇ ਮੀਤ ਪ੍ਰਧਾਨ ਤੱਕ ਮੈਂ ਰਿਹਾ ਹਾਂ। ਪੰਜਾਬੀ ਭਾਸ਼ਾ ਨੂੰ ਪੰਜਾਬ ਵਿਚ ਬਣਦੇ ਸਥਾਨ ਦਿਵਾਉਣ ਹਿੱਤ ਇਸ ਦੇ ਸਿਰੜੀ ਤੇ ਲੰਮੇ ਸੰਘਰਸ਼ ਵਿਚ ਮੈਂ ਸ਼ਾਮਲ ਰਿਹਾ ਹਾਂ। ਇਹ ਇੱਕੋ ਇਕ ਸਾਹਿਤਕ ਸਭਾ ਹੈ, ਜਿਸ ਨੇ ਪੰਜਾਬ ਭਾਸ਼ਾ ਲਈ ਲੰਮੇ ਸੰਘਰਸ਼ ਵਿੱਢੇ। ਸੈਂਕੜੇ ਵਾਰ ਪੰਜਾਬ ਪੱਧਰ ਦੇ ਸੰਗਰਾਮ ਲੜੇ। ਚੰਡੀਗੜ੍ਹ ਵਿਚ ਵੱਡੇ-ਵੱਡੇ ਲੇਖਕ ਮੁਜ਼ਾਹਰੇ ਕੀਤੇ। ਸੈਂਕੜੇ ਵੇਰ ਪੰਜਾਬ ਸਰਕਾਰ ਦੇ ਸਮੇਂ-ਸਮੇਂ ਦੇ ਮੁੱਖ ਮੰਤਰੀਆਂ ਜਾਂ ਗਵਰਨਰਾਂ ਨਾਲ ਮੀਟਿੰਗਾਂ ਕੀਤੀਆਂ। ਭਾਸ਼ਾ ਵਿਭਾਗ ਅਤੇ ਦੂਰਦਰਸ਼ਨ ਦੇ ਪੰਜਾਬੀ ਵਿਰੋਧੀ ਰਵੱਈਏ ਖਿਲਾਫ ਮੁਜ਼ਾਹਰੇ ਤੇ ਜੱਦੋ-ਜਹਿਦਾਂ ਕੀਤੀਆਂ। ਵੱਡੇ-ਵੱਡੇ ਲੇਖਕ ਜੇਲ੍ਹ ਗਏ। ਕਈ-ਕਈ ਰਾਤਾਂ ਅਸੀਂ ਚੰਡੀਗੜ੍ਹ ਦੇ ਥਾਣਿਆਂ ਵਿਚ ਰਹੇ।

ਪਿਛਲੇ ਸਮੇਂ ਤੋਂ ਕੇਂਦਰੀ ਸਭਾ ਨੇ ਮਹਿਸੂਸ ਕੀਤਾ ਕਿ ਜਿੱਥੇ ਲੇਖਕਾਂ ਨੂੰ ਸੜਕਾਂ ਉੱਤੇ ਮੁਜ਼ਾਹਰੇ ਕਰਨੇ ਜ਼ਰੂਰੀ ਹਨ, ਉਥੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਤ ਕਰਨ ਹਿੱਤ ਜਨ ਚੇਤਨਾ ਫੈਲਾਉਣ ਲਈ ਵੱਡੇ ਭਾਸ਼ਾ ਸੈਮੀਨਾਰ ਵੀ ਕਰਵਾਉਣੇ ਚਾਹੀਦੇ ਹਨ। ਏਸੇ ਸੰਦਰਭ ਵਿਚ ਅਸੀਂ ਪਿਛਲੇ ਸਾਲੀ ਵੱਡੇ ਭਾਸ਼ਾ ਸੈਮੀਨਾਰ ਕੀਤੇ। ਜਿਨ੍ਹਾਂ ਵਿਚ ਪਟਿਆਲਾ, ਚੰਡੀਗੜ੍ਹ, ਬਠਿੰਡਾ, ਅੰਮ੍ਰਿਤਸਰ ਦੇ ਸੈਮੀਨਾਰ ਜ਼ਿਕਰਯੋਗ ਹਨ।

ਜਿੱਥੋਂ ਤੱਕ ਮੇਰਾ ਸੁਆਲ ਹੈ, ਮੈਂ ਸਭਾ ਦੀ ਮੁੱਖ ਧਾਰਾ ਵਿਚ ਸ਼ਾਮਲ ਰਹਿੰਦਿਆਂ ਵੀ




ਪੰਜਾਬੀ ਗ਼ਜ਼ਲ ਸਬੰਧੀ ਵੱਖਰੇ ਯਤਨਾਂ 'ਚ ਸ਼ਾਮਲ ਰਿਹਾ ਹਾਂ। ਮੈਂ ਜਦ 'ਸੰਪੂਰਨ ਪਿੰਗਲ ਅਤੇ ਅਰੂਜ਼' ਲਿਖਿਆ ਤਾਂ ਕੇਂਦਰੀ ਸਭਾ ਨੇ ਇਸ 'ਤੇ ਗੋਸ਼ਟੀ ਕਰਵਾਈ। ਲੁਧਿਆਣਾ ਵਿਖੇ ਗ਼ਜ਼ਲ ਵਿਚ ਤਿੰਨ ਹਰਫੀ ਪੰਜਾਬੀ ਸ਼ਬਦਾਂ ਦੇ ਮਸਲੇ ਸਬੰਧੀ ਮੈਂ ਵਿਸ਼ੇਸ਼ ਯਤਨਾਂ ਨਾਲ ਕੇਂਦਰੀ ਸਭਾ ਦਾ ਧਿਆਨ ਏਧਰ ਆਕਰਸ਼ਿਤ ਕੀਤਾ ਅਤੇ ਗੋਸ਼ਟੀ ਕਰਵਾਈ। ਜਿਸ ਵਿਚ ਮੈਂ ਆਪਣਾ ਥੀਸਸ ਪੇਸ਼ ਕੀਤਾ ਅਤੇ ਇਨ੍ਹਾਂ ਸ਼ਬਦਾਂ ਦਾ ਮਸਲਾ ਸਦਾ ਲਈ ਹੱਲ ਕਰਵਾਇਆ। ਗੁਰਦਾਸਪੁਰ ਵਿਖੇ ਕੇਂਦਰੀ ਸਭਾ ਦੀ ਨਿਰਦੇਸ਼ਨਾ ਤਹਿਤ ਪੰਜਾਬੀ ਗ਼ਜ਼ਲ ਵਰਕਸ਼ਾਪ ਦਾ ਆਯੋਜਨ ਕਰਵਾ ਰਹੇ ਹਾਂ।

**14. ਉਹ ਗੱਲ ਦੱਸੋ ਜੋ ਅਸੀਂ ਪੁੱਛ ਨਹੀਂ ਸਕੇ। ਕਿਸੇ ਪੁਸਤਕ ਬਾਰੇ ਜਾਂ ਪ੍ਰਾਪਤੀ ਬਾਰੇ।**

-ਮੈਨੂੰ ਸ਼੍ਰੀਮਤੀ ਸੁਰਜੀਤ ਸਖੀ ਦਾ ਇਕ ਸ਼ਿਆਰ ਬੜਾ ਚੰਗਾ ਚੰਗਾ ਲੱਗਦੈ, ਜਿਸਦਾ ਭਾਵ ਹੈ ਕਿ ਮੈਂ ਸਿਕੰਦਰ ਨਹੀਂ, ਪਰ ਤੈਨੂੰ ਜਿੱਤਦਿਆਂ ਸਾਰਾ ਸੰਸਾਰ ਹੀ ਜਿੱਤਿਆ ਗਿਆ। ਕੁਝ ਏਸੇ ਤਰ੍ਹਾਂ ਹੀ ਮੇਰੇ ਨਾਲ ਵੀ ਵਾਪਰਿਆ ਹੈ। ਮੈਂ ਕੇਵਲ ਇਕ ਵਧੀਆ ਸ਼ਾਇਰ ਬਣਨਾ ਲੋਚਿਆ ਸੀ, ਪਰ ਮੈਂ ਸਰਬਾਂਗੀ ਸਾਹਿਤਕਾਰ ਵਜੋਂ ਵੀ ਜਾਣਿਆ ਜਾਣ ਲੱਗਾ। ਅਸਲ ਵਿਚ ਕਿਸੇ ਵਿਧਾ ਉੱਤੇ ਵੀ ਜੇਕਰ ਅਬੂਰ ਹਾਸਿਲ ਕਰਨਾ ਹੈ, ਤਾਂ ਹਰ ਹਾਲਤ ਵਿਚ ਸੰਪੂਰਨ ਸਾਹਿਤ ਹੀ ਨਹੀਂ, ਆਪਣੇ ਆਸੇ-ਪਾਸੇ ਦੇ ਸੰਸਾਰ ਦਾ ਇਤਿਹਾਸ, ਮਿਥਿਹਾਸ, ਸੱਭਿਆਚਾਰ, ਕਦਰਾਂ-ਕੀਮਤਾਂ ਅਤੇ ਧਰਮ ਅਰਥ ਬਾਰੇ ਜਾਨਣਾ ਜ਼ਰੂਰੀ ਹੈ। ਸੰਸਾਰ ਕਿਵੇਂ ਹੋਂਦ ਵਿਚ ਆਇਆ। ਸੰਸਾਰ ਨੂੰ ਸੁੱਚੀਆਂ ਨੈਤਿਕਤਾਵਾਂ ਕਿਹੜੇ ਮਹਾਂਪੁਰਸ਼ਾਂ ਦਿੱਤੀਆਂ? ਉਹ ਭਾਵੇਂ ਈਸਾ ਹੋਵੇ, ਮੁਹੰਮਦ ਸਾਹਿਬ ਹੋਣ, ਕ੍ਰਿਸ਼ਨ ਹੋਵੇ, ਦੁਨੀਆਂ ਦਾ ਕੋਈ ਵੀ ਨੇਤਾ, ਰਾਜਨੇਤਾ ਜਾਂ ਅਭਿਨੇਤਾ ਵੀ ਕਿਉਂ ਨਾ ਹੋਵੇ, ਉਹ ਸਭਨਾਂ ਦਾ ਸਾਂਝਾ ਹੈ। ਪੰਜਾਬ ਵਿਚ ਸਿਕੰਦਰ ਆਇਆ। ਪੋਰਸ ਸਾਡਾ ਹੀਰੋ ਬਣਿਆ। ਔਰੰਗਜ਼ੇਬ ਆਇਆ, ਸਿੱਖ ਸਾਡੇ ਹੀਰੋ ਬਣੇ। ਸਿੱਖਾਂ ਨੇ ਪੰਜਾਬ ਨੂੰ ਹੀ ਨਹੀਂ, ਦੁਨੀਆਂ ਨੂੰ ਅਣਖੀ ਜੀਵਨ-ਜਾਚ ਨਾਲ ਜੋੜਿਆ। ਮੇਰੇ ਮਨ ਉੱਤੇ ਸਿੱਖ ਯੋਧਿਆਂ ਦਾ ਬੜਾ ਕਰਜਾ ਸੀ, ਜਿਨ੍ਹਾਂ ਨੇ ਘੋੜਿਆਂ ਦੀਆਂ ਕਾਠੀਆਂ, ਆਪਣੇ ਘਰ ਬਣਾ ਕੇ ਵੀ ਸਾਡੇ ਵਾਸਤੇ ਸ਼ਾਨਦਾਰ ਘਰਾਂ ਦੀ ਗਰੰਟੀ ਹਾਸਲ ਕੀਤੀ।

ਮੈਂ 'ਅਨੰਦਪੁਰ ਤੋਂ ਲਾਹੌਰ ਤੱਕ' 1699 ਈ. ਤੋਂ 1799 ਈ. ਤੱਕ ਦਾ ਪੰਜਾਬ ਦਾ ਇਤਿਹਾਸ ਲਿਖਿਆ। ਇਹ 200 ਸਫੇ ਦੀ ਪੁਸਤਕ ਲਾਹੌਰ ਬੁੱਕ ਸ਼ਾਪ ਲੁਧਿਆਣਾ ਨੇ ਛਾਪੀ। ਇਹ ਸਰਲ ਭਾਸ਼ਾ ਵਿਚ ਲੋਕ ਮਾਨਤਾ ਦਾ ਇਤਿਹਾਸ ਹੈ। ਮੈਂ ਇਤਿਹਾਸਕਾਰ ਨਹੀਂ ਅਤੇ ਨਾ ਹੀ ਕੋਈ ਇਤਿਹਾਸ ਦਾ ਖੋਜਾਰਥੀ ਹਾਂ। ਪਰ ਨੀਰਸ ਇਤਿਹਾਸ ਨੂੰ ਸਾਡੇ ਬੱਚੇ ਪੜ੍ਹ ਨਹੀਂ ਰਹੇ ਸਨ। ਮੈਂ ਇਹ ਕਿਤਾਬ ਪਾਠਕਾਂ ਦੀ ਰੁਚੀ ਨੂੰ ਸਾਹਮਣੇ ਰੱਖ ਕੇ ਲਿਖੀ। ਇਹ ਪਾਠਕਾਂ ਨੇ ਹੱਥੋਂ-ਹੱਥੀਂ ਖਰੀਦ ਲਈ। ਮੈਂ ਅੰਮ੍ਰਿਤਸਰ ਦਰਬਾਰ ਸਾਹਿਬ ਕੰਪਲੈਕਸ ਦੀ ਇਕ ਕਿਤਾਬਾਂ ਦੀ ਦੁਕਾਨ 'ਤੇ ਖੜ੍ਹਾ ਸਾਂ ਕਿ ਮੇਰੇ ਹੁੰਦਿਆਂ ਦੋ ਕਿਤਾਬਾਂ ਵਿਕ ਗਈਆਂ। ਮੇਰਾ ਪਿੰਡ ਓਥੇ ਕੁ ਹੈ, ਜਿਥੇ ਕਦੇ ਸਿੱਖਾਂ ਦਾ ਵੱਡਾ ਦੁਖਾਂਤ, ਛੋਟਾ ਘੱਲੂਘਾਰਾ ਵਾਪਰਿਆ ਸੀ। ਮੈਂ ਇਸ ਇਲਾਕੇ ਦੇ ਮੁਲਾਜ਼ਮਾਂ ਦਾ ਪ੍ਰਧਾਨ ਸਾਂ। ਮੈਂ ਕਈ ਵਾਰੀ ਇਸ ਗੁਰਦੁਆਰੇ ਗਿਆ ਤੇ ਇਸ ਦੇ ਇਤਿਹਾਸ ਬਾਰੇ ਕੋਈ ਪੁਸਤਕ ਮੰਗੀ। ਪਰ ਨਿਰਾਸ਼ਤਾ ਹੀ ਹੱਥ ਲੱਗੀ। ਮੈਨੂੰ ਬੜਾ ਦੁੱਖ ਹੋਇਆ ਕਿ ਏਨੇ ਵੱਡੇ ਦੁਖਾਂਤ ਉੱਤੇ ਕੋਈ ਪੁਸਤਕ ਨਹੀਂ। ਮੇਰੀ ਕਲਮ ਨੇ ਮੈਨੂੰ ਵੰਗਾਰਿਆ। ਮੈਂ ਸਾਲ ਭਰ ਦੇ ਅਧਿਐਨ ਤੋਂ ਬਾਅਦ ਇਸ ਦੁਖਾਂਤ ਸੰਬੰਧੀ ਪੁਸਤਕ ਲਿਖੀ, ਜਿਸ ਦਾ ਨਾਮ ਹੈ 'ਅਗਨ ਗਾਥਾ' (ਦਾਸਤਾਨ ਛੋਟਾ ਘੱਲੂਘਾਰਾ ਛੰਭ ਕਾਹਨੂੰਵਾਨ)। ਇਹ ਪੁਸਤਕ ਪ੍ਰਬੰਧਕ ਕਮੇਟੀ ਗੁਰਦੁਆਰਾ ਛੋਟਾ ਘੱਲੂਘਾਰਾ ਦੇ ਪ੍ਰਧਾਨ ਸਾਬਕਾ ਐੱਮ.ਐੱਲ.ਏ. ਸ. ਜੌਹਰ ਸਿੰਘ ਨੇ ਹਜ਼ਾਰਾਂ ਦੀ ਗਿਣਤੀ ਵਿਚ ਛਾਪੀ ਅਤੇ ਪ੍ਰਸ਼ਾਦ ਵਾਂਗ ਲੋਕਾਂ ਪ੍ਰਾਪਤ ਕੀਤੀ।



**15. ਤੁਸੀਂ ਸਰਬਾਂਗੀ ਸਾਹਿਤਕਾਰ ਹੋ। ਜੇ ਇਕ ਹੀ ਸਾਹਿਤਕ ਵਿਧਾ ਨੂੰ ਚੁਣਨਾ ਹੋਵੇ ਤਾਂ ਕਿਸ ਨੂੰ ਚੁਣੋਗੇ?**

-ਮੈਂ ਹਰ ਹਾਲਤ ਵਿਚ ਸ਼ਾਇਰ ਹਾਂ। ਮੇਰੀ ਪ੍ਰਾਪਤੀ ਏਹੀ ਹੈ ਕਿ ਮੈਂ ਪੰਜਾਬੀ ਗ਼ਜ਼ਲ ਵਿਚ ਚੰਗੇ ਸ਼ਿਅਰ ਕਹੇ ਹਨ। ਲੋਕ ਮਸਲੇ ਇਸ ਵਿਚ ਲਿਆਂਦੇ ਹਨ। ਮੈਂ ਔਖੇ ਤੋਂ ਔਖੇ ਤੇ ਵਿਸਤ੍ਰਿਤ ਵਿਸ਼ੇ ਵੀ ਗ਼ਜ਼ਲੀਅਤ ਦੀ ਜ਼ੁਬਾਨ ਵਿਚ ਪੇਸ਼ ਕੀਤੇ ਹਨ। ਮੈਂ ਹੁਣ ਤੱਕ ਹਜ਼ਾਰਾਂ ਗ਼ਜ਼ਲਾਂ ਪ੍ਰਕਾਸ਼ਤ ਕਰਵਾ ਚੁਕਾ ਹਾਂ। 'ਤੀਜੀ ਅੱਖ ਦਾ ਜਾਦੂ', 'ਪੰਜਾਬ ਦੇ ਦਰਿਆ', 'ਉੱਚਾ ਬੁਰਜ ਲਾਹੌਰ ਦਾ', 'ਬਸਤੀ ਬਸਤੀ ਜੰਗਲ', 'ਬੇੜੀਆਂ ਦਾ ਪੁੱਲ' ਅਤੇ 'ਸੂਰਜ ਦਾ ਆਲ੍ਹਣਾ' ਮੇਰੇ ਗ਼ਜ਼ਲ ਸੰਗ੍ਰਹਿ ਹਨ। ਮੈਂ ਰੇਡੀਓ, ਟੀ.ਵੀ. ਅਤੇ ਉੱਚ ਮਿਆਰ ਵਾਲੇ ਸੈਮੀਨਾਰਾਂ ਵਿਚ ਗ਼ਜ਼ਲ ਸੰਬੰਧੀ ਹੀ ਵਿਚਾਰ ਪੇਸ਼ ਕਰਨ ਦਾ ਮਾਣ ਹਾਸਲ ਕੀਤਾ ਹੈ। ਭਾਵੇਂ ਮੇਰੀਆਂ ਹੋਰ ਵੀ ਪੁਸਤਕਾਂ ਪ੍ਰਸਿੱਧ ਹੋਈਆਂ ਤੇ ਹੋਣਗੀਆਂ ਪਰ ਮੈਂ ਆਪਣੀ ਪ੍ਰਾਪਤੀ ਕੇਵਲ ਤੇ ਕੇਵਲ ਸ਼ਾਇਰ ਹੋਣ ਵਿਚ ਹੀ ਮਹਿਸੂਸ ਕਰਦਾ ਹਾਂ। ਸ਼ਾਇਰੀ ਕਦੇ ਮਰਦੀ ਨਹੀਂ। ਬਿਨਸਦੀ ਨਹੀਂ। ਇਹ ਯੁਗ ਬੋਧ ਦੀ ਸ਼ੈਅ ਹੁੰਦੀ ਹੈ। ਬਾਕੀ ਪੁਸਤਕਾਂ ਕੁਝ ਸਮਾਂ ਪਾ ਕੇ ਪੁਰਾਣੀਆਂ ਹੋ ਜਾਂਦੀਆਂ ਨੇ ਪਰ ਸ਼ਾਇਰੀ ਦੀ ਪੁਸਤਕ ਦੀਵੇ ਵਾਂਗ, ਟਟਹਿਣੇ ਵਾਂਗ ਹਜ਼ਾਰਾਂ ਸਾਲ ਪੁਰਾਣੀ ਹੋ ਕੇ ਵੀ ਜਗਦੀ ਹੈ।

**16. ਕੋਈ ਵਿਸ਼ੇਸ਼ ਘਟਨਾ, ਯਾਦਗਾਰ, ਅਨੁਭਵ ਅਤੇ ਪਾਠਕਾਂ ਲਈ ਸੁਨੇਹਾ?**

-ਘਟਾਨਵਾਂ, ਯਾਦਾਂ ਅਤੇ ਅਨੁਭਵ ਮੇਰੀ ਸ਼ਾਇਰੀ ਦਾ ਸਰਮਾਇਆ ਨੇ। ਅੱਜ ਤੋਂ 20 ਸਾਲ ਬਾਅਦ ਮੈਂ ਆਪਣੀਆਂ ਯਾਦਾਂ ਸਵੈ-ਜੀਵਨੀ ਵਿਚ ਸਾਂਝੀਆਂ ਕਰਾਂਗਾ। ਅਜੇ ਤਾਂ ਕੋਈ ਸ਼ੇਅਰ ਕਹੋ ਤਾਂ ਸੁਣਾਵਾਂ। ਨਿਗਲ ਜਾਵੇ ਨਾ ਚੁੱਪ ਇਸ ਬਜ਼ਮ ਨੂੰ ਇਕ ਗੀਤ ਗਾਵਾਂ ਮੈਂ? ਹਨੇਰਾ ਬਹੁਤ ਹੈ ਯਾਰੋ! ਕਹੋ ਇਹ ਦਿਲ ਜਲਾਵਾਂ ਮੈਂ ਪਾਠਕਾਂ ਲਈ ਸੁਨੇਹਾ ਇਹੀ ਹੈ ਕਿ ਸੁਪਨੇ ਲਵੋ। ਸੁਪਨਿਆਂ ਦੀ ਖੇਤੀ ਕਰੋ। ਸੁਪਨਿਆਂ ਦੇ ਗੁਲਾਬ ਆਪਣੇ ਦਿਲਾਂ ਦਿਆਂ ਵਿਹੜਿਆਂ ਵਿਚ ਉਗਾਉ। ਜ਼ਰੂਰ ਫੁੱਲ ਮਹਿਕਣਗੇ ਤੇ ਟਹਿਕਣਗੇ। ਜਿਹੜਾ ਵੀ ਕੰਮ ਕਰੋ, ਉਹ ਖੁੱਭ ਕੇ ਕਰੋ। ਇਕ ਜਨੂੰਨ ਦੀ ਹੱਦ ਤੱਕ ਚਲੇ ਜਾਓ। ਫੇਰ ਸਫਲਤਾ ਤੁਹਾਡੇ ਪੈਰ ਚੁੰਮੇਗੀ। ਵਗਾਰ ਵਰਗਾ ਕੰਮ ਕਿਸੇ ਕੰਮ ਦਾ ਨਹੀਂ। ਵਗਾਰ ਨੂੰ ਗੁਰਬਾਣੀ ਵੀ ਰੱਦ ਕਰਦੀ ਹੈ। ਮੈਂ ਜਿੰਨੇ ਵੀ ਸੁਪਨੇ ਲਏ ਹਨ, ਉਹ ਪੂਰੇ ਹੋਏ ਹਨ। ਮੈਂ ਪੰਜਾਬ ਦਾ ਪ੍ਰਸਿੱਧ ਉਸਤਾਦ ਸ਼ਾਇਰ ਬਣਨਾ ਚਾਹਿਆ ਸੀ, ਉਹ ਬਣ ਗਿਆ। ਲੇਖਕਾਂ ਲਈ, ਸ਼ਾਇਰਾਂ ਲਈ ਇਕ ਸੁਨੇਹਾ ਹੈ ਕਿ ਸਾਗਰ ਦੀਆਂ ਲਹਿਰਾਂ ਤੱਕ ਮਹਿਦੂਦ ਨਾ ਹੋ ਜਾਉ। ਤੀਜੀ ਅੱਖ ਨਾਲ ਵੇਖੋ। ਘਟਨਾਵਾਂ ਦਾ ਬਾਹਰੀ ਰੂਪ ਕੁਝ ਹੋਰ ਹੁੰਦਾ ਹੈ, ਪਰ ਉਸਦੀ ਅਸਲੀਅਤ ਕੁਝ ਹੋਰ। ਅਜ਼ਾਦੀ ਨਾਲ ਲਿਖੋ। ਪਰ ਲੋਕਾਂ ਦੇ ਭਲੇ ਵਿਚ ਖਲੋਵੋ। ਇਹ ਕਦੇ ਨਹੀਂ ਹੋ ਸਕਦਾ ਕਿ ਜੋ ਤੁਸੀਂ ਲੋਕਾਂ ਦੀ ਖ਼ਾਤਰ ਕਰ ਰਹੇ ਹੋ, ਉਸਦੀ ਕੀਮਤ ਲੋਕ ਨਾ ਪਾਉਣ। 'ਕਰਤ ਕਰਤ ਅਭਿਆਸ ਕੇ ਜੜ ਮਤ ਹੋਤ ਸੁਜਾਨ, ਰਸਰੀ ਆਵਤ ਜਾਤ ਕੇ ਸਿਲ ਪਰ ਹੋਤ ਨਿਸ਼ਾਨ' ਨਾਲ ਅਭਿਆਸ ਨਾਲ ਹੀ ਮੁਹਾਰਤ ਆਉਂਦੀ ਹੈ।

**17. ਕੁੱਝ ਮਾਨ/ਸਨਮਾਨ ਬਾਰੇ?**

-ਮਾਨ-ਸਨਮਾਨ ਜਾਂ ਇਨਾਮ-ਪੁਰਸਕਾਰ ਇਸ ਗੱਲ ਦਾ ਸੰਕੇਤ ਹੁੰਦੇ ਹਨ ਕਿ ਕੋਈ ਕਵੀ ਜਾਂ ਸਾਹਿਤਕਾਰ ਲੋਕਾਂ ਵਿਚ ਮਾਨਤਾ ਪ੍ਰਾਪਤ ਕਰ ਗਿਆ ਹੈ। ਸਨਮਾਨਾਂ ਦੀ ਰਸਮ ਸਾਹਿਤਕ ਸੱਭਿਆਚਾਰ ਦੀ ਅਨੁਰੂਪਤਾ ਜ਼ਾਹਿਰ ਕਰਦੀ ਸਰਗਰਮੀ ਹੈ। ਇਹ ਪਾਠਕਾਂ ਦਾ ਧਿਆਨ ਕਿਸੇ ਲੇਖਕ ਵੱਲ ਦਿਵਾਉਣ ਦੀ ਬਾਹਰਮੁਖੀ ਕੋਸ਼ਿਸ਼ ਹੈ ਅਤੇ ਸਦੀਆਂ ਤੋਂ ਪ੍ਰਚਲਿਤ ਹੈ। ਮੈਨੂੰ ਹੁਣ ਤੱਕ 25 ਵੱਡੇ-ਵੱਡੇ ਸਨਮਾਨ/ਪੁਰਸਕਾਰ ਪ੍ਰਾਪਤ ਹੋ ਚੁੱਕੇ ਹਨ। ਮੇਰੇ ਘਰ ਵਿਚ 100 ਮੋਮੈਂਟੋ ਹਨ। ਮੈਂ ਮਾਨ-ਸਨਮਾਨ ਨਾਲ ਭਰਿਆ ਪਿਆ ਹਾਂ ਅਤੇ ਮਾਣ ਨਾਲ ਫਲ ਲੱਦੀ ਟਾਹਣੀ ਵਾਂਗ ਝੁਕਿਆ ਹੋਇਆ ਹਾਂ। ਮੈਨੂੰ ਪਹਿਲਾ ਸਨਮਾਨ 1978 ਵਿਚ ਪੰਜਾਬੀ ਸਾਹਿਤ ਮੰਚ ਬਟਾਲਾ ਨੇ ਹਰਭਜਨ ਸਿੰਘ ਹੁੰਦਲ, ਡਾ. ਅਨੂਪ ਸਿੰਘ, ਤਲਵਿੰਦਰ ਸਿੰਘ ਮੱਖਣ ਕੁਹਾੜ ਅਤੇ ਹੋਰ ਸ਼ਖ਼ਸੀਅਤਾਂ ਹੱਥੋਂ ਦਵਾਇਆ ਸੀ। ਮੈਨੂੰ ਅਨੇਕਾਂ ਮਾਨ-ਸਨਮਾਨ ਮਿਲੇ, ਜਿਨ੍ਹਾਂ ਵਿਚ ਡਾ. ਸਾਧੂ ਸਿੰਘ ਹਮਦਰਦ ਗ਼ਜ਼ਲ ਐਵਾਰਡ, ਪੰਜਾਬੀ ਗ਼ਜ਼ਲ ਮੰਚ ਲੁਧਿਆਣਾ ਵੱਲੋਂ ਡਾ. ਰਣਧੀਰ ਸਿੰਘ ਚੰਦ ਪੁਰਸਕਾਰ, ਸੁਲਤਾਨ ਬਾਹੂ ਇੰਟਰਨੈਸ਼ਨਲ ਫਾਊਂਡੇਸ਼ਨ ਲਾਹੌਰ ਵੱਲੋਂ ਸੁਲਤਾਨ ਬਾਹੂ ਕਵਿਤਾ ਐਵਾਰਡ, ਪੰਜਾਬੀ ਕੌਂਸਲ ਆਫ ਅਸਟ੍ਰੇਲੀਆ ਸੁਲਰਨੀ ਵੱਲੋਂ ਅੰਮ੍ਰਿਤਾ ਪ੍ਰੀਤਮ ਕਵਿਤਾ ਐਵਾਰਡ, ਕਵੀ ਸੋਹਣ ਸਿੰਘ ਪੁਰਸਕਾਰ, ਪਰਮਾਤਮਾਪਰਸ ਕਵਿਤਾ ਐਵਾਰਡ, ਆਲ ਇੰਡੀਆ ਸ਼ਹੀਦ ਭਗਤ ਸਿੰਘ ਨੌਜੁਆਨ ਸਭਾ ਵੱਲੋਂ ਲੋਕ ਕਵਿਤਾ ਪੁਰਸਕਾਰ ਆਦਿ ਵੀ ਸ਼ਾਮਲ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਮੈਨੂੰ ਕਵਿਤਾ ਸੈਮੀਨਾਰ ਵਿਚ ਰੂਬਰੂ ਲਈ ਸੱਦਿਆ ਗਿਆ। ਦਰਜਨ ਵਾਰ ਸਾਹਿਤਕ ਸਭਾਵਾਂ ਨੇ ਮੇਰੇ ਨਾਲ ਰੂਬਰੂ ਸੰਵਾਦ ਰਚਾਏ। ਸਨਮਾਨਾਂ ਦੀ ਵੀ ਇਕ ਰੁੱਤ ਹੁੰਦੀ ਹੈ। ਹੁਣ ਮੈਨੂੰ ਮਾਨ-ਸਨਮਾਨਾਂ ਦੀ ਘਾਟ ਨਹੀਂ, ਕਿਉਂਕਿ ਮੈਨੂੰ ਇਨ੍ਹਾਂ ਦਾ ਲੋਭ ਨਹੀਂ ਰਿਹਾ। ਹੁਣ ਮੈਂ ਪਾਠਕਾਂ ਨੂੰ ਸਿੱਧਾ ਹੀ ਸੰਬੋਧਨ ਹੋ ਸਕਦਾ ਹਾਂ।

ਮੈਂ ਹਰ ਵਾਰ ਭਾਸ਼ਾ ਵਿਭਾਗ ਨੂੰ ਆਪਣੀਆਂ ਪੁਸਤਕਾਂ ਇਨਾਮਾਂ ਲਈ ਭੇਜਦਾ ਹਾਂ ਪਰ ਇਸ ਦੇ ਇਨਾਮਾਂ ਤੱਕ ਪਹੁੰਚਣ ਲਈ ਮੇਰੀ ਪਉੜੀ ਅਜੇ ਨਿੱਕੀ ਹੈ। ਪਿਛਲੇ ਸਾਲ ਮੇਰੀ ਪੁਸਤਕ ਭਾਸ਼ਾ ਵਿਭਾਗ ਦਾ ਇਨਾਮ ਲੈ ਚੱਲੀ ਸੀ ਪਰ ਡੂੰਗਾ ਵੱਜ ਗਿਆ। ਇਸ ਠੂੰਗੇ ਬਾਰੇ ਸਾਰਾ ਪੋਲ ਮਿੱਤਰ ਸੈਨ ਮੀਤ ਨੇ ਸੁਪਰੀਮ ਕੋਰਟ ਵਿਚ ਮੁਕੱਦਮਾ ਕਰਕੇ ਭਾਸ਼ਾ ਵਿਭਾਗ ਤੋਂ ਹਾਸਲ ਕੀਤੀ ਪੁਰਸਕਾਰ ਕਾਰਵਾਈ ਦੀ ਰਿਪੋਰਟ ਇਕ ਰਸਾਲੇ ਵਿਚ ਛਾਪ ਕੇ ਖੋਲ੍ਹ ਦਿੱਤਾ। ਉਸ ਵਿਚ ਮੇਰੀ ਪੁਸਤਕ ਫਸਲ ਆ ਰਹੀ ਸੀ ਪਰ...ਮੇਰੇ ਵਾਸਤੇ ਸਰਕਾਰੀ ਇਨਾਮ ਮਹਿਜ ਇਕ ਰਸਮ ਮਾਤਰ ਹੈ। ਮੈਂ ਆਸ ਕਰਦਾ ਹਾਂ ਕਿ ਭਾਸ਼ਾ ਵਿਭਾਗ ਮੈਨੂੰ ਵੀ ਇਸ ਰਸਮ ਵਿਚ ਸ਼ਾਮਲ ਕਰੇਗਾ।

■ -ਸਮਾਪਤ

## ਜਨਮ ਦਿਨ 'ਤੇ ਵਿਸ਼ੇਸ਼

# ਸਾਹਿਬਜ਼ਾਦਾ ਜੁਝਾਰ ਸਿੰਘ ਜੀ

ਡਾ. ਚਰਨਜੀਤ ਸਿੰਘ ਗੁਮਟਾਲਾ
gumtalacs@gmail.com

(Punjab Mail USA)



ਗੁਰਦੁਆਰਾ ਕਤਲਗੜ੍ਹ

ਆਪ ਜੀ ਦਸ਼ਮੇਸ਼ ਪਿਤਾ ਜੀ ਦੇ ਦੂਜੇ ਪੁੱਤਰ ਸਨ। ਆਪ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਸੰਮਤ 1747 (14 ਮਾਰਚ, 1691 ਈ.) ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਆਪ ਦਾ ਪਾਲਣ-ਪੋਸ਼ਣ ਵੀ ਬਾਬਾ ਅਜੀਤ ਸਿੰਘ ਜੀ ਵਾਂਗ ਹੀ ਹੋਇਆ। ਆਪ ਜੀ ਨੇ ਧਾਰਮਿਕ ਵਿਦਿਆ, ਸ਼ਸਤਰ ਵਿਦਿਆ ਅਤੇ ਰਣਨੀਤੀ ਗ੍ਰਹਿਣ ਕੀਤੀ। ਅੱਠ ਸਾਲ ਦੀ ਉਮਰ ਵਿਚ ਅੰਮ੍ਰਿਤ ਪਾਨ ਕੀਤਾ। ਆਪ ਜੀ ਵੀ ਗੁਰੂ ਪਿਤਾ ਅਤੇ ਵੱਡੇ ਭਰਾਤਾ ਬਾਬਾ ਅਜੀਤ ਸਿੰਘ ਤੇ ਹੋਰ ਮਰਜੀਵੜੇ ਸਿੰਘਾਂ ਨਾਲ ਚਮਕੌਰ ਸਾਹਿਬ ਪਹੁੰਚੇ। ਬਾਬਾ ਜੁਝਾਰ ਸਿੰਘ ਜੀ ਨੇ ਗੜ੍ਹੀ ਦੀ ਅਟਾਰੀ 'ਤੇ ਬੈਠ ਕੇ ਸਿੰਘਾਂ ਸੂਰਮਿਆਂ ਅਤੇ ਬਾਬਾ ਅਜੀਤ ਸਿੰਘ ਜੀ ਦਾ ਜੰਗ ਵੇਖਿਆ। ਜਦੋਂ ਬਾਬਾ ਅਜੀਤ ਸਿੰਘ ਜੀ ਸ਼ਹੀਦ ਹੋ ਗਏ, ਤਾਂ ਬਾਬਾ ਜੁਝਾਰ ਸਿੰਘ ਜੀ ਦਾ ਖ਼ੂਨ ਖੌਲਿਆ ਤੇ ਜੰਗ ਕਰਨ ਦੀ ਲਾਲਸਾ ਪ੍ਰਬਲ ਹੋ ਉੱਠੀ। ਗੁਰੂ ਪਿਤਾ ਜੀ ਤੋਂ ਆਗਿਆ ਮੰਗੀ। ਇਸ ਘਟਨਾ ਨੂੰ ਅੱਲਾ ਯਾਰ ਖਾਂ ਇਉਂ ਬਿਆਨ ਕਰਦੇ ਹਨ:-

ਬੇਟੇ ਕੋ ਸ਼ਹਾਦਤ ਮਿਲੀ ਦੇਖਾ ਜੋ ਪਿਦਰ ਨੇ।

ਇਸ ਵਕਤ ਕਹਾ ਨੰਨੇ ਸੇ ਮਾਸੂਮ ਪਿਸਰ ਨੇ।

ਰੁਖਸਤ ਹਮੇਂ ਦਿਲਵਾਉ ਪਿਤਾ ਜਾਏਗੇ ਮਰਨੇ।

ਪਿਤਾ ਦੇ ਸਾਹਮਣੇ ਵੱਡਾ ਬੇਟਾ ਸ਼ਹੀਦ ਹੋ ਗਿਆ। ਛੋਟੇ ਪੁੱਤਰ ਨੇ ਵੇਖ ਕੇ ਪਿਤਾ ਗੁਰੂ ਤੋਂ ਆਗਿਆ ਮੰਗੀ ਕਿ ਮੈਨੂੰ ਵੀ ਰਣ ਤੱਤੇ ਵਿਚ ਕੁੱਦਣ ਦਿਓ। ਬਾਬਾ ਜੁਝਾਰ ਸਿੰਘ ਜੀ ਦੀ ਬੇਨਤੀ ਸੁਣ ਕੇ ਪਿਤਾ ਗੁਰੂ ਜੀ ਨੇ ਫਰਮਾਇਆ, ਬੇਟਾ ਤੁਸੀਂ ਪੰਥ ਦੀ ਬੇੜੀ ਦੇ ਮਲਾਹ ਹੋ, ਸੀਸ ਭੇਟ ਕਰੋ, ਤਾਂ ਜੋ ਧਰਮ ਦਾ ਬੇੜਾ ਪਾਰ ਲੱਗੇ। ਜਾਓ ਤੁਹਾਨੂੰ ਵੱਡੇ ਭਾਈ ਬਾਬਾ ਅਜੀਤ ਸਿੰਘ ਜੀ ਉਡੀਕ ਰਹੇ ਹਨ। ਮੇਰੀ ਚਾਹਨਾ ਹੈ ਕਿ ਮੈਂ ਤੈਨੂੰ ਜੰਗ ਵਿਚ ਬਰਛੀ ਚਲਾਉਂਦੇ ਤੇ ਬਰਛੀ ਦਾ ਵਾਰ ਸਹਿੰਦੇ ਹੋਏ ਵੇਖਾਂ।

ਪਿਤਾ ਗੁਰੂ ਜੀ ਨੇ ਆਗਿਆ ਦਿੱਤੀ, ਸ਼ਸਤਰ ਸਜਾਏ ਅਤੇ ਪੰਜ ਸਿੰਘ ਨਾਲ ਤੋਰੇ। ਕਵਿ ਸੈਨਾ ਪਤਿ ਲਿਖਦੇ ਹਨ :-

ਜਬ ਦੇਖਿਓ ਜੁਝਾਰ ਸਿੰਘ ਸਮਾਂ ਪਹੁੰਚਿਓ ਆਨ।

ਦੌਰਿਓ ਦਲ ਮੈਂ ਧਾਇ ਕੈ ਕਰ ਮਹਿ ਗਹੀ ਕਮਾਨ।

ਬਾਬਾ ਜੁਝਾਰ ਸਿੰਘ ਜੀ ਨੂੰ ਰਣ ਵਿਚ ਜੂਝਣ ਦਾ ਕਿੰਨਾ ਚਾਓ ਸੀ :-

ਐਸੇ ਰੌਰੇ ਜਬ ਊਹਾ ਭਇਓ। ਸਾਹਿਬ ਜੁਝਾਰ ਸਿੰਘ ਮਨ ਮਹਿ ਠਯੋ।

ਅਬ ਜੀਵਨ ਕੋ ਕੁਛ ਧ੍ਰਮ ਨਹੀਂ। ਪੁਤ੍ਰ ਜੀਵੈ ਲੜ ਪਿਤਾ ਮਰਾਹੀ।

ਬਾਬਾ ਅਜੀਤ ਸਿੰਘ ਜੀ ਤੋਂ ਬਾਅਦ ਜਦੋਂ ਬਾਬਾ ਜੁਝਾਰ ਸਿੰਘ ਰਣ ਤੱਤੇ ਵਿਚ ਗਰਜੇ, ਤਾਂ ਵੈਰੀ ਦਲਾਂ ਵਿਚ ਸਹਿਮ ਛਾ ਗਿਆ। ਦੁਸ਼ਮਣ ਅੱਗੇ-ਅੱਗੇ ਭੱਜਣ ਲੱਗੇ, ਡਰ ਦੇ ਮਾਰੇ ਕੋਈ ਨੇੜੇ ਨਹੀਂ ਢੁੱਕਦਾ ਸੀ। ਜੰਗ ਵਿਚ ਲੋਥਾਂ ਦੇ ਢੇਰ ਲੱਗ ਗਏ। ਸਾਹਿਬਜ਼ਾਦੇ ਦੇ ਨੇਜ਼ੇ ਨੇ ਐਸੇ ਕਮਾਲ ਦਿਖਾਏ ਕਿ ਮੁਗਲ ਫੌਜਾਂ ਹੈਰਾਨ ਰਹਿ ਗਈਆਂ ਕਿ ਇਤਨੀ ਛੋਟੀ ਉਮਰ ਵਿਚ ਨੇਜ਼ਾ ਬਾਜ਼ੀ ਦੀ ਇਤਨੀ ਮੁਹਾਰਤ ਅਤੇ ਨਿਰਭੈਤਾ। ਯੋਗੀ ਅੱਲਾ ਯਾਰ ਖਾਂ ਜੀ ਇਸ ਤਰ੍ਹਾਂ ਲਿਖਦੇ ਹਨ :-

ਦਸ ਬੀਸ ਕੋ ਜਖਮੀ ਕੀਆ ਦਸ ਬੀਸ ਕੋ ਮਾਰਾ।

ਇਕ ਹਮਲੇ ਮੇਂ ਇਸ ਏਕ ਨੇ ਇੱਕੀਸ ਕੋ ਮਾਰਾ।

ਖੰਨਾਸ ਕੋ ਮਾਰਾ ਕਭੀ ਇਬਲੀਸ ਕੋ ਮਾਰਾ।

ਗੁਲ ਮਚ ਗਿਆ ਇਕ ਤਿਫਲ ਨੇ ਚਾਲੀਸ ਕੋ ਮਾਰਾ।

ਬਚ ਬਚ ਕੇ ਲੜੋ ਕਲਗੀਓ ਵਾਲੇ ਕੇ ਪਿਸਰ ਸੇ।

ਯਿਹ ਨੀਮਚਾਂ ਲਾਏ ਹੈਂ ਗੁਰੂ ਜੀ ਕੀ ਕਮਰ ਸੇ।

ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਘਮਸਾਨ ਮਚਾ ਦਿੱਤਾ। ਇੱਕੋ ਹਮਲੇ ਵਿਚ 21 ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਰਾਂਖਸ਼ਾਂ ਵਰਗੇ ਦੈਂਤ ਪਠਾਣਾਂ ਨੂੰ ਪਰੋ ਦਿੱਤਾ। ਸਾਰੇ ਰੌਲਾ ਮਚ ਗਿਆ ਕਿ ਕਲਗੀਧਰ ਦੇ ਬੀਰ ਸਪੂਤ ਤੋਂ ਬਚ ਕੇ ਲੜੋ। ਇਨ੍ਹਾਂ ਕੋਲ ਪਿਤਾ ਗੁਰੂ ਜੀ ਦਾ ਬਖਸ਼ਿਆ ਖੰਡਾ ਹੈ।

ਪਰ ਪੰਜ ਭੁੱਖੇ ਸਿੰਘ ਲੱਖਾਂ ਦਾ ਮੁਕਾਬਲਾ ਕਿੰਨੀ ਕੁ ਦੇਰ ਕਰ ਸਕਦੇ ਸਨ। ਸਾਹਿਬਜ਼ਾਦੇ ਨੂੰ ਲੜਦਿਆਂ-ਲੜਦਿਆਂ ਸ਼ਾਮ ਪੈ ਗਈ। ਉਸ ਸਮੇਂ ਇੱਕ ਤੀਰ ਆ ਕੇ ਬਾਬਾ ਜੁਝਾਰ ਸਿੰਘ ਦੇ ਦਿਲ ਵਿਚ ਲੱਗਾ। ਮਾਨੋ ਇਹ ਤੀਰ ਕਲੇਜੇ ਵਿਚ ਨਹੀਂ, ਸਗੋਂ ਫੁੱਲ ਵਿਚ ਕੰਡਾ ਵੱਜਾ ਹੈ। ਸਾਰੇ ਪਾਸੇ ਹਨੇਰਾ ਛਾ ਗਿਆ। ਹਾਹਾਕਾਰ ਮੱਚ ਗਈ। ਦਸਮੇਸ਼ ਪਿਤਾ ਦਾ ਲਾਡਲਾ ਸਪੂਤ ਭੁਆਟਣੀ ਖਾ ਕੇ ਜ਼ਮੀਨ 'ਤੇ ਡਿੱਗ ਗਿਆ।

ਇਸ ਤਰ੍ਹਾਂ ਨਾਲ ਸਾਹਿਬਜ਼ਾਦ ਜੁਝਾਰ ਸਿੰਘ ਜੀ ਆਪਣੇ ਵੱਡੇ ਭਰਾ ਅਜੀਤ ਸਿੰਘ ਦੇ ਨਾਲ ਰਲ ਕੇ ਬਾਬਾ ਗੁਰੂ ਤੇਗ ਬਹਾਦਰ ਜੀ ਦੀ ਗੋਦ ਵਿਚ ਜਾ ਬੈਠੇ। ਸੂਰਜ ਵੀ ਅਸਤ ਹੋ ਗਿਆ, ਮਾਨੋਂ ਮੁਗਲਾਂ ਦੇ ਰਾਜ ਦਾ ਸੂਰਜ ਹੀ ਡੁੱਬ ਗਿਆ। ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਯਾਦਗਾਰ ਚਮਕੌਰ ਸਾਹਿਬ ਵਿਚ ਗੁਰਦੁਆਰਾ ਕਤਲਗੜ੍ਹ ਸਾਹਿਬ ਅਤੇ ਗੜ੍ਹੀ ਸਾਹਿਬ ਸ਼ੁਸ਼ੋਭਿਤ ਹੈ, ਯੋਗੀ ਅੱਲਾ ਯਾਰ ਖਾਂ ਕਹਿੰਦੇ ਹਨ :-

ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ।

ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲੀਏ।

ਚਮਕ ਹੈ ਮਿਹਰ ਕੀ ਚਮਕੌਰ! ਥੇਰੇ ਜ਼ਰਰੋ ਮੇਂ।

ਯਹੀਂ ਸੇ ਬਨ ਕੇ ਸਤਾਰੇ ਗਏ ਸ਼ਮਾਂ ਕੇ ਲੀਏ।

ਗੁਰੂ ਗੋਬਿੰਦ ਕੇ ਲ਼ਖ਼ਤਿ ਜਿਗਰ ਅਜੀਤੋ ਜੁਝਾਰ।

ਫਲਕ ਪਿ ਇਕ ਯਹਾਂ ਦੋ ਚਾਂਦ ਹੈ ਜਿਯਾ ਕੇ ਲੀਏ।

ਯੋਗੀ ਜੀ ਕਿੰਨਾ ਸੁੰਦਰ ਬਿਆਨ ਕਰਦੇ ਹਨ ਕਿ ਹਿੰਦੁਸਤਾਨ ਵਿਚ ਯਾਤਰਾ ਕਰਨ ਲਈ ਕੇਵਲ ਇੱਕੋ ਇੱਕ ਤੀਰਥ ਹੈ, ਚਮਕੌਰ ਸਾਹਿਬ। ਜਿੱਥੇ ਕਿ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬੇਟੇ ਧਰਮ ਤੋਂ ਕੁਰਬਾਨ ਕੀਤੇ। ਚਮਕੌਰ ਸਾਹਿਬ ਦੇ ਕਿਣਕੇ-ਕਿਣਕੇ ਵਿਚ ਕੁਰਬਾਨੀ ਰੂਪੀ ਸੂਰਜ ਦੀ ਚਮਕ ਹੈ। ਇਥੋਂ ਹੀ ਸ਼ਹੀਦੀ ਪਰਵਾਨੇ ਉੱਠੇ ਤੇ ਆਕਾਸ਼ 'ਤੇ ਪਹੁੰਚ ਗਏ, ਭਾਵ ਅਮਰ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਸਪੂਤ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਮਾਨੋਂ ਦੋ ਚੰਦ ਇਸ ਅਸਥਾਨ ਨੂੰ ਰੌਸ਼ਨ ਕਰ ਰਹੇ ਹਨ।

ਸ਼ਹੀਦ ਬੀਬੀ ਸ਼ਰਨ ਕੌਰ ਚਮਕੌਰ ਸਾਹਿਬ ਦੇ ਲਾਗਲੇ ਪਿੰਡ ਰਾਏਪੁਰ ਦੀ ਰਹਿਣ ਵਾਲੀ ਸੀ। ਇਸ ਬੀਬੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਰੂਹਾਨੀਅਤ ਤਰੀਕੇ ਦਰਸ਼ਨ ਦੇ ਕੇ ਆਤਮਿਕ ਬਲ ਬਖਸ਼ਿਆ। ਬੀਬੀ ਨੇ ਸ਼ਹੀਦ ਸਾਹਿਬਜ਼ਾਦਿਆਂ ਤੇ ਹੋਰ ਸਿੰਘਾਂ ਦਾ ਸਸਕਾਰ ਕਰਨ ਦੀ ਹਿੰਮਤ ਕੀਤੀ। ਲੱਭ-ਲੱਭ ਕੇ ਕੁਝ ਸ਼ਹੀਦਾਂ ਦੀਆਂ ਦੇਹਾਂ ਇਕੱਠੀਆਂ ਕਰਕੇ ਅੰਗੀਠਾ ਤਿਆਰ ਕਰ ਅੱਗ ਲਾ ਦਿੱਤੀ। ਅੱਗ ਦੇ ਭਾਂਬੜ ਮੱਚ ਗਏ। ਮੁਗਲ ਸਿਪਾਹੀ ਜੋ ਆਪਣੇ ਮੁਰਦਿਆਂ ਨੂੰ ਦਫਨਾਉਂਦੇ ਥੱਕੇ ਹਾਰੇ ਬੇਸੁਰਤ ਸੁੱਤੇ ਹੋਏ ਸੀ, ਅੱਭੜਵਾਹੇ ਉੱਠੇ ਅੱਗ ਦੀਆਂ ਲਾਟਾਂ ਦੇਖ ਕੇ ਭੈ ਭੀਤ ਹੋ ਗਏ। ਕੁਝ ਚਿਰ ਪਿੱਛੋਂ ਹੌਂਸਲਾ ਕਰਕੇ ਅੱਗ ਦੇ ਕੋਲ ਪਹੁੰਚੇ ਬੀਬੀ ਨੂੰ ਦੇਖ ਕੇ ਹੈਰਾਨ ਹੋ ਗਏ। ਬੀਬੀ ਨੂੰ ਪੁੱਛਿਆ ਤੂੰ ਕੌਣ ਹੈ? ਬੀਬੀ ਨੇ ਗਰਜ ਕੇ ਉਤਰ ਦਿੱਤਾ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਧੀ ਹਾਂ ਤੇ ਸ਼ਹੀਦਾਂ ਦਾ ਸਸਕਾਰ ਕਰ ਰਹੀ ਹਾਂ। ਸਿਪਾਹੀਆਂ ਨੇ ਫੜਨਾ ਚਾਹਿਆ ਪਰ ਬੀਬੀ ਨੇ ਤਲਵਾਰ ਧੂਹ ਕੇ ਕਈਆਂ ਨੂੰ ਮਾਰ ਮੁਕਾਇਆ ਤੇ ਆਪ ਫੱਟੜ ਹੋ ਕੇ ਡਿੱਗ ਪਈ। ਜ਼ਾਬਰ ਸਿਪਾਹੀਆਂ ਨੇ ਗੰਭੀਰ ਜ਼ਖ਼ਮੀ ਬੀਬੀ ਸ਼ਰਨ ਕੌਰ ਨੂੰ ਅੱਗ ਵਿਚ ਸੁੱਟ ਦਿੱਤਾ। ਇਉਂ ਬੀਬੀ ਸ਼ਰਨ ਕੌਰ ਨੇ ਸ਼ਹੀਦਾਂ ਦਾ ਸਸਕਾਰ ਕਰਦਿਆਂ 9 ਪੋਹ ਦੀ ਰਾਤ ਸ਼ਹੀਦੀ ਪਾਈ।

ਉਨ੍ਹਾਂ ਦਿਨਾਂ ਵਿਚ ਹੀ ਭਾਈ ਰਾਮਾ ਤੇ ਤਿਲੋਕਾ ਜੀ ਮਹਿਰਾਜ ਨਿਵਾਸੀ ਬਾਬਾ ਫੂਲ ਜੀ ਤੇ ਸਪੁੱਤਰ ਸਰਹੰਦ ਮਾਮਲਾ ਤਾਰਨ ਆਏ ਹੋਏ ਸਨ। ਉਨ੍ਹਾਂ ਨੂੰ ਚਮਕੌਰ ਸਾਹਿਬ ਦੇ ਸ਼ਹੀਦੀ ਸਾਕੇ ਦਾ ਪਤਾ ਲੱਗਾ। ਦੋਹਾਂ ਭਰਾਵਾਂ ਨੇ ਬੜਾ ਦੁੱਖ ਮਹਿਸੂਸ ਕੀਤਾ ਤੇ ਸਲਾਹ ਕੀਤੀ ਆਪਾਂ ਜਾਨ ਵਾਰ ਕੇ ਵੀ ਗੁਰੂ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਅਤੇ ਪਿਆਰੇ ਸ਼ਹੀਦ ਸਿੰਘਾਂ ਦਾ ਸਸਕਾਰ ਜ਼ਰੂਰ ਕਰਾਂਗੇ। ਦੂਰੋਂ ਨੇੜਿਓ ਬਾਕੀ ਸਿੰਘਾਂ ਤੇ ਸਾਹਿਬਜ਼ਾਦਿਆਂ ਦੇ ਸਰੀਰ ਇਕੱਠੇ ਕਰਕੇ ਅੱਗ ਦੀ ਭੇਟ ਕਰ ਦਿੱਤੇ। ਇਸ ਤਰ੍ਹਾਂ ਸਤਿਗੁਰੂ ਪਾਤਸ਼ਾਹ ਦੀ ਕ੍ਰਿਪਾ ਸਦਕਾ ਦੋਵੇਂ ਭਰਾ 10 ਪੋਹ ਦੀ ਰਾਤ ਨੂੰ ਸਾਹਿਬਜ਼ਾਦਿਆਂ ਦੇ ਸਸਕਾਰ ਕਰਨ ਵਿਚ ਸਫ਼ਲ ਹੋ ਗਏ।

ਭਾਈ ਸੰਤੋਖ ਸਿੰਘ ਜੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਉਂ ਅੰਕਿਤ ਕਰਦੇ ਹਨ ਕਿ ਸਾਹਿਬਜ਼ਾਦਿਆਂ ਦੇ ਸਰੀਰ ਦੁਸ਼ਮਣਾਂ ਨੂੰ ਨਜ਼ਰ ਹੀ ਨਹੀਂ ਆਏ। ਗੁਰੂ ਕ੍ਰਿਪਾ ਦੁਆਰਾ ਭਾਈ ਤਿਲੋਕਾ ਤੇ ਭਾਈ ਰਾਮਾ ਜੀ ਨੂੰ ਦਰਸ਼ਨ ਹੋ ਗਏ :-

ਦ੍ਰਿਸ਼ਟਿ ਪਰੇ ਨਹਿ ਦੋਹਨੁ ਭਾਈ। ਜੇ ਪਾਵਤਿ ਸਿਰ ਵੱਢ ਲੇ ਜਾਈ।

ਆਪਣੇ ਜਾਨਿ ਦਾਸ ਇਨ ਤਾਈ। ਦੋਨੋ ਲੋਥੈਂ ਦਈ ਦਿਖਾਈ।

ਵਿਸਥਾਰ ਲਈ ਵੇਖੋ: ਗੁਰਬਾਣੀ ਇਸੁ ਮਹਿ ਚਾਨਣੁ, ਪਰਚਾਰ ਤੇ ਪ੍ਰਸਾਰ ਸੰਸਥਾ, ਐੱਸ.ਏ.ਐੱਸ. ਨਗਰ ਮੁਹਾਲੀ ਦੁਆਰਾ ਪ੍ਰਕਸ਼ਿਤ ਪੁਸਤਕ, ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ



ਗੁਦੁਆਰਾ ਗੜ੍ਹੀ ਸਾਹਿਬ

# ਚੋਣ ਮੈਨੀਫੈਸਟੋ - ਗਰੰਟੀਆਂ ਦਾ ਦੌਰ




ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)




ਲੋਕ ਸਭਾ ਚੋਣਾਂ-2024 ਲਈ ਇੰਡੀਅਨ ਨੈਸ਼ਨਲ ਕਾਂਗਰਸ ਨੇ ਆਪਣਾ ਚੋਣ ਮੈਨੀਫੈਸਟੋ ਜਨਤਾ ਸਾਹਮਣੇ ਰੱਖ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਤਾਂ ਪਹਿਲਾਂ ਹੀ ਲੋਕਾਂ ਨੂੰ ਗਰੰਟੀਆਂ ਦੇ ਰਹੀ ਹੈ, ਪ੍ਰਚਾਰ ਕਰ ਰਹੀ ਹੈ। ਭਾਜਪਾ ਵਿਕਾਸ ਅਤੇ ਤਬਦੀਲੀ ਸਬੰਧੀ ਵੱਡੇ ਦਾਅਵੇ ਪੇਸ਼ ਕਰ ਰਹੀ ਹੈ। ਦੇਸ਼ ਦੀਆਂ ਕੌਮੀ ਸਿਆਸੀ ਪਾਰਟੀਆਂ ਅਤੇ ਇਲਾਕਾਈ ਦਲ ਵੀ ਆਪਣੇ ਚੋਣ ਘੋਸ਼ਣਾ ਪੱਤਰ ਜਾਰੀ ਕਰ ਰਹੇ ਹਨ।

ਇੰਡੀਅਨ ਨੈਸ਼ਨਲ ਕਾਂਗਰਸ ਦੇ ਚੋਣ ਮੈਨੀਫੈਸਟੋ ਦਾ ਸ਼ਿੰਗਾਰ, "ਪੰਜ ਇਨਸਾਫ" ਅਤੇ ਪੱਚੀ ਵਾਅਦੇ ਹਨ। ਇਸ ਘੋਸ਼ਣਾ ਪੱਤਰ ਵਿਚ ਨੌਜਵਾਨਾਂ ਲਈ ਇਨਸਾਫ, ਨਾਰੀ ਲਈ ਇਨਸਾਫ, ਕਿਸਾਨਾਂ ਲਈ ਇਨਸਾਫ, ਮਜ਼ਦੂਰਾਂ ਲਈ ਇਨਸਾਫ ਅਤੇ ਹਿੱਸੇਦਾਰੀ ਦਾ ਇਨਸਾਫ ਮੁੱਖ ਥੰਮ੍ਹ ਹਨ। ਇਨ੍ਹਾਂ ਪੰਜਾਂ ਥੰਮ੍ਹਾਂ ਦੇ ਅੰਦਰ ਹੀ ਪੰਜ ਗਰੰਟੀਆਂ ਸ਼ਾਮਲ ਹਨ।

ਕਾਂਗਰਸ ਨੇ ਸਪੱਸ਼ਟ ਕੀਤਾ ਹੈ ਕਿ ਉਹ ਇੱਕ ਰਾਸ਼ਟਰੀ, ਇੱਕ ਚੋਣ ਦੇ ਹੱਕ 'ਚ ਨਹੀਂ। ਉਹ ਲੋਕਤੰਤਰ ਬਚਾਉਣ ਲਈ ਸੰਘਰਸ਼ ਕਰਦੀ ਰਹੇਗੀ। ਉਹ ਨਫ਼ਰਤੀ ਸਿਆਸਤ ਉਤੇ ਰੋਕ ਲਗਾਏਗੀ।

ਕਾਂਗਰਸ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਸਦਾ ਘੋਸ਼ਣਾ ਪੱਤਰ ਕੰਮ, ਦੌਲਤ ਅਤੇ ਭਲਾਈ ਲਈ ਸਰਕਾਰੀ ਸਕੀਮਾਂ ਦੇ ਵੱਧ ਤੋਂ ਵੱਧ ਫਾਇਦੇ ਲੋਕਾਂ ਨੂੰ ਦੇਣ ਦਾ ਯਤਨ ਕਰੇਗੀ। ਕਾਂਗਰਸ ਨੇ ਲੋਕਾਂ ਨੂੰ ਯਕੀਨ ਦਵਾਇਆ ਹੈ ਕਿ ਉਹ ਈ.ਡੀ., ਸੀ.ਬੀ.ਆਈ., ਪੁਲਿਸ 'ਤੇ ਸ਼ਿਕੰਜਾ ਕਸੇਗੀ ਅਤੇ ਸਖ਼ਤੀ ਨਾਲ ਕਾਨੂੰਨ ਦੇ ਅਨੁਸਾਰ ਕੰਮ ਕਰਨ ਲਈ ਉਨ੍ਹਾਂ ਨੂੰ ਕਹੇਗੀ। ਉਹ ਦਲਬਦਲ ਨੂੰ ਨੱਥ ਪਾਏਗੀ ਅਤੇ ਦਲਬਦਲ ਕਰਨ 'ਤੇ ਖ਼ੁਦ ਸੰਸਦ ਅਤੇ ਵਿਧਾਨ ਸਭਾ ਦੀ ਮੈਂਬਰੀ ਖ਼ਤਮ ਹੋਣ ਦਾ ਕਾਨੂੰਨ ਪਾਸ ਕਰੇਗੀ। ਫ਼ਸਲਾਂ ਲਈ ਘੱਟੋ-ਘੱਟ ਮੁੱਲ, ਜਾਤੀ ਗਣਨਾ ਅਤੇ ਗਰੀਬ ਔਰਤਾਂ ਲਈ ਇੱਕ ਲੱਖ ਰੁਪਏ ਅਤੇ ਮਗਨਰੇਗਾ ਮਜ਼ਦੂਰਾਂ ਲਈ 400 ਰੁਪਏ ਦਿਹਾੜੀ, 25 ਲੱਖ ਰੁਪਏ ਤੱਕ ਸਭ ਲਈ ਮੁਫ਼ਤ ਇਲਾਜ, ਬਜ਼ੁਰਗਾਂ ਲਈ ਰੇਲਵੇ 'ਚ ਰਿਆਇਤ ਆਦਿ ਸਹੂਲਤਾਂ ਦਾ ਵਾਅਦਾ ਇਸ ਘੋਸ਼ਣਾ ਪੱਤਰ 'ਚ ਸ਼ਾਮਲ ਹੈ।

ਭਾਜਪਾ ਦੀਆਂ ਗਰੰਟੀਆਂ ਵਿਚ ਸਾਰਿਆਂ ਲਈ ਘਰ, ਸੌ ਫ਼ੀਸਦੀ ਬਿਜਲੀਕਰਨ, 5 ਲੱਖ ਦਾ ਮੁਫ਼ਤ ਇਲਾਜ ਆਦਿ ਸ਼ਾਮਲ ਹਨ। ਇੱਕ ਦੇਸ਼, ਇੱਕ ਚੋਣ ਭਾਜਪਾ ਦਾ ਵਾਇਦਾ ਹੈ। ਭਾਜਪਾ ਦਾ ਸੰਕਲਪ ਰਾਸ਼ਟਰੀ ਸੁਰੱਖਿਆ, ਸੀਮਾ ਸੁਰੱਖਿਆ, ਆਤੰਕਵਾਦ ਦਾ ਖ਼ਾਤਮਾ, ਕਿਸਾਨ ਕਲਿਆਣ ਦਾ ਤਾਂ ਰਿਹਾ ਹੀ ਹੈ, 370 ਦੇ ਖ਼ਾਤਮੇ, ਨਾਗਰਿਕਤਾ ਸੋਧ ਬਿੱਲ ਲਾਗੂ ਕਰਨ ਸਮੇਤ ਧਾਰਾ 370 ਖ਼ਤਮ ਕਰਨਾ ਵੀ ਰਿਹਾ ਹੈ।

ਦੇਸ਼ ਦੀ ਹਾਕਮ ਧਿਰ ਅਤੇ ਪ੍ਰਮੁੱਖ ਵਿਰੋਧੀ ਧਿਰ ਕਾਂਗਰਸ ਵਲੋਂ ਪਿਛਲੇ 77 ਸਾਲ ਤੋਂ ਦੇਸ਼ ਉਤੇ ਰਾਜ ਕੀਤਾ ਜਾ ਰਿਹਾ ਹੈ। ਇਸ ਸਮੇਂ ਦੌਰਾਨ ਆਮ ਤੌਰ 'ਤੇ ਗਰੀਬਾਂ ਦੇ ਕਲਿਆਣ ਲਈ ਯੋਜਨਾਵਾਂ ਵੱਡੇ ਪੱਧਰ ਉਤੇ ਉਲੀਕੀਆਂ ਗਈਆਂ ਹਨ। ਇਹ ਯੋਜਨਾਵਾਂ ਗਰੀਬ ਲੋਕਾਂ ਤੱਕ ਪਹੁੰਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਦੱਸਿਆ ਜਾ ਰਿਹਾ ਹੈ, ਕਿਉਂਕਿ ਗਰੀਬ ਲੋਕ ਹੀ ਅਸਲ 'ਚ ਉਨ੍ਹਾਂ ਦੇ ਨਿਸ਼ਾਨੇ 'ਤੇ ਹਨ, ਕਿਉਂਕਿ ਉਨ੍ਹਾਂ ਨੂੰ ਹੀ ਉਹ ਮੁੱਖ ਰੂਪ 'ਚ ਆਪਣੇ ਵੋਟਰ ਗਿਣਦੇ ਹਨ।

ਪਰ ਸਵਾਲ ਉੱਠਦਾ ਹੈ ਕਿ ਦੇਸ਼ ਦੀਆਂ ਵੱਡੀਆਂ ਪਾਰਟੀਆਂ ਵਲੋਂ ਕੀਤੇ ਵੱਡੇ ਵਾਇਦੇ ਕੀ ਲੋਕਾਂ ਦੀ ਆਮ ਜ਼ਿੰਦਗੀ ਸੁਧਾਰ ਸਕੇ ਹਨ? ਗਰੀਬੀ, ਭੁੱਖਮਰੀ, ਬੇਰਜ਼ੁਗਾਰੀ ਵਰਗੇ ਸ਼ਬਦਾਂ ਨੂੰ ਤਾਂ ਦੇਸ਼ ਦੇ ਲੋਕ ਇੱਕ ਗਹਿਣੇ ਵਜੋਂ ਪਹਿਨਣ ਲਈ ਮਜਬੂਰ ਹੀ ਹੋ ਚੁੱਕੇ ਹਨ।

ਇੱਕ ਚੋਟੀ ਦੇ ਪੱਤਰਕਾਰ ਵਲੋਂ ਕੀਤਾ ਗਿਆ ਇੱਕ ਸਾਧਾਰਨ ਜਿਹਾ ਸਰਵੇ ਅੱਖਾਂ ਖੋਲ੍ਹਣ ਵਾਲਾ ਹੈ। ਇਹ ਪੱਤਰਕਾਰ ਕਹਿੰਦੀ ਹੈ ਕਿ ਜਦ ਮੈਂ ਲੋਕਾਂ ਤੋਂ ਪੁੱਛਿਆ ਕਿ ਸਰਕਾਰੀ ਯੋਜਨਾਵਾਂ ਤੋਂ ਉਨ੍ਹਾਂ ਨੂੰ ਕਿਹੋ ਜਿਹੇ ਲਾਭ ਮਿਲੇ ਹਨ, ਤਾਂ ਉਨ੍ਹਾਂ ਨੇ ਕਿਹਾ ਕਿ ਉਜਵਲਾ ਯੋਜਨਾ ਦੇ ਤਹਿਤ ਉਨ੍ਹਾਂ ਨੂੰ ਗੈਸ ਦੇ ਚੁੱਲ੍ਹੇ ਤਾਂ ਮਿਲੇ ਹਨ, ਲੇਕਿਨ ਇੱਕ ਸਿਲੰਡਰ ਅੱਜ 900 ਰੁਪਏ ਦਾ ਹੋ ਗਿਆ, ਜਿਸਨੂੰ ਖਰੀਦਣ ਲਈ ਉਨ੍ਹਾਂ ਦੀ ਔਕਾਤ ਨਹੀਂ ਰਹੀ। ਲੋਕ ਹਾਲੇ ਵੀ ਲਕੜੀਆਂ ਨਾਲ ਪੁਰਾਣੇ ਚੁਲ੍ਹਿਆਂ 'ਤੇ ਖਾਣਾ ਪਕਾਉਂਦੇ ਹਨ।

ਹਰ ਇੱਕ ਲਈ ਮਕਾਨ ਦੀ ਗੱਲ ਤਾਂ ਦੇਸ਼ ਦੀ ਹਰ ਪਾਰਟੀ ਕਰਦੀ ਹੈ, ਪਰ ਵੱਡੇ ਸ਼ਹਿਰਾਂ ਨੂੰ ਪਹੁੰਚਦੀਆਂ ਰੇਲਵੇ ਲਾਈਨਾਂ ਦੇ ਦੋਵੇਂ ਪਾਸੇ ਦੇਖੋ, ਜਿਥੇ ਘਰ ਧਰਤੀ ਉਤੇ ਨਹੀਂ ਕੂੜੇ ਉਤੇ ਬਣਾਏ ਹੋਏ ਹਨ, ਉਹ ਵੀ ਕਬਾੜਾ ਪਲਾਸਟਿਕ ਦੀਆਂ ਸ਼ੀਟਾਂ ਅਤੇ ਫਟੇ ਪੋਸਟਰਾਂ ਤੋਂ।

ਮਕਾਨਾਂ ਦੇ ਨਾਲ ਟਾਇਲਟ ਦੀ ਗੱਲ ਤਾਂ ਦੂਰ ਦੀ ਹੈ, ਇਥੇ ਵਸਦੇ ਲੋਕਾਂ ਲਈ ਪਾਣੀ ਦੀ ਉਪਲੱਬਧਤਾ ਹੀ ਅਤਿਅੰਤ ਔਖੀ ਹੈ। ਯੂਨੀਸੈਫ ਨੇ 18 ਮਾਰਚ, 2021 ਨੂੰ ਇੱਕ ਰਿਪੋਰਟ ਜਾਰੀ ਕੀਤੀ ਸੀ, ਜਿਸ ਅਨੁਸਾਰ ਭਾਰਤ ਦੇ 9.14 ਕਰੋੜ ਲੋਕ ਪਾਣੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ ਅਤੇ ਭਾਰਤ ਉਨ੍ਹਾਂ 37 ਦੇਸ਼ਾਂ ਵਿਚ ਸ਼ਾਮਲ ਹੈ, ਜਿਥੇ ਪਾਣੀ ਦਾ ਸੰਕਟ ਅਤਿਅੰਤ ਗੰਭੀਰ ਹੈ। ਦੇਸ਼ 'ਚ ਸਿਹਤ ਸਹੂਲਤਾਂ ਦੀ ਕਮੀ ਦਾ ਪ੍ਰਤੱਖ ਸਬੂਤ ਤਾਂ ਅਸੀਂ ਕਰੋਨਾ ਸਮੇਂ ਵੇਖ ਹੀ ਚੁੱਕੇ ਹਾਂ।

ਅੱਜ ਜਦੋਂ ਭਾਰਤ ਵਿਚ ਵਿਦੇਸ਼ੀ ਕੰਪਨੀਆਂ ਦਾ ਪਸਾਰਾ ਵੱਧ ਰਿਹਾ ਹੈ। ਅਰਾਮਦੇਹ ਲਗਜ਼ਰੀ ਚੀਜ਼ਾਂ ਦੀ ਵਰਤੋਂ ਦੀ ਦੌੜ, ਅਮੀਰ ਤੇ ਵਿਚਕਾਰਲੇ ਵਰਗ ਦੀ ਲੱਗੀ ਹੋਈ ਹੈ, ਤਾਂ ਇਵੇਂ ਲੱਗਦਾ ਹੈ ਕਿ ਦੇਸ਼ ਬਦਲ ਰਿਹਾ ਹੈ, ਵਿਕਾਸ ਕਰ ਰਿਹਾ ਹੈ, ਪਰ ਤਸਵੀਰ ਦਾ ਦੂਸਰਾ ਪਾਸਾ ਧੁੰਦਲਾ ਨਹੀਂ, ਕਾਲਾ ਹੈ। ਇਸ ਸਬੰਧ ਵਿਚ ਦੇਸ਼ ਦੀਆਂ ਸਿਆਸੀ ਪਾਰਟੀਆਂ ਦੇ ਘੋਸ਼ਣਾ ਪੱਤਰ ਚੁੱਪੀ ਵੱਟੀ ਬੈਠੇ ਹਨ।

ਦੇਸ਼ ਦੀਆਂ ਸਿਆਸੀ ਪਾਰਟੀਆਂ ਪਹਿਲਾਂ ਤਾਂ ਆਪਣੇ ਘੋਸ਼ਣਾ ਪੱਤਰਾਂ ਵਿਚ ਵਾਇਦੇ ਕਰਦੀਆਂ ਸਨ, ਲੋਕ ਭਲਾਈ ਸਕੀਮਾਂ ਲਾਗੂ ਕਰਨ ਦੇ ਵਚਨ ਦਿੰਦੀਆਂ ਸਨ, ਪਰ ਹੁਣ ਤਾਂ ਗਰੰਟੀਆਂ ਦਾ ਦੌਰ ਸ਼ੁਰੂ ਹੋ ਗਿਆ ਹੈ, ਜਿਵੇਂ ਉਹ ਆਪਣੇ ਉਤਪਾਦ ਵੇਚ ਰਹੀਆਂ ਹੋਣ। ਉਂਜ ਵੇਖਣ, ਵਾਚਣ ਦੀ ਗੱਲ ਤਾਂ ਇਹ ਹੈ ਕਿ ਨਿੱਜੀਕਰਨ, ਵਪਾਰੀਕਰਨ ਦੇ ਦੌਰ ਵਿਚ ਮਾਲ ਵੇਚਣ ਲਈ ਤਿੱਖੇ ਪ੍ਰਚਾਰ ਸਾਧਨਾਂ ਦੀ ਲੋੜ ਵੀ ਪੈਣੀ ਹੀ ਸੀ, ਸੋ ਸਿਆਸੀ ਪਾਰਟੀਆਂ ਆਪਣੇ ਗਾਹਕਾਂ (ਵੋਟਰਾਂ) ਨੂੰ ਗਰੰਟੀਆਂ ਦੇ ਕੇ ਰਾਜ ਸਿੰਘਾਸਨ 'ਤੇ ਬੈਠਣ ਦਾ ਰਾਸਤਾ ਅਪਨਾ ਚੁੱਕੀਆਂ ਹਨ। ਸਿਆਸਤ ਵਿਚੋਂ ਲੋਕ ਸੇਵਾ ਤਾਂ ਜਿਵੇਂ ਹੁਣ ਮਨਫ਼ੀ ਹੋ ਗਈ ਹੈ, ਗਰੰਟੀਆਂ ਦੇ ਵਰਤਾਰੇ ਨਾਲ।

ਚੋਣਾਂ 'ਚ ਵਪਾਰੀਕਰਨ ਦੇ ਦੌਰ ਨੇ ਜਿਥੇ ਸਿੱਖਿਆ ਦਾ ਮੰਤਵ ਬਦਲ ਦਿੱਤਾ ਅਤੇ ਇਸਨੂੰ ਜਿਵੇਂ ਵਪਾਰ ਤੱਕ ਸੀਮਤ ਕਰ ਦਿੱਤਾ ਹੈ, ਇਵੇਂ ਹੀ ਮਨੁੱਖ ਦੀਆਂ ਭਾਸ਼ਾਵਾਂ, ਜੋ ਉਸਦੇ ਵਿਅਕਤੀਤਵ ਦੇ ਉਭਾਰ ਲਈ ਜ਼ਰੂਰੀ ਸਮਝੀਆਂ ਜਾਂਦੀਆਂ ਸਨ, ਉਸ ਉਤੇ ਵੀ ਟੋਕਾ ਫੇਰ ਦਿੱਤਾ ਹੈ। ਭਾਸ਼ਾਵਾਂ ਨੂੰ ਕਾਰੋਬਾਰ ਦੀ ਭਾਸ਼ਾ ਨਾਲ ਜੋੜਕੇ, ਖਿੱਤਿਆਂ ਦੇ ਸੱਭਿਆਚਾਰ ਨੂੰ ਖੋਰਾ ਲਾਉਣ ਦੀ ਸੋਚੀ ਸਮਝੀ ਸਾਜ਼ਿਸ਼ ਰਚੀ ਗਈ ਹੈ। ਮਨੁੱਖ ਹੱਥੋਂ ਰੁਜ਼ਗਾਰ ਖੋਹਕੇ ਮੁਫ਼ਤ ਅਨਾਜ, ਸਹੂਲਤਾਂ ਦੇਣ ਦਾ ਵਰਤਾਰਾ "ਲੋਕ ਭਲਾਈ" ਦੇ ਪੱਲੇ ਸਿਆਸਤਦਾਨਾਂ ਤੇ ਸਿਆਸੀ ਪਾਰਟੀਆਂ ਨੇ ਬੰਨ੍ਹ ਦਿੱਤਾ ਹੈ, ਜਿਸ ਨਾਲ ਉਹ ਲੋਕ ਮਨਾਂ ਨਾਲ ਖਿਲਵਾੜ ਕਰਦੇ ਹਨ, ਉਨ੍ਹਾਂ ਦੇ ਮਨਾਂ 'ਚ ਹੀਣਤਾ ਪੈਦਾ ਕਰਦੇ ਹਨ।

ਕੀ ਕਦੇ ਦੇਸ਼ ਦੇ ਸਿਆਸਤਦਾਨਾਂ ਨੇ ਸੋਚਿਆ ਹੈ ਕਿ ਦੇਸ਼ ਦੇ 80 ਕਰੋੜ ਗਰੀਬਾਂ ਨੂੰ ਮੁਫ਼ਤ ਅਨਾਜ ਦੇਣਾ ਅਤੇ ਲਗਾਤਾਰ ਦੇਣਾ ਕੀ ਲੋਕ ਮਨਾਂ 'ਚ ਹੀਣਤਾ ਪੈਦਾ ਨਹੀਂ ਕਰਦਾ? ਕੀ ਹੱਥੀਂ ਕੰਮ, ਜਾਂ ਰੁਜ਼ਗਾਰ ਉਨ੍ਹਾਂ ਨੂੰ ਸਿਰ ਚੁੱਕਕੇ ਤੁਰਨ ਦੀ ਅਤੇ ਆਪਣੇ ਹੱਕਾਂ ਲਈ ਸਵਾਲ ਕਰਨ ਅਤੇ ਆਪਣੇ ਪੈਰੀਂ ਖੜ੍ਹੇ ਹੋਣ ਦੀ ਜਾਚ ਨਹੀਂ ਸਿਖਾਏਗਾ? ਤਾਂ ਫਿਰ ਸਿਆਸੀ ਦਲ ਰੁਜ਼ਗਾਰ ਦੇ ਥਾਂ "ਮੁਫ਼ਤ ਅਨਾਜ ਜਾਂ ਸਹੂਲਤਾਂ" ਦੇਣ ਦੀਆਂ ਗਰੰਟੀਆਂ ਕਿਉਂ ਦੇ ਰਹੇ ਹਨ?

ਜਿੰਨੇ ਕੁ ਵੀ ਚੋਣ ਮੈਨੀਫੈਸਟੋ ਹੁਣ ਤੱਕ ਪਿਛਲੀਆਂ ਚੋਣਾਂ ਅਤੇ ਹੁਣ ਦੀਆਂ ਚੋਣਾਂ 'ਚ ਸਿਆਸੀ ਦਲਾਂ ਵਲੋਂ ਜਾਰੀ ਹੋਏ ਹਨ, ਉਹ ਸਿਆਸਤ ਵਿਚ ਪੈਸੇ ਦੀ ਵੱਡੀ ਵਰਤੋਂ, ਅਪਰਾਧੀਆਂ, ਢੁੱਠਾਂ ਵਾਲੇ ਲੋਕਾਂ ਦੀ ਸ਼ਮੂਲੀਅਤ ਨਾ ਹੋਣ ਦੇਣ ਬਾਰੇ ਗਰੰਟੀ ਕਿਉਂ ਨਹੀਂ ਦਿੰਦੇ? ਯਾਦ ਰਹੇ, ਪਿਛਲੇ ਦਿਨੀਂ ਛਪੀ ਇੱਕ ਰਿਪੋਰਟ 'ਚ ਲੋਕ ਸਭਾ, ਵਿਧਾਨ ਸਭਾ 'ਚ ਧੁੰਨ ਕੁਬੇਰਾਂ ਦੀ ਗਿਣਤੀ ਤਾਂ ਵਧ ਹੀ ਰਹੀ ਹੈ, ਪਰ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਦੀ ਗਿਣਤੀ ਵੀ 46 ਫ਼ੀਸਦੀ ਤੱਕ ਬਿਆਨੀ ਗਈ ਹੈ ਅਤੇ ਲਗਭਗ ਸਾਰੀਆਂ ਪਾਰਟੀਆਂ ਉਤੇ ਧੰਨ ਕੁਬੇਰਾਂ, ਅਪਰਾਧੀਆਂ, ਕੁਝ ਪਰਿਵਾਰਕ ਮੈਂਬਰਾਂ ਦਾ ਕਬਜ਼ਾ ਹੋ ਚੁੱਕਾ ਹੈ। ਲੋਕ ਸਭਾ, ਰਾਜ ਸਭਾ, ਵਿਧਾਨ ਸਭਾਵਾਂ, ਵਿਧਾਨ ਪ੍ਰੀਸ਼ਦਾਂ ਵਿਚ ਅਰਬਪਤੀ ਮੈਂਬਰਾਂ ਦੀ ਗਿਣਤੀ ਲਗਾਤਾਰ ਵਧੀ ਹੈ ਜਾਂ ਵਧ ਰਹੀ ਹੈ। ਆਮ ਵਿਅਕਤੀ ਤਾਂ ਚੋਣਾਂ 'ਚ ਉਮੀਦਵਾਰ ਵਜੋਂ ਖੜ੍ਹੇ ਹੋਣ ਦੀ ਸੋਚ ਵੀ ਨਹੀਂ ਸਕਦਾ।

ਜਿਵੇਂ ਸਿਆਸਤਦਾਨਾਂ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ, ਜਿਵੇਂ ਸਿਆਸਤਦਾਨਾਂ ਉਤੇ ਅਪਰਾਧਿਕ ਮੁਕੱਦਮੇ ਦਰਜ਼ ਹੋ ਰਹੇ ਹਨ, ਜਿਵੇਂ ਸਿਆਸੀ ਆਗੂਆਂ ਉਤੇ ਪਰਿਵਾਰਵਾਦ ਭਾਰੂ ਹੈ, ਜਿਵੇਂ ਚੋਣਾਂ ਜਿੱਤਕੇ ਹਾਕਮ ਧਿਰ, ਵਿਰੋਧੀਆਂ ਨੂੰ ਖੂੰਜੇ ਲਾਉਣ ਲਈ ਹਰ ਹੀਲਾ-ਵਸੀਲਾ ਵਰਤ ਰਹੀ ਹੈ। ਇਹ ਵਰਤਾਰਾ ਦੇਸ਼ ਦੀ ਸਿਆਸੀ ਨੈਤਿਕਤਾ ਉਤੇ ਸਵਾਲ ਖੜ੍ਹੇ ਕਰ ਰਿਹਾ ਹੈ।

ਸਿਆਸੀ ਧਿਰਾਂ ਵਲੋਂ ਲੋਕਾਂ ਲਈ ਭਲਾਈ ਸਕੀਮਾਂ ਲਾਗੂ ਕਰਨ ਦਾ ਵਾਇਦਾ ਕਰਨਾ ਗੈਰਕੁਦਰਤੀ ਨਹੀਂ। ਪਰ ਹਾਕਮ ਬਣਕੇ ਉਨ੍ਹਾਂ ਦੀ ਪੂਰਤੀ ਨਾ ਕਰਨਾ ਨਿਰਾ ਅਨਿਆਂ ਹੈ, ਗੁਨਾਹ ਹੈ।

ਹੁਣ ਤਾਂ ਮੰਗ ਉੱਠਣ ਲੱਗੀ ਹੈ ਕਿ ਚੋਣ ਵਾਇਦੇ ਗਰੰਟੀਆਂ ਕਾਨੂੰਨ ਦਸਤਾਵੇਜ਼ ਬਣਨ ਅਤੇ ਸਿਆਸੀ ਪਾਰਟੀਆਂ ਵਲੋਂ ਇਨ੍ਹਾਂ ਦੀ ਪੂਰਤੀ ਨਾ ਕੀਤੇ ਜਾਣ 'ਤੇ ਉਨ੍ਹਾਂ ਦੀ ਅਦਾਲਤੀ ਨਿਗਰਾਨੀ ਅਤੇ ਜਵਾਬਦੇਹੀ ਹੋਵੇ ਅਤੇ ਉਹ ਸਿਰਫ਼ "ਅੰਕੜਿਆਂ ਦੀ ਖੇਡ" ਨਾਲ ਲੋਕਾਂ ਨੂੰ ਗੁੰਮਰਾਹ ਨਾ ਕਰ ਸਕਣ।

# ਹੱਥ ਸੜਨਾ

## ਇੱਕ ਵਿਚਾਰ:-


ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)




ਇੱਕ ਪ੍ਰੰਪਰਾ ਮੁੱਢ ਕਦੀਮ ਤੋਂ ਮਕਬੂਲ ਹੈ ਕਿ ਕਿਸੇ ਗਰਮ ਥਾਂ ਹੱਥ ਲਾਉਂਦੇ ਹੋ, ਤਾਂ ਹੱਥ ਦਾ ਸੜਨਾ ਤੈਅ ਹੁੰਦਾ ਹੈ। ਇਹ ਗੱਲ ਸਿਰਫ ਅੱਗ ਨਾਲ ਜਾਂ ਊਰਜਾ ਪੈਦਾ ਕਰਨ ਵਾਲੀ ਤਕਨੀਕ ਵਿਚੋਂ ਨਿਕਲੇ ਸੇਕ ਤੱਕ ਹੀ ਸੀਮਤ ਨਹੀਂ। ਇਹ ਉਦੋਂ ਵੀ ਲਾਗੂ ਹੁੰਦੀ ਹੈ, ਜਦੋਂ ਕੋਈ ਲੜਾਈ ਜਾਂ ਬਹਿਸ ਚਰਮ ਸੀਮਾ 'ਤੇ ਹੋਵੇ, ਤਾਂ ਬਿਨਾਂ ਵਜ੍ਹਾ ਬੇਇਜ਼ਤੀ ਨਾ ਹੋ ਜਾਵੇ, ਇਹ ਵੀ ਹੱਥ ਸੜਨ ਦੇ ਸਮਾਨ ਹੀ ਹੁੰਦਾ ਹੈ। ਸਮਝਦਾਰ ਮਨੁੱਖ ਉਦੋਂ ਤੱਕ ਗਰਮ ਬਹਿਸ ਵਿਚ ਭਾਗ ਨਹੀਂ ਲੈਂਦੇ, ਜਦ ਤੱਕ ਗੱਲ ਦਾ ਤਾਪਮਾਨ ਗਾਲੀ-ਗਲੋਚ ਤੋਂ ਹੇਠਾਂ ਨਾ ਉੱਤਰੇ। ਬੀਤੇ ਦਿਨੀਂ ਪੰਜਾਬ ਵਿਚ ਇੱਕ ਅਜਿਹੀ ਘਟਨਾ ਵਾਪਰੀ, ਜਿਸ ਨੇ ਆਪਣੇ ਵੱਲ ਏਨਾ ਧਿਆਨ ਖਿੱਚਿਆ ਕਿ ਲੋਕ ਤਰਾਹ-ਤਰਾਹ ਕਰ ਉੱਠੇ ਪਰ ਇਹ ਕਾਹਲੀ ਵਿਚ ਚੁੱਕਿਆ ਗਿਆ ਕਦਮ ਸੀ, ਪੂਰੀ ਤਰ੍ਹਾਂ ਪੜਚੋਲ ਨਹੀਂ ਹੋਈ। ਬਹੁਤ ਸਾਰੇ ਲਿਖਣ ਵਾਲੇ ਅਤੇ ਬੋਲਣ ਵਾਲੇ ਆਪਣੇ ਹੱਥ ਸੜਨ ਦਾ ਡਰ ਤੋਂ ਚੁੱਪ ਰਹੇ ਕਿ ਸੋਸ਼ਲ ਮੀਡੀਆ ਉਤੇ ਆਇਆ ਹੋਇਆ ਬੂਮ ਕਿਤੇ ਉਨ੍ਹਾਂ ਦੇ ਹੱਥ ਨਾ ਸਾੜ ਦੇਵੇ, ਭਾਵ ਬੇਇਜ਼ਤੀ ਨਾ ਕਰ ਦੇਵੇ। ਕਹਾਣੀ ਅਨੁਸਾਰ ਪੰਜਾਬ ਵਿਚ ਹੋਏ ਕਿਸੇ ਘਰੇਲੂ ਸਮਾਗਮ ਵਿਚ ਘਰਦਿਆਂ ਨੇ ਇੱਕ ਡੀ.ਜੇ. ਗਰੁੱਪ ਬੁਲਾਇਆ ਹੋਇਆ ਸੀ, ਜਿਸ ਵਿਚ ਕਲਾਕਾਰ ਅਤੇ ਮਹਿਮਾਨਾਂ ਵਿਚ ਛੋਟੀ-ਮੋਟੀ ਕਹਾ ਸੁਣੀ ਹੋਈ, ਜੋ ਵੇਖਦੇ-ਵੇਖਦੇ ਗਾਲੀ-ਗਲੋਚ ਅਤੇ ਇੱਕ ਦੂਜੇ ਨੂੰ ਮਾਰਨ ਮਰਾਉਣ ਦੇ ਮੁਕਾਮ ਤੱਕ ਜਾ ਪਹੁੰਚੀ, ਜੋ ਕਿ ਬਹੁਤ ਮੰਦਭਾਗੀ ਘਟਨਾ ਹੋ ਨਿੱਬੜੀ। ਬਹੁਤੇ ਲੋਕਾਂ ਨੇ ਲੜਕੀ ਸਾਈਡ ਦਾ ਪੱਖ ਲਿਆ ਅਤੇ ਦੋਸ਼ ਲਾਇਆ ਕਿ ਮਹਿਮਾਨ ਸ਼ਰਾਬੀ ਸੀ, ਉਸ ਨੇ ਗਾਲ੍ਹ ਕੱਢੀ ਅਤੇ ਗਲਾਸੀ ਮਾਰੀ। ਪੁਲਿਸ ਨੇ ਕੇਸ ਵੀ ਦਰਜ ਕੀਤਾ ਪਰ ਕੁਝ ਲੋਕਾਂ ਨੇ ਕਲਾਕਾਰ ਲੜਕੀ ਨੂੰ ਵੀ ਗਲਤ ਕਿਹਾ। ਆਖਿਰ ਵਿਚ ਇਸ ਚਿੱਕੜ ਰੂਪੀ ਘਟਨਾ ਦੇ ਛਿੱਟਿਆਂ ਨੇ ਪੰਜਾਬ ਅਤੇ ਪੰਜਾਬੀ ਸੱਭਿਆਚਾਰ ਨੂੰ ਦਾਗ਼ਦਾਰ ਕੀਤਾ। ਪੰਜਾਬੀਅਤ ਦੇ ਮੂੰਹ 'ਤੇ ਚਿੱਕੜ ਦੇ ਛਿੱਟੇ ਪਏ, ਇਨਸਾਨੀਅਤ ਸ਼ਰਮਿੰਦਾ ਹੋਈ। ਜੇ ਨਿਰਪੱਖ ਜਾਂਚ ਕੀਤੀ ਜਾਵੇ, ਤਾਂ ਇਸ ਵਿਚ ਸਾਰਾ ਦੋਸ਼ ਸ਼ਰਾਬ ਦਾ ਸੀ। ਫੰਕਸ਼ਨ ਵਿਚ ਸ਼ਾਮਲ ਮਹਿਮਾਨਾਂ ਨੇ ਤਾਂ ਸ਼ਰਾਬ ਪੀਣੀ ਹੀ ਸੀ ਪਰ ਡੀ.ਜੇ. ਗਰੁੱਪ ਦੇ ਮੈਂਬਰਾਂ ਨੂੰ ਸ਼ਰਾਬ ਦੇ ਨੇੜੇ ਵੀ ਨਹੀਂ ਸੀ ਲੱਗਣਾ ਚਾਹੀਦਾ। ਜਦੋਂ ਅਕਸਰ ਫਿਲਮਾਂ ਵਿਚ ਅਤੇ ਰੋਜ਼ਮਰਰਾ ਦੀ ਜ਼ਿੰਦਗੀ ਵਿਚ ਇਹੋ ਜਿਹੇ ਕੰਮ ਵੇਖਦੇ ਹਾਂ। ਐਂਟਰਟੇਨਮੈਂਟ ਕਰਨ ਵਾਲੇ ਗਰੁੱਪ ਵੱਲੋਂ ਅੱਤ ਦਰਜੇ ਦੀ ਨਰਮੀ ਦਿਖਾਈ ਜਾਂਦੀ ਹੈ। ਆਮ ਤੌਰ 'ਤੇ ਬਾਵਸਤਾ ਔਰਤਾਂ ਨੂੰ ਸਟੇਜ ਤੋਂ ਲਾਂਭੇ ਕਰਕੇ ਦੂਜੇ ਕਲਾਕਾਰ ਨੂੰ ਸਟੇਜ 'ਤੇ ਲਿਆ ਕੇ ਮਾੜੀ-ਮੋਟੀ ਗੱਲ ਨਿਪਟਾ ਦਿੱਤੀ ਜਾਂਦੀ ਹੈ ਪਰ ਇਥੇ ਸਭ ਕੁਝ ਉਲਟ ਵਾਪਰਿਆ। ਸਟੇਜ 'ਤੇ ਪ੍ਰਫਾਰਮ ਕਰਦੀ ਲੜਕੀ ਨੇ ਸ਼ਰਾਬ ਦਾ ਸੇਵਨ ਕੀਤਾ ਹੋਇਆ ਸੀ। ਜਦੋਂ ਸਟੇਜ 'ਤੇ ਨੱਚਣ ਵਾਲੀ ਲੜਕੀ ਨੇ ਸ਼ਰਾਬ ਪੀਤੀ ਸੀ, ਤਾਂ ਯਕੀਨਨ ਟੀਮ ਦੇ ਕਪਤਾਨ ਅਤੇ ਬਾਕੀਆਂ ਨੇ ਵੀ ਸ਼ਰਾਬ ਪੀਤੀ ਹੋਈ ਹੋਵੇਗੀ। ਅਜੇ ਤਾਂ ਸ਼ੁਕਰ ਇਸ ਗੱਲ ਦਾ ਹੈ ਕਿ ਗੱਲ ਇਥੇ ਹੀ ਠੱਪੀ ਗਈ, ਜੇ ਕਿਸੇ ਪਾਸੇ ਤੋਂ ਵੀ ਥੋੜ੍ਹਾ ਜਿਹਾ ਹੋਰ ਸੇਕ ਵਧਦਾ, ਤਾਂ ਜਾਨੀ-ਮਾਲੀ ਨੁਕਸਾਨ ਹੋਣਾ ਲਾਜ਼ਮੀ ਸੀ। ਲਿਹਾਜ਼ਾ ਅੱਗੇ ਤੋਂ ਇਹੋ ਜਿਹੇ ਫੰਕਸ਼ਨ 'ਤੇ ਬੁੱਕ ਕੀਤੇ ਜਾਣ ਵਾਲੇ ਗਰੁੱਪਾਂ ਵਾਲਿਆਂ ਨਾਲ ਸ਼ਰਤ ਰੱਖੀ ਜਾਣੀ ਚਾਹੀਦੀ ਹੈ ਕਿ ਟੀਮ ਦਾ ਕੋਈ ਮੈਂਬਰ ਫੰਕਸ਼ਨ ਦੌਰਾਨ ਸ਼ਰਾਬ ਨਹੀਂ ਪੀਵੇਗਾ ਅਤੇ ਜਿਸ ਦੇ ਘਰ ਫੰਕਸ਼ਨ ਹੋਵੇ, ਉਹ ਆਪਣੇ ਮਹਿਮਾਨਾਂ ਨੂੰ ਇਸ ਗੱਲ ਤੋਂ ਅਗਾਹ ਕਰਨ ਕਿ ਸਮਾਗਮ ਦੌਰਾਨ ਆਪਣੇ ਹਥਿਆਰ ਨਾਲ ਨਾ ਰੱਖੇ ਜਾਣ, ਤਾਂ ਜੋ ਖੁਸ਼ੀਆਂ ਦੇ ਸਮਾਗਮ ਵਿਚ ਕੋਈ ਮੰਦਭਾਗੀ ਘਟਨਾ ਨਾ ਵਾਪਰੇ।

# ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਨਿਰਮਲ ਸਿੰਘ ਜੀ ਖ਼ਾਲਸਾ

## 12 ਅਪ੍ਰੈਲ ਜਨਮ ਦਿਨ 'ਤੇ ਵਿਸ਼ੇਸ਼ ਲੇਖ

ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)



ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਕਈ ਮਹਾਨ ਸ਼ਖਸੀਅਤਾਂ ਨੇ ਜਨਮ ਲਿਆ। ਉਹ ਗੁਰੂ ਉਪਮਾਂ ਕਰਕੇ ਸਿੱਖ ਸੰਗਤਾਂ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਂਦੇ ਰਹੇ। ਜੇਕਰ ਕੀਰਤਨ ਰਾਹੀਂ ਗੁਰੂ ਲੜ ਲਾਉਣ ਵਾਲੇ ਗੁਰੂ ਘਰ ਦੇ ਸੇਵਕਾਂ ਦੀ ਗੱਲ ਕਰੀਏ, ਤਾਂ ਭਾਈ ਨਿਰਮਲ ਸਿੰਘ ਖ਼ਾਲਸਾ ਜੀ ਦਾ ਨਾਮ ਪਹਿਲੀ ਕਤਾਰ ਵਿਚ ਆਉਂਦਾ ਹੈ।

ਭਾਈ ਨਿਰਮਲ ਸਿੰਘ ਖ਼ਾਲਸਾ ਜੀ ਦਾ ਜਨਮ 12 ਅਪ੍ਰੈਲ, 1958 ਨੂੰ ਪਿੰਡ ਜੰਡਵਾਲਾ ਭੀਮਸ਼ਾਹ, ਜ਼ਿਲ੍ਹਾ ਫਿਰੋਜ਼ਪੁਰ ਵਿਚ ਸ. ਚੰਨਣ ਸਿੰਘ ਦੇ ਘਰ ਗੁਰਦੇਵ ਕੌਰ ਦੀ ਕੁਖੋਂ ਹੋਇਆ। ਇਨ੍ਹਾਂ ਨੇ ਸਕੂਲੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਅੱਠਵੀਂ ਜਮਾਤ ਤੱਕ ਪਾਸ ਕੀਤੀ।

1958 'ਚ ਇਹ ਪਰਿਵਾਰ ਪਿੰਡ ਮੰਡਾਲਾ, ਜ਼ਿਲ੍ਹਾ ਜਲੰਧਰ ਦੇ ਮੰਡ ਖੇਤਰ ਵਿਚ ਜ਼ਮੀਨ ਅਲਾਟ ਹੋਣ ਕਰਕੇ ਉੱਥੇ ਵੱਸ ਗਿਆ। ਪਿਤਾ ਪੁਰਖੀ ਖੇਤੀਬਾੜੀ ਦਾ ਕੰਮ ਧੰਦਾ ਹੋਣ ਕਰਕੇ ਇਨ੍ਹਾਂ ਨੂੰ ਵੀ ਕੁਝ ਸਮਾਂ ਖੇਤਾਂ ਵਿਚ ਕੰਮ ਕਰਨਾ ਪਿਆ।

ਭਾਈ ਨਿਰਮਲ ਸਿੰਘ ਛੋਟੇ ਹੁੰਦਿਆਂ ਪਿੰਡ ਦੇ ਪੰਚਾਇਤੀ ਰੇਡੀਓ ਤੋਂ ਪਾਕਿਸਤਾਨ ਦੇ ਪ੍ਰੋਗਰਾਮ ਪੰਜਾਬੀ ਦਰਬਾਰ ਵਿਚ ਭਾਈ ਮਰਦਾਨੇ ਦੀ ਵੰਸ਼ ਵਿਚੋਂ ਭਾਈ ਲਾਲ ਸਿੰਘ ਅਤੇ ਹੋਰ ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ ਅਤੇ ਭਾਈ ਚਾਂਦ ਸਿੰਘ ਆਦਿ ਰਾਗੀਆਂ ਦੇ ਸ਼ਬਦ ਸੁਣਦੇ ਰਹਿੰਦੇ ਸਨ।

ਭਾਈ ਨਿਰਮਲ ਸਿੰਘ ਨੂੰ ਗਾਉਣ ਦਾ ਸ਼ੌਂਕ ਪਹਿਲਾਂ ਹੀ ਸੀ। ਇਹ ਖੇਤਾਂ ਵਿਚ ਕੰਮ ਕਰਦੇ ਉੱਚੀ ਆਵਾਜ਼ ਵਿਚ ਗਾਉਂਦੇ ਰਹਿੰਦੇ। ਸੱਥਾਂ ਵਿਚ ਬੈਠੇ ਬਜ਼ੁਰਗਾਂ ਨੂੰ ਲੋਕ ਗਥਾਵਾਂ ਗਾ ਕੇ ਸਣਾਉਂਦੇ ਰਹਿੰਦੇ। ਪਰਿਵਾਰ ਨੇ ਇਨ੍ਹਾਂ ਦਾ ਇਹ ਸ਼ੌਂਕ ਵੇਖ ਕੇ ਸ਼ਹੀਦ ਸਿੱਖ ਮਸ਼ੀਨਰੀ ਕਾਲਜ ਅੰਮ੍ਰਿਤਸਰ ਵਿਚ ਸੰਗੀਤ ਦੇ ਪ੍ਰੋਫ਼ੈਸਰ ਅਵਤਾਰ ਸਿੰਘ ਨਾਜ ਕੋਲ ਦਾਖ਼ਲਾ ਦਿਵਾ ਦਿੱਤਾ।

ਉੱਥੇ ਉਨ੍ਹਾਂ ਸੰਗੀਤਕ ਸੁਰਾਂ ਨੂੰ ਬਰੀਕੀ ਨਾਲ ਜਾਚਿਆ ਅਤੇ ਦੋ ਸਾਲ ਦਾ ਡਿਪਲੋਮਾ 1976 ਵਿਚ ਪਾਸ ਕੀਤਾ।

ਇਹ ਸਭ ਤੋਂ ਪਹਿਲਾਂ ਰਾਗੀ ਦੇ ਤੌਰ 'ਤੇ ਬੰਗਲਾ ਸਾਹਿਬ ਰੋਹਤਕ ਵਿਖੇ ਨਿਯੁਕਤ ਹੋਏ। ਕੁਝ ਸਮਾਂ ਰਿਸ਼ੀਕੇਸ਼, ਤਰਨ ਤਾਰਨ ਵਿਚ ਵੀ ਡਿਊਟੀ ਕੀਤੀ। 1978 'ਚ ਕੁਝ ਸਮਾਂ ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ ਵਿਚ ਕੰਡਕਟਰ ਦੇ ਤੌਰ 'ਤੇ ਨੌਕਰੀ ਵੀ ਕੀਤੀ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਬੁੱਢਾ ਜੋਹੜ (ਰਾਜਸਥਾਨ) ਵਿਖੇ ਦੋ ਸਾਲ ਗੁਰਮਤਿ ਸੰਗੀਤ ਦੀ ਵਿਦਿਆ ਵਿਦਿਆਰਥੀਆਂ ਨੂੰ ਦਿੱਤੀ।

1979 ਵਿਚ ਭਾਈ ਨਿਰਮਲ ਸਿੰਘ ਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਹਾਇਕ ਰਾਗੀ ਵਜੋਂ ਨਿਯੁਕਤੀ ਹੋ ਗਈ ਅਤੇ ਇਹ 1985 ਤੱਕ ਭਾਈ ਗੁਰਮੇਜ ਸਿੰਘ ਜੀ ਨਾਲ ਸਹਾਇਕ ਰਾਗੀ ਵਜੋਂ ਸੇਵਾ ਨਿਭਾਉਂਦੇ ਰਹੇ। 1986 ਵਿਚ ਆਪਣਾ ਰਾਗੀ ਜੱਥਾ ਬਣਾ ਲਿਆ ਅਤੇ ਲੰਬਾ ਸਮਾਂ ਭਾਈ ਦਰਸ਼ਨ ਸਿੰਘ ਸਹਾਇਕ ਰਾਗੀ ਅਤੇ ਭਾਈ ਕਰਤਾਰ ਸਿੰਘ ਤਬਲੇ 'ਤੇ ਇਨ੍ਹਾਂ ਨਾਲ ਸੇਵਾ ਨਿਭਾਉਂਦੇ ਰਹੇ ਹਨ। 1987 ਵਿਚ ਸਰਕਾਰ ਵਲੋਂ ਕੀਤੇ ਗਏ ਬਲੈਕ ਥੰਡਰ ਦੌਰਾਨ ਪੁਲਿਸ ਤਸ਼ੱਦਦ ਵੀ ਝੱਲਣਾ ਪਿਆ। ਉਨ੍ਹਾਂ ਵਲੋਂ ਗਾਇਆ ਜਾਂਦਾ ਸ਼ਬਦ 'ਬੰਬੀਹਾ ਅੰਮ੍ਰਿਤ ਵੇਲੇ ਬੋਲਿਆ' ਨੂੰ ਸੰਗਤਾਂ ਵਾਰ-ਵਾਰ ਸਰਵਣ ਕਰਦੀਆਂ ਰਹਿੰਦੀਆਂ। ਭਾਈ ਨਿਰਮਲ ਸਿੰਘ ਗੁਰਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਗਾਉਣ ਦੀ ਮੁਹਾਰਤ ਰੱਖਦੇ ਸਨ। ਇਨ੍ਹਾਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ 31 ਰਾਗਾਂ ਵਿਚ ਸ਼ਬਦ ਗਾ ਕੇ ਪੁਰਾਤਨ ਕੀਰਤਨ ਸ਼ੈਲੀ ਬਹਾਲ ਕੀਤੀ। ਉਹ ਗੁਰਬਾਣੀ ਪੁਰਾਤਨ ਰੀਤਾਂ ਅਨੁਸਾਰ ਤੰਤੀ ਸਾਜਾਂ ਨਾਲ ਗਾਉਂਦੇ ਸਨ।

ਭਾਈ ਨਿਰਮਲ ਸਿੰਘ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਵਨ ਰਚਨਾਂ ਸ੍ਰੀ ਸੁਖਮਨੀ ਸਾਹਿਬ ਜੀ ਨੂੰ ਗਾਉੜੀ ਰਾਗ ਵਿਚ ਗਾਇਆ। ਇਨ੍ਹਾਂ ਨੇ ਬਾਬਾ ਫ਼ਰੀਦ ਜੀ ਦੇ ਸਲੋਕਾਂ ਨੂੰ ਵੀ ਸੂਫ਼ੀਆਨਾ ਅੰਦਾਜ਼ ਵਿਚ ਗਾਇਆ। ਉਹ ਕੀਰਤਨੀਏ ਤੋਂ ਇਲਾਵਾ ਵਧੀਆ ਲਿਖਾਰੀ ਵੀ ਸਨ। ਉਨ੍ਹਾਂ ਦੇ ਲੇਖ ਵੱਖ-ਵੱਖ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿਚ ਛਪਦੇ ਰਹਿੰਦੇ। ਉਨ੍ਹਾਂ ਦੀਆਂ ਦੋ ਪੁਸਤਕਾਂ ਵੀ ਛਪੀਆਂ।

1999 ਨੂੰ ਵਿਸਾਖੀ 'ਤੇ ਤਿੰਨ ਸੋ ਸਾਲਾ ਸ਼ਤਾਬਦੀ ਨੂੰ 50 ਤੋਂ ਵੱਧ ਮੁੱਖ ਸੰਗੀਤ ਕੰਪਨੀਆਂ ਨੇ ਇਨ੍ਹਾਂ ਦੇ ਕੀਰਤਨ ਦੀਆਂ ਐਲਬਮਾਂ ਰਿਕਾਰਡ ਕੀਤੀਆਂ। ਭਾਈ ਨਿਰਮਲ ਸਿੰਘ ਖ਼ਾਲਸਾ ਨੂੰ ਬਹੁਤ ਸਾਰੇ ਐਵਾਰਡ ਪ੍ਰਾਪਤ ਹੋਏ। 1999 ਵਿਚ ਹੀ ਇੰਡੀਅਨ ਮਿਊਜ਼ੀਕਲ ਇੰਡਸਟਰੀ ਮੁੰਬਈ ਦੁਆਰਾ ਦੀਵਾ ਨੈਸ਼ਨਲ ਐਵਾਰਡ ਮਿਲਿਆ। 1999 ਵਿਚ ਹੀ ਖ਼ਾਲਸਾ ਫ਼ਤਿਹ ਜੰਗ ਦੁਆਰਾ ਗੋਲਡ ਮੈਡਲ ਅਤੇ ਸ਼੍ਰੋਮਣੀ ਰਾਗੀ ਐਵਾਰਡ ਮਿਲਿਆ। 2004 ਵਿਚ ਭਾਈ ਹੀਰਾ ਸਿੰਘ ਅਨੰਦ ਐਵਾਰਡ ਮਿਲਿਆ। 2006 ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੁਆਰਾ ਸ਼੍ਰੋਮਣੀ ਐਵਾਰਡ ਪ੍ਰਾਪਤ ਹੋਇਆ। 2009 ਨੂੰ ਪਦਮ ਸ਼੍ਰੀ ਐਵਾਰਡ ਨਾਲ ਨਿਵਾਜਿਆ ਗਿਆ।

ਉਨ੍ਹਾਂ ਦਾ ਕਹਿਣਾ ਸੀ, ਮੈਂ ਜੋ ਕੁਝ ਵੀ ਹਾਂ, ਸਭ ਗੁਰੂ ਸ਼ਬਦ ਦੀ ਕਮਾਈ ਤੇ ਗੁਰਬਾਣੀ ਨੂੰ ਸਮਰਪਿਤ ਹੋਣ ਦੀ ਪ੍ਰਤੱਖ ਕਰਾਮਾਤ ਹੈ। ਮੰਡ ਖੇਤਰ ਤੋਂ ਚੱਲ ਕੇ ਰਾਸ਼ਟਰਪਤੀ ਭਵਨ, ਪ੍ਰਧਾਨ ਮੰਤਰੀ ਨਿਵਾਸ, ਕੈਨੇਡਾ ਦੀ ਪਾਰਲੀਮੈਂਟ ਤੱਕ ਦਾ ਸਫ਼ਰ ਉਸ ਗੁਰੂ ਦੀ ਮਿਹਰ ਸਦਕਾ ਹੋਇਆ। ਸਾਲ 2020 ਵਿਚ ਭਾਈ ਨਿਰਮਲ ਸਿੰਘ ਮਹਾਂਮਾਰੀ ਕੋਵਿਡ-19 ਦੇ ਸ਼ਿਕਾਰ ਹੋ ਗਏ। 2 ਅਪ੍ਰੈਲ, 2020 ਨੂੰ ਅੰਮ੍ਰਿਤਸਰ ਵਿਚ ਦਮ ਤੋੜ ਗਏ ਸਨ। ਚਲੋ! ਜਾਣਾ ਤਾਂ ਸਭ ਨੇ ਹੀ ਹੈ ਪਰ ਉਨ੍ਹਾਂ ਦਾ ਸਮੇਂ ਤੋਂ ਪਹਿਲਾਂ ਜਾਣ ਕਰਕੇ ਬਹੁਤ ਦੁੱਖ ਹੋਇਆ ਪਰ ਇਸ ਤੋਂ ਵੱਡਾ ਦੁੱਖ ਉਸ ਵੇਲੇ ਹੋਇਆ, ਜਦ ਪਿੰਡ ਵੇਰਕਾ (ਅੰਮ੍ਰਿਤਸਰ) ਦੇ ਕੁਝ ਵਸਨੀਕਾਂ ਨੇ ਪਿੰਡ ਦੀ ਸ਼ਮਸ਼ਾਨ ਘਾਟ ਵਿਚ ਉਨ੍ਹਾਂ ਦੇ ਸਰੀਰ ਦਾ ਸਸਕਾਰ ਨਾ ਹੋਣ ਦਿੱਤਾ, ਫਿਰ ਉਨ੍ਹਾਂ ਦੇ ਸਰੀਰ ਦਾ ਸਸਕਾਰ ਪਿੰਡ ਸ਼ੁਕਰਚੱਕ ਵਿਚ ਕੀਤਾ ਗਿਆ। ਕਰੋਨਾ ਵਾਇਰਸ ਦੇ ਭੈਅ ਕਾਰਨ ਕਰਫ਼ਿਊ ਲੱਗਿਆ ਹੋਣ ਕਰਕੇ ਕੋਈ ਸਿੱਖ ਉਨ੍ਹਾਂ ਦੇ ਅੰਤਿਮ ਦਰਸ਼ਨ ਨਾ ਕਰ ਸਕਿਆ।

ਸਿਰਫ ਸਸਕਾਰ ਵੇਲੇ ਉਨ੍ਹਾਂ ਦਾ ਪੁੱਤਰ ਹੀ ਹਾਜ਼ਰ ਸੀ। ਉਸ ਨੇ ਚਿੱਖਾ ਨੂੰ ਅਗਨੀ ਵਿਖਾਈ। ਉਹ ਆਪਣੀ ਆਵਾਜ਼ ਕਰਕੇ ਸਾਡੇ ਵਿਚ ਜਿਊਂਦੇ ਰਹਿਣਗੇ ਅਤੇ ਉਨ੍ਹਾਂ ਦਾ ਰਸਭਿੰਨਾ ਕੀਰਤਨ ਸਾਡੇ ਕੰਨਾਂ ਵਿਚ ਰਸ ਘੋਲਦਾ ਰਹੇਗਾ।



# ਟੀ.ਵੀ. ਸੀਰੀਅਲ "ਫ਼ੌਜੀ ਚਾਚੇ ਦਾ ਪੀ ਜੀ" ਸਮੇਤ ਅਨੇਕ ਸੀਰੀਅਲ, ਹਿੰਦੀ ਤੇ ਪੰਜਾਬੀ ਫ਼ਿਲਮਾਂ ਕਰ ਚੁੱਕਾ ਸਟਾਰ - ਅਸ਼ੋਕ ਪੁਰੀ

ਪੇਸ਼ਕਸ਼ : ਅੰਮ੍ਰਿਤ ਪਵਾਰ
(Punjab Mail USA)

ਕਮਾਲ ਦਾ ਅਭਿਨੇਤਾ ਹੈ ਅਸ਼ੋਕ ਪੁਰੀ, ਕਹਿ ਲਓ ਕਿ ਆਲ ਇਨ ਵੰਨ, ਹਰਫਨਮੌਲਾ, ਆਲ ਰਾਊਂਡਰ ਤੇ 39 ਸਾਲ ਤੋਂ ਉਹ ਅਭਿਨੈ ਸੰਸਾਰ ਵਿਚ ਵਿਚਰ ਰਿਹਾ ਹੈ। ਸਟੇਜ ਨਾਟਕਾਂ ਤੋਂ ਸ਼ੁਰੂ ਹੋਇਆ ਅਸ਼ੋਕ ਪੁਰੀ ਦਾ ਅਭਿਨੈ ਸਫ਼ਰ ਟੀ.ਵੀ., ਲਘੂ ਫਿਲਮਾਂ, ਵੈੱਬ ਸੀਰੀਜ਼ ਤੇ ਫ਼ਿਰ ਵੱਡੇ ਪਰਦੇ ਦੀਆਂ ਪੰਜਾਬੀ ਤੇ ਹਿੰਦੀ ਫ਼ਿਲਮਾਂ ਤੱਕ ਕਾਮਯਾਬੀ ਨਾਲ ਪਹੁੰਚਿਆ ਹੈ। ਇਥੋਂ ਤੱਕ ਕਿ ਕਿਸੇ ਵੀ ਵਕਤ ਅਸ਼ੋਕ ਪੁਰੀ ਹਾਲੀਵੁੱਡ ਫ਼ਿਲਮ ਕਰ ਸਕਦੇ ਹਨ। ਇਹੀ ਹੀ ਨਹੀਂ, ਉਹ ਅਭਿਨੇਤਾ ਦੇ ਨਾਲ-ਨਾਲ ਲੇਖਕ, ਨਿਰਮਾਤਾ ਤੇ ਨਿਰਦੇਸ਼ਕ ਵੀ ਹਨ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਹੁਸ਼ਿਆਰਪੁਰ ਵਿਖੇ ਪਰਿਵਾਰ ਸਮੇਤ ਲੰਬੇ ਸਮੇਂ ਤੋਂ ਰਹਿ ਰਹੇ ਪੁਰੀ ਦਾ ਦੇਖਿਆ ਜਾਏ, ਤਾਂ ਪਰਿਵਾਰ ਵੀ ਐਕਟਿੰਗ ਖੇਤਰ ਨੂੰ ਸਮਰਪਿਤ ਰਿਹਾ ਹੈ। ਜੀਵਨ ਸਾਥਣ ਸ਼ਰਨਜੀਤ ਕੌਰ ਅਭਿਨੇਤਰੀ ਤੇ ਉਸ ਨਾਲ ਇਸ ਐਕਟਿੰਗ ਨੇ ਹੀ ਲਵ ਮੈਰਿਜ ਕਰਵਾਈ। ਬੇਟੀ ਅਸੀਸ ਐਕਟ੍ਰੈਸ ਤੇ ਬੇਟੇ ਪ੍ਰੀਤ ਨੇ ਵੀ ਅਭਿਨੈ ਕੀਤਾ ਹੈ। ਇਸ ਤੋਂ ਪਹਿਲਾਂ ਇਸ ਸਟਾਰ ਐਕਟਰ ਨਾਲ ਗੱਲਾਂ ਅੱਗੇ ਆਉਣ ਤਾਂ ਸਰਕਾਰੀ ਡਾਕਟਰੀ ਨੌਕਰੀ ਵੀ ਕੀਤੀ, ਤਾਂ ਜੇਲ੍ਹ ਵਿਭਾਗ ਵਿਚ ਹੋਣ ਕਾਰਨ ਕੈਦੀਆਂ ਲਈ ਨਾਟਕ ਖੇਡੇ। ਹੁਣੇ ਹੀ ਕੈਂਬਰਿਜ ਯੂਨੀਵਰਸਿਟੀ ਅਮਰੀਕਾ ਨੇ ਅਸ਼ੋਕ ਨੂੰ ਪੀ.ਐੱਚ.ਡੀ. ਦੀ ਡਿਗਰੀ ਪ੍ਰਦਾਨ ਕੀਤੀ ਹੈ। 1985 ਤੋਂ ਰੰਗਮੰਚ ਕਲਾਕਾਰ, 1989 ਤੋਂ ਟੀ.ਵੀ. ਅਦਾਕਾਰ ਤੇ 2005 ਤੋਂ ਫ਼ਿਲਮਜ਼ ਵਿਚ ਆਏ ਪੁਰੀ ਨੇ ਭਾਰਤ ਦੇ ਇਲਾਵਾ ਦੁਬਈ, ਯੂ.ਕੇ. ਤੇ ਥਾਈਲੈਂਡ ਵਿਖੇ ਵੀ ਅਭਿਨੈ ਜੌਹਰ ਦਿਖਾਏ ਹਨ। ਗੱਲ ਨੁੱਕੜ ਨਾਟਕਾਂ ਦੀ ਤਾਂ "ਤੀਜੀ ਅੱਖ", "ਵੱਡੀਆਂ ਲਾਈਟਾਂ ਘੁੱਪ ਹਨੇਰਾ" ਤੇ "ਮੈਂ ਪੰਜਾਬ ਬੋਲਦਾ ਹਾਂ" ਪ੍ਰਮੁੱਖ ਹਨ, ਜਦਕਿ ਸਟੇਜ ਦੇ ਤਾਂ ਅਨੇਕਾਂ ਨਾਟਕ ਇਸ ਸੁਦਰਸ਼ਨ ਮੈਣੀ ਦੇ ਸ਼ਾਗਿਰਦ ਅਭਿਨੇਤਾ ਦੇ ਹਨ।




ਫ਼ੌਜੀ ਚਾਚੇ ਦਾ ਪੀ ਜੀ ਵਿਚ



ਸਤਵਿੰਦਰ ਬਿੱਟੀ ਨਾਲ ਐਲਬਮ



ਫ਼ਿਲਮ ਵਿਚ ਪੂਰੀ



ਹੀਰ ਰਾਂਝਾ ਵਿਚ ਗੁੱਗੂ ਗਿੱਲ ਨਾਲ ਪੁਰੀ।

"ਕਰਫਿਊ" ਯੁਵਾ ਮੇਲਿਆਂ ਵਿਚ ਤੇ ਕਟਕ, ਗੁਜਰਾਤ, ਸ਼ਿਮਲਾ ਵਿਖੇ "ਟੋਬਾ ਟੇਕ ਸਿੰਘ" ਜਿਹੇ ਨਾਟਕ ਅਸ਼ੋਕ ਪੁਰੀ ਨੇ ਆਪਣੀ ਰੰਗਮੰਚ ਟੀਮ ਨਾਲ ਖੇਡੇ। ਰੂਹ ਦੀ ਸ਼ਾਂਤੀ ਸਟੇਜ ਨੇ ਦਿੱਤੀ ਤੇ ਪਹਿਚਾਣ ਟੀ.ਵੀ. ਤੇ ਫ਼ਿਲਮਾਂ ਨੇ ਅਸ਼ੋਕ ਪੁਰੀ ਨੇ ਦਸਤਾਵੇਜ਼ੀ ਫ਼ਿਲਮਾਂ ਦਾ ਨਿਰਮਾਣ, ਕੰਮ ਵੀ ਕੀਤਾ ਤੇ ਬਰਕਮ ਫ਼ਿਲਮਜ਼, ਗਰੇਸਾ ਫ਼ਿਲਮਜ਼ ਸਥਾਪਿਤ ਬੈਨਰ ਕੀਤੇ। ਬਾਕੀ ਲੋਕਾਂ ਦੇ ਨਾਟਕ ਵੀ ਨਿਰਦੇਸ਼ਤ ਕੀਤੇ। ਇਨ੍ਹਾਂ ਵਿਚ ਆਈ.ਸੀ. ਨੰਦਾ, ਗੁਰਦਿਆਲ ਸਿੰਘ ਫੁੱਲ, ਸ਼ਫ਼ਦਰ ਹਾਸ਼ਮੀ, ਸ਼ਰਨਜੀਤ, ਭਾਈ ਮੰਨਾ ਸਿੰਘ, ਨਰਿੰਦਰ ਡਾਨਸੀਵਾਲ ਤੇ ਮੰਟੋ ਦੇ ਨਾਟਕ ਉਸ ਨੇ ਖੇਡੇ ਨਿਰਦੇਸ਼ਿਤ ਕੀਤੇ। ਗ਼ਜ਼ਬ ਦੀ ਫੁਰਤੀ, ਉੱਚਾ ਲੰਮਾ ਕੱਦ ਤੇ ਵਿਅਕਤੀਤਵ ਕਮਾਲ ਦਾ ਹੈ। "ਤੂਤਾਂ ਵਾਲਾ ਖੂਹ", "ਆਦਮਖੋਰ" ਤੇ ਹੁਣੇ ਜਿਹੇ ਡੀ.ਡੀ. ਪੰਜਾਬੀ 'ਤੇ "ਫ਼ੌਜੀ ਚਾਚੇ ਦਾ ਪੀ ਜੀ" ਵਿਚ ਐਕਟਰ ਅਸ਼ੋਕ ਪੁਰੀ ਖ਼ੂਬ ਚਮਕੇ ਹਨ। ਕਲਰ ਟੀ.ਵੀ. 'ਤੇ ਦੰਗਲ ਦੇ ਨਾਲ ਡੀ.ਡੀ. ਕਿਸਾਨ, ਟੱਬਰ ਹਿੱਟ, ਪੰਜਾਬੀ ਵਰਲਡ ਚੈਨਲਾਂ ਤੇ ਉਸ ਦੇ ਸੀਰੀਅਲ ਆਏ ਹਨ। ਇਨ੍ਹਾਂ ਦੀ ਲਿਸਟ ਲੰਬੀ ਹੈ। 20 ਦੇ ਕਰੀਬ ਐਲਬਮ ਗੀਤਾਂ ਦਾ ਨਿਰਦੇਸ਼ਕ ਅਸ਼ੋਕ ਪੁਰੀ ਪੰਜਾਬੀ ਟੈਲੀ ਫ਼ਿਲਮਾਂ ਥਾਣਾ ਸਦਰ, "ਮੈ ਜਨ ਤੇਰਾ, ਦਲਦਲ, ਅਸੀਂ ਸਿੱਖ ਹਾਂ, ਰੂਪ ਬਸੰਤ" ਸਮੇਤ ਤਿੰਨ ਦਰਜ਼ਨ ਦਾ ਐਕਟਰ ਤੇ ਲੇਖਕ ਨਿਰਦੇਸ਼ਕ ਵੀ ਹੈ। ਮਤਲਬ ਕਮਾਲ ਦਾ ਬਹੁਤ ਜ਼ਿਆਦਾ ਤਜ਼ਰਬਾ ਦਾ ਨਾਂ ਹੀ ਅਸ਼ੋਕ ਪੁਰੀ ਹੈ। ਅਸ਼ੋਕ ਪੁਰੀ ਨੇ "ਅੱਤ", "02", "ਸ਼ੂਦਰ ਸੇ ਖਾਲਸਾ" ਤੇ "ਨਮਸਤੇ ਇੰਗਲੈਂਡ" ਬਾਲੀਵੁੱਡ ਫਿਲਮਾਂ ਵੀ ਕੀਤੀਆਂ ਹਨ। ਸੁਖਸ਼ਿੰਦਰ ਸ਼ੇਰਾ, ਹਰਜੀਤ, ਠਾਕਰ ਤਪਸਵੀ ਤੇ ਕਪਿਲ ਬੱਤਰਾ ਜਿਹੇ ਫ਼ਿਲਮ ਮੇਕਰ ਨਾਲ ਕੰਮ ਕਰ ਚੁੱਕੇ ਅਸ਼ੋਕ ਪੁਰੀ ਨੇ ਪੰਜਾਬੀ ਦੀਆਂ ਵੱਡੀਆਂ ਫ਼ਿਲਮਾਂ "ਹੀਰ-ਰਾਂਝਾ", "ਦਿੱਲੀ ਤੋਂ ਲਾਹੌਰ" ਅਮਰੀਕਾ, ਇਸ਼ਕ ਨਾ ਹੋਏ ਰੱਬਾ, ਵਿਆਹ ਦੇ ਵਾਜੇ ਤੇ ਪਾਕਿਸਤਾਨੀ ਫ਼ਿਲਮ ਅਦਾਕਾਰ ਸਨਾ ਨਾਲ "ਦਿਲ ਪਰਦੇਸੀ ਹੋ ਗਿਆ" ਫ਼ਿਲਮ ਵੀ ਕੀਤੀ ਹੈ। ਰੰਗਮੰਚ ਦਾ ਸਟਾਰ ਖਿਡਾਰੀ ਤੇ ਕਪਤਾਨ, ਟੈਲੀ ਫ਼ਿਲਮਾਂ ਤੇ ਟੀ.ਵੀ. ਦੁਨੀਆਂ ਦਾ ਲੋਕਪ੍ਰਿਅ ਚਿਹਰਾ ਤੇ ਹਿੰਦੀ ਪੰਜਾਬੀ ਫ਼ਿਲਮਾਂ ਦਾ ਚਰਚਿਤ ਅਦਾਕਾਰ ਅਸ਼ੋਕ ਪੁਰੀ ਅੱਜ ਵੀ ਚੱਲ ਸੋ ਚੱਲ ਹੈ। ਖ਼ੁਦ ਐੱਸ.ਪੀ. ਰਾਣਾ ਲਈ "ਫ਼ੰਨੇ ਖਾਂ ਜੱਟ" ਕਰ ਰਿਹਾ ਹੈ। ਯਾਰ ਅਣਮੁੱਲੇ ਸ਼ਬਦ ਉਸ 'ਤੇ ਢੁੱਕਦਾ ਹੈ, ਅਭਿਨੈ ਦਾ ਪ੍ਰਿੰਸੀਪਲ ਅਸ਼ੋਕ ਪੁਰੀ ਪਾਲੀਵੁੱਡ ਤੇ ਬਾਲੀਵੁੱਡ ਦਾ ਹਰਮਨ ਪਿਆਰਾ ਹੋਰ ਕਲਾਕਾਰ ਬਣ ਛਾ ਜਾਏ ਦੁਆ, ਦੁਆ ਸਿਹਤ ਤੇ ਪਰਿਵਾਰਕ ਮਾਹੌਲ ਲਈ, ਜਿਸ ਦੀ ਖ਼ੁਸ਼ਗਵਾਰੀ ਨਾਲ ਅੱਜ ਅਸ਼ੋਕ ਪੁਰੀ ਚਰਚਿਤ ਫ਼ਨਕਾਰ ਹੈ।

## 13 ਅਪ੍ਰੈਲ ਜਨਮ ਦਿਨ 'ਤੇ ਵਿਸ਼ੇਸ਼ ਲੇਖ

# ਪੰਜਾਬੀ ਗਾਇਕੀ ਦਾ ਨਾਮ ਨਰਿੰਦਰ ਬੀਬਾ



ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)



> 1960 ਵਿਚ 19 ਸਾਲ ਦੀ ਉਮਰ ਵਿਚ ਨਰਿੰਦਰ ਬੀਬਾ ਦਾ ਵਿਆਹ ਲੁਧਿਆਣੇ ਦੇ ਜਸਪਾਲ ਸਿੰਘ ਪਾਲੀ ਨਾਲ ਕਰ ਦਿੱਤਾ, ਜੋ ਰੇਲਵੇ ਵਿਭਾਗ ਵਿਚ ਨੌਕਰੀ ਕਰਦਾ ਸੀ। ਉਹ ਬਹੁਤ ਵਧੀਆ ਇੰਨਸਾਨ ਹੋਣ ਦੇ ਨਾਲ-ਨਾਲ ਵਧੀਆ ਕਲਾਕਾਰ ਅਤੇ ਸਟੇਜ ਅਨਾਊਸਰ ਵੀ ਸੀ। ਉਸ ਨੇ ਨਰਿੰਦਰ ਬੀਬਾ ਦੀ ਗਾਇਕੀ ਵਿਚ ਪੂਰਾ ਸਹਿਯੋਗ ਦਿੱਤਾ। ਇਹ ਲੁਧਿਆਣੇ ਜਿਸ ਮਕਾਨ ਵਿਚ ਰਹਿੰਦੇ ਸਨ, ਉਸ ਨੂੰ ਪੀਲੀ ਕੋਠੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਨ੍ਹਾਂ ਦੇ ਘਰ ਚਾਰ ਬੱਚਿਆਂ (ਦੋ ਬੇਟੇ ਅਤੇ ਦੋ ਬੇਟੀਆਂ) ਨੇ ਜਨਮ ਲਿਆ।

ਲੰਮਾ ਸਮਾਂ ਪੰਜਾਬੀ ਗਾਇਕੀ 'ਤੇ ਰਾਜ ਕਰਨ ਵਾਲੀ ਨਰਿੰਦਰ ਬੀਬਾ ਦਾ ਜਨਮ ਫ਼ਤਹਿ ਸਿੰਘ ਰਾਣਾ ਦੇ ਘਰ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਮਿਤੀ 13 ਅਪ੍ਰੈਲ, 1941 ਨੂੰ ਵਿਸਾਖੀ ਵਾਲੇ ਦਿਨ ਚੱਕ ਨੰਬਰ 120 ਜ਼ਿਲ੍ਹਾ ਸਰਗੋਧਾ ਵਿਖੇ (ਅਣਵੰਡੇ ਪੰਜਾਬ) ਵਿਚ ਹੋਇਆ।

ਨਰਿੰਦਰ ਬੀਬਾ ਦੇ ਤਿੰਨ ਭਰਾ ਸਨ ਫ਼ਕੀਰ ਸਿੰਘ ਫ਼ਕੀਰ, ਰਣਬੀਰ ਸਿੰਘ ਰਾਣਾ, ਅਮੀਰ ਸਿੰਘ ਰਾਣਾ ਅਤੇ ਆਪ ਦੋ ਭੈਣਾਂ ਸਨ ਨਰਿੰਦਰ ਬੀਬਾ ਅਤੇ ਸਤਿੰਦਰ ਬੀਬਾ। ਇਹ ਪੰਜੇ ਭੈਣ-ਭਰਾ ਹੀ ਸੰਗੀਤ ਨਾਲ ਜੁੜੇ ਹੋਏ ਸਨ। ਨਰਿੰਦਰ ਕੌਰ ਦਾ ਪਿਤਾ ਇਸ ਨੂੰ ਲਾਡ ਨਾਲ ਬੀਬਾ ਜੀ ਕਿਹਾ ਕਰਦਾ ਸੀ, ਇਸ ਕਰਕੇ ਇਸ ਦਾ ਨਾਮ ਨਰਿੰਦਰ ਬੀਬਾ ਪੈ ਗਿਆ।

1947 ਦੀ ਵੰਡ ਮਗਰੋਂ ਇਹ ਪਰਿਵਾਰ ਪਾਕਿਸਤਾਨ ਤੋਂ ਭਾਰਤ ਆ ਗਿਆ ਅਤੇ ਫਤਿਹਗੜ੍ਹ ਸਾਹਿਬ ਦੇ ਪਿੰਡ ਖੁੰਮਣਾ ਵਿਖੇ ਰਹਿਣ ਲੱਗ ਪਿਆ।

ਨਰਿੰਦਰ ਬੀਬਾ ਨੇ ਬੀ.ਏ. ਤੱਕ ਪੜ੍ਹਾਈ ਕੀਤੀ। ਇਹ ਪਹਿਲਾਂ ਗੁਰਬਾਣੀ ਦੇ ਸ਼ਬਦ ਪੜ੍ਹਿਆ ਕਰਦੀ ਸੀ। ਇਸ ਦੀ ਗਾਇਕੀ ਵੱਲ ਰੁਚੀ ਨੂੰ ਭਾਪਦਿਆਂ ਇਸ ਦੇ ਪਿਤਾ ਨੇ ਨਰਿੰਦਰ ਬੀਬਾ ਨੂੰ ਗਾਇਕੀ ਵੱਲ ਜਾਣ ਦੀ ਖੁੱਲ੍ਹ ਦੇ ਦਿੱਤੀ। ਇਸ ਨੇ ਸੰਗੀਤਕ ਵਿੱਦਿਆ ਕਈ ਪਾਸੇ ਤੋਂ ਲਈ ਸੀ। ਨਰਿੰਦਰ ਬੀਬਾ, ਉਸਤਾਦ ਜਸਵੰਤ ਭੰਵਰਾ ਅਤੇ ਸਰਦੂਲ ਸਕੰਦਰ ਦਾ ਪਿਤਾ ਸਾਗਰ ਮਸਤਾਨਾ ਇਹ ਤਿੰਨੇ ਹੀ ਗੁਰ ਭਾਈ ਸਨ। ਇਨ੍ਹਾਂ ਨੇ ਸੰਗੀਤਕ ਵਿਦਿਆ ਸਪੂਰਨ ਸਿੰਘ ਮੋਹਣ ਮਾਜਰਾ (ਮੋਰਿੰਡਾ) ਪਾਸੋਂ ਲਈ। ਉਸਤਾਦ ਰਤਨ ਲਾਲ ਦੇ ਸ਼ਗਿਰਦ ਹਰੀ ਦੇਵ ਤੋਂ ਨਰਿੰਦਰ ਬੀਬਾ ਨੇ ਸਿੱਖਿਆ ਲੈਣ ਉਪਰੰਤ ਸੰਗੀਤ ਦੀ ਐੱਮ.ਏ. ਕਰ ਲਈ। ਫਿਰ ਇਸ ਨੇ ਗਾਇਕੀ ਖ਼ਾਤਰ ਉਸਤਾਦ ਲਾਲ ਚੰਦ ਯਮਲਾ ਜੱਟ ਨੂੰ ਗੁਰੂ ਧਾਰ ਕੇ ਸਟੇਜੀ ਸ਼ੋਅਜ਼ ਲਈ ਉਨ੍ਹਾਂ ਤੋਂ ਸ਼ਗਿਰਦੀ ਹਾਸਲ ਕੀਤੀ।

1958 ਨੂੰ 17 ਸਾਲ ਦੀ ਉਮਰ ਵਿਚ ਜਦ ਨਰਿੰਦਰ ਬੀਬਾ ਕਾਲਿਜ ਪੜ੍ਹਦੀ ਸੀ, ਤਾਂ ਉਸ ਨੂੰ ਆਲ ਇੰਡੀਆ ਰੇਡੀਓ ਜਲੰਧਰ ਦੇ ਗੁਰਾਇਆਂ ਟਰਾਂਸਮੀਟਰ ਦੇ ਉਦਘਾਟਨ 'ਤੇ ਗਾਉਣ ਲਈ ਕਿਹਾ ਗਿਆ। ਉੱਥੇ ਇਸ ਨੇ ਗੀਤ ਗਾਇਆ 'ਖੁਸ਼ੀ ਦੀਆਂ ਵੰਗਾਂ ਨੀ ਮੈਂ ਕਲ੍ਹ ਨੂੰ ਚੜ੍ਹਾਉਣੀਆਂ।'

1960 ਵਿਚ 19 ਸਾਲ ਦੀ ਉਮਰ ਵਿਚ ਨਰਿੰਦਰ ਬੀਬਾ ਦਾ ਵਿਆਹ ਲੁਧਿਆਣੇ ਦੇ ਜਸਪਾਲ ਸਿੰਘ ਪਾਲੀ ਨਾਲ ਕਰ ਦਿੱਤਾ, ਜੋ ਰੇਲਵੇ ਵਿਭਾਗ ਵਿਚ ਨੌਕਰੀ ਕਰਦਾ ਸੀ। ਉਹ ਬਹੁਤ ਵਧੀਆ ਇੰਨਸਾਨ ਹੋਣ ਦੇ ਨਾਲ-ਨਾਲ ਵਧੀਆ ਕਲਾਕਾਰ ਅਤੇ ਸਟੇਜ ਅਨਾਊਸਰ ਵੀ ਸੀ। ਉਸ ਨੇ ਨਰਿੰਦਰ ਬੀਬਾ ਦੀ ਗਾਇਕੀ ਵਿਚ ਪੂਰਾ ਸਹਿਯੋਗ ਦਿੱਤਾ। ਇਹ ਲੁਧਿਆਣੇ ਜਿਸ ਮਕਾਨ ਵਿਚ ਰਹਿੰਦੇ ਸਨ, ਉਸ ਨੂੰ ਪੀਲੀ ਕੋਠੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਨ੍ਹਾਂ ਦੇ ਘਰ ਚਾਰ ਬੱਚਿਆਂ (ਦੋ ਬੇਟੇ ਅਤੇ ਦੋ ਬੇਟੀਆਂ) ਨੇ ਜਨਮ ਲਿਆ।

1962 ਵਿਚ ਨਰਿੰਦਰ ਬੀਬਾ ਨੇ ਸਭ ਤੋਂ ਪਹਿਲਾਂ ਦੋਗਾਣਿਆਂ ਦੀ ਰਿਕਾਡਿੰਗ ਕਰਵਾਈ ਇਹ ਗੀਤ ਹਰਚਰਨ ਗਰੇਵਾਲ ਨਾਲ ਐੱਚ.ਐੱਮ.ਵੀ. ਕੰਪਨੀ ਵਿਚ ਆਏ ਅਤੇ ਗਰਦੇਵ ਸਿੰਘ ਮਾਨ ਦੇ ਲਿਖੇ ਸਨ।

--ਓ, ਅ, ੲ, ਸ, ਹ, ਓ, ਅ ਵੇ
ਮੈਨੂੰ ਜਾਣ ਦੇ ਸਕੂਲੇ ਇਕ ਵਾਰ ਹਾੜ੍ਹਾ ਵੇ

-ਅੱਡੀ ਮਾਰ ਝਾਂਜਰ ਛਣਕਾਈ
ਮਿੱਤਰਾਂ ਦਾ ਬੂਹਾ ਲੰਘ ਕੇ

ਉਸ ਸਮੇਂ ਲੋਕ ਘੱਟ ਪੜ੍ਹੇ ਹੋਣ ਕਰਕੇ ਉਪਰਲਾ ਗੀਤ ਲੋਕਾਂ ਨੂੰ ਪੜ੍ਹਨ ਵੱਲ ਪ੍ਰੇਰਦਾ ਸੀ। ਇਸ ਕਰਕੇ ਸਰਕਾਰ ਨੇ ਵੀ ਲੋਕਾਂ ਨੂੰ ਜਾਗੂਰਕ ਕਰਨ ਲਈ ਸਵੀਕਾਰ ਕਰ ਲਿਆ। ਇਹ ਗੀਤ ਅਕਾਸ਼ਵਾਣੀ ਜਲੰਧਰ ਦਾ ਸ਼ਿੰਗਾਰ ਬਣ ਕੇ ਰੋਜ਼ ਸ਼ਾਮ ਨੂੰ ਰੇਡੀਓ ਤੋਂ ਪ੍ਰਕਾਸ਼ਿਤ ਹੋਣ ਲੱਗਾ। ਇਸ ਗੀਤ ਨੇ ਨਰਿੰਦਰ ਬੀਬਾ ਨੂੰ ਵੀ ਲੋਕਾਂ ਵਿਚ ਇਕਦਮ ਹਰਮਨ ਪਿਆਰੀ ਬਣਾ ਦਿੱਤਾ।

ਨਰਿੰਦਰ ਬੀਬਾ ਨੇ ਕਈ ਕਲਾਕਾਰਾਂ ਨਾਲ ਦੋਗਾਣੇ ਗੀਤ ਗਾਏ, ਜਿਵੇਂ ਮਹੁੰਮਦ ਸਦੀਕ, ਹਰਚਰਨ ਗਰੇਵਾਲ, ਕਰਮਜੀਤ ਧੂਰੀ, ਕਰਨੈਲ ਗਿੱਲ, ਦੀਦਾਰ ਸੰਧੂ, ਕੇ ਦੀਪ, ਰਮੇਸ਼ ਰੰਗੀਲਾ, ਫਕੀਰ ਸਿੰਘ ਫਕੀਰ, ਗੁਰਦਿਆਲ ਨਿਰਮਾਣ ਧੂਰੀ, ਸੁਰਿੰਦਰ ਛਿੰਦਾ, ਬੀਰ ਚੰਦ ਗੋਪੀ, ਰਣਬੀਰ ਰਾਣਾ, ਸਾਬਰ ਹੁਸੈਨ ਸਾਬਰ, ਅਮੀਰ ਰਾਣਾ, ਗੁਚਰਨ ਪੋਹਲੀ, ਜਗਜੀਤ ਜੀਰਵੀ ਆਦਿ ਕਲਾਕਾਰਾਂ ਨਾਲ ਗੀਤ ਗਾਏ। ਨਰਿੰਦਰ ਬੀਬਾ ਦੇ ਕੁਝ ਦੋਗਾਣਿਆਂ ਦਾ ਵੇਰਵਾ:-

--ਕੱਲਮ ਕੱਲੀ ਤੋੜਾਂ ਮੈਂ ਕਰੀਰਾਂ ਨਾਲੋ ਡੇਲੇ
ਖੜ੍ਹਾ ਰਹਿ ਜ਼ਾਲਮਾਂ ਵੇ ਸਬੱਬੀ ਹੋ ਗਏ ਮੇਲੇ

--ਛੰਨਾਂ ਵੇਚ ਕੇ ਲਿਆਂਦੇ ਗਹਿਣੇ ਮੁੰਡਿਆ

--ਪੰਜ ਭਾਦੋਂ ਨੂੰ ਆਂਈ ਵੇ ਮੇਰਾ ਲੈਣ ਦਰੌਜਾ

--ਤੇਰਾ ਗਲ ਗਲ ਵਰਗਾ ਰੰਗ ਜੱਟੀਏ

--ਕਿੱਕਰ ਤੇ ਕਾਟੋ ਰਹਿੰਦੀ ਕੱਲਾ ਨਾ ਜਾਵੀ ਖੇਤ ਨੂੰ

--ਮੈਨੂੰ ਰੇਸ਼ਮੀ ਰਮਾਲ ਵਾਂਗੂੰ ਰੱਖ ਮੁੰਡਿਆ

--ਚੰਦਰੀ ਸ਼ਰਾਬ ਛੱਡਦੇ ਜਿਹੜੀ ਘਰ ਨੂੰ ਹੁੰਝਦੀ ਲਿਜਾਵੇ

--ਰੱਬ ਕਰਕੇ ਮਰੇ ਨੀ ਜੇਠ ਸੱਪ ਲੜ ਕੇ

--ਮੇਰੇ ਮਾਪਿਆਂ ਦਾ ਜੂਏ ਵਿਚ ਦਾਜ ਹਾਰਿਆ

ਨਰਿੰਦਰ ਬੀਬਾ ਨੇ ਬਹੁਤ ਸਾਰੇ ਗੀਤਕਾਰਾਂ ਦੇ ਗੀਤ ਗਾਏ, ਇੰਦਰਜੀਤ ਹਸਨਪੁਰੀ, ਦੇਵ ਥਰੀਕੇ ਵਾਲਾ, ਨੰਦ ਲਾਲ ਨੂਰਪੁਰੀ, ਗੁਰਦੇਵ ਮਾਨ, ਸਾਜਨ ਰਾਏਕੋਟੀ, ਦੀਪਕ ਜੈਤੋਈ, ਚਰਨ ਸਿੰਘ ਸਫ਼ਰੀ, ਬਾਬੂ ਸਿੰਘ ਮਾਨ, ਦੀਦਾਰ ਸੰਧੂ, ਲਾਲ ਸਿੰਘ ਲਾਲੀ, ਹਰਨੇਕ ਸਿੰਘ ਸੋਹੀ, ਚੰਨ ਗੁਰਾਇਆਂ ਵਾਲਾ, ਸਨਮੁੱਖ ਸਿੰਘ ਆਜਾਦ, ਗਿੱਲ ਜੱਬੋ ਮਾਜਰੇ ਵਾਲਾ, ਗਿੱਲ ਨੱਥੋਹੇੜੀ ਵਾਲਾ ਆਦਿ ਹੋਰ ਵੀ ਬਹੁਤ ਸਾਰੇ ਗੀਤਕਾਰਾਂ ਦੇ ਗੀਤ ਗਾਏ।

ਨਰਿੰਦਰ ਬੀਬਾ ਨੇ ਦੋਗਾਣਾ ਗਾਇਕੀ ਦੇ ਨਾਲ-ਨਾਲ ਸਿੱਖ ਇਤਹਾਸ ਵੀ ਬਹੁਤ ਗਾਇਆ ਅਤੇ ਉਪੇਰੇ ਵੀ ਗਾਏ ਸਾਕਾ ਸਰਹੰਦ, ਸਾਕਾ ਚਮਕੌਰ ਸਾਹਿਬ, ਸਾਕਾ ਚਾਂਦਨੀ ਚੌਕ, ਸਿੰਘਾਂ ਦੀਆਂ ਕੁਰਬਾਨੀਆਂ, ਏਕਤਾ ਦਾ ਪੁਜਾਰੀ ਰਵੀਦਾਸ ਭਗਤ, ਅਤੇ ਜੀਵਨੀ ਰਵੀਦਾਸ ਭਗਤ ਆਦਿ ਗਾਏ।

ਇਨ੍ਹਾਂ ਉਪੇਰਿਆਂ ਵਿਚ ਜਸਪਾਲ ਸਿੰਘ ਪਾਲੀ ਦੀ ਕੁਮੈਂਟਰੀ ਕੀਤੀ ਹੋਈ ਹੈ, ਜੋ ਸਰੋਤਿਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ।

ਇਨ੍ਹਾਂ ਉਪੇਰਿਆਂ ਵਿਚ ਨਰਿੰਦਰ ਬੀਬਾ ਦੇ ਨਾਲ ਫਕੀਰ ਸਿੰਘ ਫਕੀਰ, ਰਣਵੀਰ ਰਾਣਾ, ਅਮੀਰ ਰਾਣਾ ਅਤੇ ਸਤਿੰਦਰ ਬੀਬਾ ਨੇ ਸਾਥ ਦਿੱਤਾ। ਨਰਿੰਦਰ ਬੀਬਾ ਨੇ ਬਹੁਤ ਸਾਰੇ ਧਾਰਮਿਕ ਗੀਤ ਵੀ ਗਾਏ

--ਦੋ ਬੜੀਆਂ ਕੀਮਤੀ ਜਿੰਦਾਂ ਨੀਹਾਂ ਵਿਚ ਆਣ ਖਲੋ ਗਈਆਂ

--ਚੰਨ ਮਾਤਾ ਗੁਜਰੀ ਦਾ ਸੁੱਤਾ ਕੰਡਿਆਂ ਦੀ ਸੇਜ ਵਿਛਾਈ

--ਕਲਗੀਧਰ ਦਸਮੇਸ਼ ਪਿਤਾ ਜਿਹਾ ਦੁਨੀਆਂ ਵਿਚ ਕੋਈ ਹੋਇਆ ਨਾਂ

--ਮਾਤਾ ਗੁਜ਼ਰੀ ਨੂੰ ਦੇਵੋ ਨੀ ਵਧਾਈਆਂ ਆਦਿ ਗੀਤ ਗਾਏ।

1972 ਵਿਚ ਚਰਨ ਸਿੰਘ ਸਫ਼ਰੀ ਦਾ ਲਿਖਿਆ 'ਸਾਕਾ ਸਰਹੰਦ' ਜਿਸ ਨੂੰ ਕੇਸਰ ਸਿੰਘ ਨਰੂਲਾ ਨੇ ਸੰਗੀਤ ਨਾਲ ਸ਼ਿੰਗਾਰਿਆ ਸੀ। ਨਰਿੰਦਰ ਬੀਬਾ ਦੇ ਭੈਣ ਭਰਾਵਾਂ ਨੇ ਨਰਿੰਦਰ ਬੀਬਾ ਨਾਲ ਆਵਾਜ਼ ਦਿੱਤੀ ਸੀ ਅਤੇ ਇਸ ਸਾਕੇ ਦੀ ਕੁਮੈਂਟਰੀ ਜਸਪਾਲ ਸਿੰਘ ਪਾਲੀ ਨੇ ਕੀਤੀ ਸੀ। ਅੱਜ ਵੀ ਸਾਡੇ ਅੰਦਰ ਬੱਚਿਆਂ ਦੀ ਸ਼ਹੀਦੀ ਦਾ ਵਿਰਾਗ ਛੇੜਦਾ ਹੈ ਇਹ ਸਾਕਾ ਗਾਉਣ ਵਾਲੀਆਂ ਆਵਾਜ਼ਾਂ ਨੂੰ ਵੀ ਸਦਾ ਅਮਰ ਕਰ ਗਿਆ।

ਨਰਿੰਦਰ ਬੀਬਾ ਨੇ ਪ੍ਰਸੰਗ ਸਾਹਿਤ ਕਈ ਲੋਕ ਗਥਾਵਾਂ ਗਾਈਆਂ, ਜਿਵੇਂ ਸੱਸੀ ਪੁਨੂੰ, ਸੋਹਣੀ ਮਹੀਵਾਲ, ਹੀਰ ਰਾਂਝਾ, ਮਿਰਜ਼ਾ ਸਾਹਿਬਾ ਆਦਿ।

1976 ਵਿਚ ਨਰਿੰਦਰ ਬੀਬਾ ਨੂੰ ਉਸ ਟਾਇਮ ਗਹਿਰਾ ਸਦਮਾ ਲੱਗਾ, ਜਦ ਉਨ੍ਹਾਂ ਦਾ ਪਤੀ ਜਸਪਾਲ ਸਿੰਘ ਪਾਲੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ।

ਨਰਿੰਦਰ ਬੀਬਾ ਦੇ ਪ੍ਰੋਗਰਾਮ ਦੀ ਸ਼ੁਰੂਆਤ ਇਕ ਵੱਖਰੇ ਅੰਦਾਜ਼ ਵਿਚ ਸ਼ੁਰੂ ਹੁੰਦੀ ਸੀ। ਸਭ ਤੋਂ ਪਹਿਲਾ ਸਟੇਜ 'ਤੇ ਜਸਪਾਲ ਸਿਘ ਪਾਲੀ ਅਜਿਹਾ ਲੈਕਚਰ ਕਰਦਾ, ਸਰੋਤੇ ਨਰਿੰਦਰ ਬੀਬਾ ਦੇ ਦਰਸ਼ਨਾਂ ਨੂੰ ਉਤਾਵਲੇ ਹੋ ਜਾਂਦੇ। ਫਿਰ ਨਰਿੰਦਰ ਬੀਬਾ ਸਟੇਜ 'ਤੇ ਦਾਖਲ ਹੁੰਦੀ ਬੇਲੀ ਰਾਮ ਅਲਗੋਜੇ ਵਜਾਉਣੇ ਸ਼ੁਰੂ ਕਰ ਦਿੰਦਾ। ਕੁਝ ਸਮਾਂ ਅਲਗੋਜੇ ਵੱਜਣ ਤੋਂ ਬਾਅਦ ਨਰਿੰਦਰ ਬੀਬਾ ਲੰਬੀ ਹੇਕ ਭਰਦੀ, ਫਿਰ ਗਗਨ ਦਮਾਮਾ ਬੱਜਿਆ ਸਿੰਘੋ ਸਰਦਾਰੋ ਗੀਤ ਗਾ ਕੇ ਪ੍ਰੋਗਰਾਮ ਦਾ ਅਗਾਜ਼ ਅਜਿਹਾ ਕਰਦੀ, ਸਰੋਤਿਆਂ ਵਿਚ ਇਕਦਮ ਜੋਸ਼ ਭਰ ਜਾਂਦਾ।

ਦੀਦਾਰ ਸੰਧੂ ਨੇ ਆਪਣੀ ਗਾਇਕੀ ਦੀ ਸ਼ੁਰੂਅਤ ਨਰਿੰਦਰ ਬੀਬਾ ਨਾਲ ਗੀਤ ਰਿਕਾਰਡ ਕਰਵਾ ਕੇ ਹੀ ਕੀਤੀ ਸੀ 'ਰੱਬਾ ਮੇਰੇ ਪੱਲੇ ਪੈ ਗਈ ਨਾਰ ਲਫ਼ਾਫੇ ਵਰਗੀ'। ਕਰਨੈਲ ਗਿੱਲ ਭਾਵੇਂ ਸਭ ਤੋਂ ਪਹਿਲਾਂ ਸੋਲੋ ਗੀਤ ਗਾਉਣ ਨਾਲ ਗਾਇਕੀ ਦੇ ਅਖਾੜੇ ਵਿਚ ਪ੍ਰਵੇਸ ਕਰ ਚੁੱਕਾ ਸੀ ਪਰ 1964 ਵਿਚ ਜਦ ਨਰਿੰਦਰ ਬੀਬਾ ਦੀ ਪੂਰੀ ਚੜ੍ਹਤ ਸੀ, ਕਰਨੈਲ ਗਿੱਲ, ਦੇਵ ਥਰੀਕੇ ਵਾਲੇ ਰਾਹੀਂ ਦੇਵ ਥਰੀਕੇ ਵਾਲੇ ਦੇ ਲਿਖੇ ਦੋ ਗੀਤ ਨਰਿੰਦਰ ਬੀਬਾ ਨਾਲ ਰਿਕਾਰਡ ਕਰਵਾ ਕੇ ਦੋਗਾਣਾ ਗਾਇਕੀ ਵਿਚ ਪ੍ਰਵੇਸ਼ ਕੀਤਾ। ਇਹ ਗੀਤ ਸਨ 'ਸੱਥ ਵਿਚ ਲੱਗੀ ਵੇ ਕਚਿਹਰੀ ਮੇਰੇ ਬਾਪ ਦੀ ਵੀਰ ਬੈਠੇ ਸਰਦਾਰ ਮੁੰਡਿਆ' ਅਤੇ 'ਕੀਹਨੇ ਤੈਨੂੰ ਭਰੀ ਚੁਕਾਈ ਕੀਹਨੇ ਵੱਡੇ ਪੱਠੇ'। ਕੁਲਦੀਪ ਮਾਣਕ ਭਾਵੇਂ ਹਰਚਰਨ ਗਰੇਵਾਲ ਦਾ ਸ਼ਾਗਿਰਦ ਸੀ ਪਰ ਸ਼ੁਰੂਆਤ ਨਰਿੰਦਰ ਬੀਬਾ ਤੋਂ ਕੀਤੀ ਸੀ। 1972 ਵਿਚ ਗੁਰਦਿਆਲ ਨਿਰਮਾਣ ਧੂਰੀ ਨੇ ਵੀ ਨਰਿੰਦਰ ਬੀਬਾ ਨਾਲ ਰਿਕਾਡਿੰਗ ਕਰਵਾ ਕੇ ਗਾਇਕੀ ਵਿਚ ਪ੍ਰਵੇਸ਼ ਕੀਤਾ। ਉਹ ਗੀਤ ਚਤਰ ਸਿੰਘ ਪਰਵਾਨੇ ਨੇ ਲਿਖੇ ਸਨ 'ਮੇਰੀ ਛੋਲਿਆਂ ਦੀ ਦਾਲ ਕਰਾਰੀ ਭਾਈ ਜੀ ਦੇ ਮੂੰਹ ਲੱਗ ਗਈ'। ਦੂਸਰਾ ਗੀਤ 'ਭੱਠੀ ਉੱਤੇ ਖੜ੍ਹ ਕੇ ਦਾਣੇ ਮੈਂ ਭਨਾਉਨੀਆਂ ਤੇਰੀਆਂ ਖਿੱਲਾਂ ਤੇ ਮੇਰੇ ਰੋੜ ਮੁੰਡਿਆ'। ਹੋਰ ਵੀ ਬਹੁਤ ਸਾਰੇ ਕਲਾਕਾਰ ਹਨ, ਜਿਨ੍ਹਾਂ ਨੇ ਗਾਇਕੀ ਦੀ ਲਿਫਟ ਨਰਿੰਦਰ ਬੀਬਾ ਰਾਹੀ ਲੈ ਕੇ ਮੰਜ਼ਲਾਂ ਹਾਸਲ ਕੀਤੀਆਂ। ਇਸ ਦਾ ਭਤੀਜਾ ਸੁਖਬੀਰ ਰਾਣਾ ਵੀ ਇਸ ਦਾ ਹੀ ਸ਼ਾਗਿਰਦ ਹੈ।

ਦਲਜੀਤ ਕੌਰ ਬਖ਼ਤੜੀ, ਹਰਨੀਤ ਕੌਰ ਨੀਤੂ, ਨਰਿੰਦਰ ਮਾਵੀ ਆਦਿ ਹੋਰ ਵੀ ਕਈ ਗਾਇਕਾਵਾਂ ਨੇ, ਜਿਨ੍ਹਾਂ ਨਰਿੰਦਰ ਬੀਬਾ ਤੋਂ ਗਾਇਕੀ ਸਿੱਖੀ।

1975 ਵਿਚ ਫ਼ਿਲਮ 'ਤੇਰੀ ਮੇਰੀ ਇਕ ਜਿੰਦੜੀ' ਆਈ ਇਸ ਫਿਲਮ ਦੀ ਕਹਾਣੀ ਅਤੇ ਗੀਤ ਇੰਦਰਜੀਤ ਹਸਨਪੁਰੀ ਨੇ ਲਿਖੇ ਸਨ। ਮਿਊਜ਼ਿਕ ਐੱਸ. ਮਹਿੰਦਰ ਨੇ ਦਿੱਤਾ ਸੀ। ਇਸ ਫ਼ਿਲਮ ਦਾ ਟਾਈਟਲ ਦੋਗਾਣਾ ਗੀਤ 'ਤੇਰੀ ਮੇਰੀ ਇਕ ਜਿੰਦੜੀ' ਸੀ, ਜੋ ਨਰਿੰਦਰ ਬੀਬਾ ਨੇ ਸੀਤਲ ਸਿੰਘ ਸੀਤਲ ਨਾਲ ਗਾਇਆ ਸੀ। ਨਰਿੰਦਰ ਬੀਬਾ ਨੇ ਇਸ ਫ਼ਿਲਮ ਵਿਚ ਮਹੁੰਮਦ ਰਫ਼ੀ ਨਾਲ 'ਇੰਨੇ ਜ਼ੋਰ ਦੀ ਮਰੋੜ੍ਹੀ ਮੇਰੀ ਬਾਂਹ ਜੱਟ ਨੇ' ਗਾ ਕੇ ਰਫ਼ੀ ਨਾਲ ਗਾਉਣ ਦੀ ਰੀਝ ਪੂਰੀ ਕੀਤੀ ਸੀ। ਇਸ ਫ਼ਿਲਮ ਵਿਚ ਨਰਿੰਦਰ ਬੀਬਾ ਨੇ ਪੰਜ ਗੀਤ ਗਾਏ ਸਨ। ਇਹ ਫ਼ਿਲਮ ਸਮੇਂ ਦੀਆਂ ਸਭ ਪੰਜਾਬੀ ਫ਼ਿਲਮਾਂ ਨੂੰ ਮਾਤ ਪਾ ਗਈ ਸੀ। ਇਸ ਫ਼ਿਲਮ ਦੀ ਵਧੀਆ ਗਾਇਕਾ ਹੋਣ ਦਾ ਨਰਿੰਦਰ ਬੀਬਾ ਨੂੰ ਐਵਾਰਡ ਵੀ ਮਿਲਿਆ ਸੀ। ਇਸ ਨੇ ਹੋਰ ਫ਼ਿਲਮਾਂ ਜਿਵੇਂ ਦਾਜ, ਸੰਤੋ ਬੰਤੋ, ਸੁਖੀ ਪਰੀਵਾਰ, ਯਮਲਾ ਜੱਟ, ਅਤੇ ਪੁੱਤ ਜੱਟਾਂ ਦੇ ਆਦਿ ਫ਼ਿਲਮਾਂ ਵਿਚ ਵੀ ਗੀਤ ਗਾਏ।

ਨਰਿੰਦਰ ਬੀਬਾ ਆਪਣੇ ਬਹੁਤ ਸਾਰੇ ਗੀਤਾਂ ਦੇ ਸੰਗੀਤ ਨੂੰ ਅਲਗੋਜੇ ਨਾਲ ਸ਼ਿੰਗਾਰਿਆ ਹੈ। ਇਸ ਨਾਲ ਅਲਗੋਜਾ ਮਾਸਟਰ ਬੇਲੀ ਰਾਮ ਹੁੰਦਾ ਸੀ, ਜਿਸ ਨੇ ਨਰਿੰਦਰ ਬੀਬਾ ਦੀ ਗਾਇਕੀ ਦਾ ਸਾਰਾ ਸਮਾਂ ਹੀ ਲਗਭਗ 30 ਸਾਲ ਸਾਥ ਦਿੱਤਾ।

ਨਰਿੰਦਰ ਬੀਬਾ ਨੇ ਬਹੁਤ ਸਾਰੇ ਸੋਲੋ ਗੀਤ ਵੀ ਗਾਏ:-

--ਗੱਲ ਸੋਚ ਕੇ ਕਰੀ ਤੂੰ ਜੈਲਦਾਰਾ
ਅਸੀ ਨੀ ਕਨੌੜ ਝੱਲਣੀ

--ਕਾਹਨੂੰ ਮਾਰਦਾ ਚੰਦਰਿਆ ਛਮਕਾਂ ਮੈਂ ਕੱਚ ਦੇ ਗਲਾਸ ਵਰਗੀ

--ਪਾਸੇ ਹਟਜਾ ਜਾਲਮਾਂ ਪੰਜਾਬਣ ਜੱਟੀ ਆਈ

--ਲੁੱਟੇ ਗਏ ਵੈਰੀਆ ਨਾਗ ਲੜ ਵੇ ਗਿਆ

--ਗਲੀ ਗਲੀ ਵਣਜਾਰਾ ਫਿਰਦਾ ਵੰਗਾ ਵੇਚੇ ਕੱਚ ਦੀਆਂ

--ਹੱਥੀ ਤੋਰੇ ਸਜਣਾਂ ਨੂੰ ਨਾਲੇ ਯਾਦ ਕਰਾਂ ਨਾਲੇ ਰੋਵਾਂ

ਆਦਿ ਬਹੁਤ ਸਾਰੇ ਗੀਤ ਗਾਏ। ਨਰਿੰਦਰ ਬੀਬਾ ਨੇ ਦੀਪਕ ਜੈਤੋਈ ਦਾ ਲਿਖਿਆ ਗੀਤ 'ਆਹ ਲੈ ਮਾਏ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ'। ਅਜਿਹਾ ਗਾਇਆ ਅੱਜ ਵੀ ਗੀਤ ਦੀ ਸਰਦਾਰੀ ਹੈ ਅਤੇ ਨਰਿੰਦਰ ਬੀਬਾ ਦੀ ਯਾਦ ਦਿਵਾ ਦਿੰਦਾ ਹੈ। ਅੱਗੇ ਲੋਕ ਜਦ ਘਰਾਂ ਵਿਚ ਵਿਆਹ ਕਰਦੇ ਸਨ ਅਤੇ ਧੀ ਦੇ ਵਿਆਹ ਵੇਲੇ ਧੀ ਨੂੰ ਵਿਦਾਇਗੀ ਦਿੰਦੇ ਸਨ, ਉਸ ਵੇਲੇ ਵਾਜੇ ਵਾਲੇ ਇਹੀ ਗੀਤ ਦੀ ਤਰਜ਼ ਕੱਢ ਕੇ ਪਰਿਵਾਰ ਦੀਆਂ ਅੱਖਾਂ ਨਮ ਕਰ ਦਿੰਦੇ ਸਨ।

ਨਰਿੰਦਰ ਬੀਬਾ ਸਮਾਜ ਸੇਵਾ ਦੇ ਕੰਮ ਮੂਹਰੇ ਹੋ ਕੇ ਕਰਦੀ ਸੀ। ਜਿਵੇਂ ਗਰੀਬ ਲੜਕੀਆਂ ਦੇ ਵਿਆਹ ਕਰਨਾ ਗਰੀਬ ਬੱਚਿਆਂ ਦੀ ਮਦਦ ਕਰਨਾ।


ਇਕ ਵਿਦੇਸ਼ੀ ਏਜੰਟ ਨੇ ਨਰਿੰਦਰ ਬੀਬਾ ਕੋਲੋ ਮੋਟੇ ਪੈਸੇ ਠੱਗ ਲਏ ਸਨ। ਪੈਸਿਆਂ ਦਾ ਸਦਮਾ ਹੋਣ ਕਰਕੇ ਇਹ ਟੈਨਸ਼ਨ ਵਿਚ ਰਹਿਣ ਲੱਗ ਪਈ। ਇਹ ਹੀ ਟੈਨਸ਼ਨ ਇਸ ਦੀ ਮੌਤ ਦਾ ਕਾਰਨ ਬਣੀ। 27 ਜੂਨ, 1997 ਨੂੰ ਰਾਤ ਸਮੇਂ 57 ਸਾਲ ਦੀ ਉਮਰ ਵਿਚ ਇਹ ਸਾਡੇ ਕੋਲੋਂ ਸਦਾ ਲਈ ਵਿੱਛੜ ਗਈ।

# 'ਦਿਲਾਂ ਦੀ ਜੂਹ'

-ਸ਼ਿਵਚਰਨ ਜੱਗੀ ਕੁੱਸਾ
(Punjab Mail USA)



## ਕਾਂਡ ਪੰਜ




ਦੋ ਬੋਤਲਾਂ ਝੋਲ਼ੇ ਵਿਚ ਪਾ ਕੇ ਜੇਤੂ ਬਣਿਆਂ ਗਿੰਦਰ ਬੱਸ ਚੜ੍ਹ ਗਿਆ।

ਤੂੜੀ ਵਾਲ਼ੇ ਕੋਠੇ ਵਿਚ ਬੋਤਲਾਂ ਸੰਭਾਲ਼ ਗਿੰਦਰ ਘਰ ਆ ਗਿਆ।

ਸ਼ਾਮ ਕੌਰ ਮੱਥੇ 'ਤੇ ਹੱਥ ਰੱਖੀ ਦੁਬਿਧਾ ਜਿਹੀ ਵਿਚ ਗਿੰਦਰ ਨੂੰ ਹੀ ਉਡੀਕੀ ਜਾ ਰਹੀ ਸੀ।

ਗਿੰਦਰ ਨੂੰ ਦੇਖ ਕੇ ਉਸ ਦਾ ਚਿਹਰਾ ਖਿੜ ਗਿਆ।

-"ਕਿਉਂ..? ਬਣਿਆਂ ਕੰਮ..?"

-"ਆਹੋ..! ਬਣਨਾ ਕਿਉਂ ਨੀ ਸੀ...?"

-"ਸਹੁੰ ਭਾਈਆਂ ਦੀ, ਮੈਨੂੰ ਤਾਂ ਬਲ਼ਾਈ ਚਿੰਤਾ ਲੱਗੀ ਵੀ ਸੀ..! ਫ਼ਿਕਰ ਈ ਤੋੜ-ਤੋੜ ਖਾਈ ਜਾਂਦਾ ਸੀ..!"

-"ਮੈਂ ਪੱਚੀਆਂ ਦੀ ਬਾਤ ਪਾਈ, ਪਰ ਓਹਨੇ ਤਾਂ ਤੀਹ ਦੇ'ਤਾ..!"

-"ਮੈਂ ਕਿੰਨੀ ਆਰੀ ਆਖਦੀ ਹੁੰਨੀਂ ਆਂ ਬਈ ਆਪਣਾ ਕਮਲ਼ਿਆਂ-ਰਮਲ਼ਿਆਂ ਦਾ ਤਾਂ ਰੱਬ ਈ ਐ, ਔਹ ਲੀਲੀ ਛੱਤ ਆਲ਼ਾ ਮੇਰਾ ਮਾਲਕ..! ਕਦੇ ਸੰਗਰਾਂਦ 'ਤੇ ਵੀ ਗੁਰਦੁਆਰਾ ਸਾਹਿਬ ਜਾ ਕੇ ਮੱਥਾ ਨੀ ਟੇਕਿਆ, ਪਰ ਫ਼ੇਰ ਵੀ ਓਹੀ ਲਾਜ ਰੱਖਦੈ ਆਪਣੀ ਤਾਂ..!"

-"ਆਹ ਲੈ ਫ਼ੜ..! ਸੰਭਾਲ਼ ਕੇ ਰੱਖ ਦੇ..!" ਉਸ ਨੇ ਤੀਹ ਹਜ਼ਾਰ ਰੁਪਈਆ ਸ਼ਾਮ ਕੌਰ ਅੱਗੇ ਕੀਤਾ।

ਸ਼ਾਮ ਕੌਰ ਨੇ ਪੈਸੇ ਮੱਥੇ ਨੂੰ ਲਾਏ ਤੇ ਪੇਟੀ ਵੱਲ ਨੂੰ ਤੁਰ ਪਈ।

-"ਮੇਰਾ ਸਤਿਗੁਰੂ, ਧੰਨ ਗੁਰੂ ਨਾਨਕ ਪਾਤਿਸ਼ਾਹ ਈ ਲਾਜ ਰੱਖਦੈ, ਮੇਰੇ ਤਾਂ ਜਾਣੀਂਦੀ ਸਾਹ ਸੁੱਕੇ ਪਏ ਸੀ...!"

-"ਆਸ 'ਮੀਦ ਤਾਂ ਮੈਨੂੰ ਵੀ ਨੀ ਸੀ ਕੋਈ, ਪਰ ਮਾਂ ਦੇ ਪੁੱਤ ਨੇ ਇੱਕ ਵਾਰੀ ਵੀ ਨੀ ਅਖਵਾਇਆ, ਅੱਧ-ਬੋਲ ਪੈਸੇ ਕੱਢ ਕੇ ਹੱਥ 'ਤੇ ਧਰ'ਤੇ..!"

-"ਓਹੀ ਮੇਰਾ ਮਾਲਕ ਮਨ ਮਿਹਰ ਪਾਉਂਦੈ ਬੰਦੇ ਦੇ, ਰੱਬ ਕਿਸੇ ਨੇ ਅੱਖੀਂ ਥੋੜ੍ਹੋ ਦੇਖਿਐ..? ਉਹ ਵੀ ਬੰਦਿਆਂ ਵਿਚ ਦੀ ਆਉਂਦੈ ਮੇਰਾ ਧੰਨ ਗੁਰੂ ਨਾਨਕ ਪਾਤਿਸ਼ਾਹ..!"

-"ਜੇ ਅੱਖੀਂ ਦੇਖ ਲੈਣ, ਉਹਨੂੰ ਵੇਚ ਕੇ ਨਾ ਖਾ ਜਾਣ..!" ਗਿੰਦਰ ਹੱਸ ਪਿਆ। ਪਰ ਅੰਦਰੂਨੀ 'ਘਾਲ਼ੇ-ਮਾਲ਼ੇ' ਬਾਰੇ ਗਿੰਦਰ ਨੂੰ ਕੋਈ ਗਿਆਨ ਨਹੀਂ ਸੀ, ਜੋ ਸੇਠ ਨੇ ਉਸ ਨਾਲ਼ ਕੀਤਾ ਸੀ। ਅੱਠ ਰੁਪਏ ਵਿਆਜ਼ ਅਤੇ ਰਕਮ ਨਾ ਮੋੜਨ ਦੀ ਸੂਰਤ ਵਿਚ ਜ਼ਮੀਨ ਦੇ ਕਿੱਲੇ ਉਪਰ ਕਬਜ਼ਾ!

-"ਧੰਨ ਐਂ ਸੱਚੇ ਪਾਤਸ਼ਾਹ ਤੂੰ..! ਇੱਜਤ ਰੱਖ'ਲੀ ਸਾਡੀ ਗਰੀਬਾਂ ਦੀ..!" ਉਸ ਨੇ ਪੇਟੀ ਵਿਚ ਪੈਸੇ ਰੱਖ ਕੇ ਧੰਨ ਗੁਰੂ ਨਾਨਕ ਪਾਤਿਸ਼ਾਹ ਦੀ ਫ਼ੋਟੋ ਅੱਗੇ ਨਮਸਕਾਰ ਕੀਤੀ।

ਬੋਤਲਾਂ ਵਾਲ਼ੀ ਗੱਲ ਗਿੰਦਰ ਨੇ ਗੁਪਤ ਹੀ ਰੱਖੀ।

-"ਮੈਂ ਹੁਣ ਖੇਤ ਗੇੜਾ ਕੱਢ ਆਵਾਂ..!" ਪੈਸੇ ਦੇ ਫ਼ਿਕਰ ਵੱਲੋਂ ਸੁਰਖ਼ਰੂ ਹੋਇਆ ਉਹ ਖੇਤ ਗੇੜਾ ਦੇਣ ਦੇ ਬਹਾਨੇ ਕੇਹਰੇ ਕੋਲ਼ ਨੂੰ ਤੁਰ ਗਿਆ। ਸਵੇਰ ਵਾਲ਼ੀ ਖੁੱਲ੍ਹੀ ਬੋਤਲ ਉਸ ਦੇ ਕੁਤਕੁਤੀਆਂ ਕੱਢੀ ਜਾ ਰਹੀ ਸੀ। ਕੇਹਰੇ ਨਾਲ਼ ਉਸ ਦਾ ਹਿਸਾਬ ਹਾੜ੍ਹੀ ਸਾਉਣੀ ਦਾ ਹੀ ਚੱਲਦਾ ਸੀ।

ਕੇਹਰਾ ਘਰ ਹੀ ਸੀ।

-"ਕਿਉਂ...? ਬਣਿਆਂ ਕੰਮ..?" ਕੇਹਰੇ ਨੇ ਸਵੇਰ ਵਾਲ਼ੀ ਬੋਤਲ ਕੱਢ ਕੇ ਅੱਗੇ ਰੱਖਦਿਆਂ ਕਿਹਾ।

-"ਤੇਰੀ ਭਰਜਾਈ ਹਰ ਗੱਲ ਨਾਲ ਕਹਿੰਦੀ ਹੁੰਦੀ ਐ, ਬਈ ਕਮਲ਼ੇ ਰਮਲ਼ਿਆਂ ਦਾ ਰੱਬ ਹੁੰਦੈ..! ਡਰ ਤਾਂ ਮੈਨੂੰ ਬਾਣੀਆਂ ਜ਼ਾਤ ਤੋਂ ਬਥੇਰਾ ਸੀ, ਪਰ ਪਤਾ ਨੀ ਕੀ ਮਨ ਮਿਹਰ ਪਈ, ਫ਼ੱਟ ਪੈਸੇ ਕੱਢ ਕੇ ਫ਼ੜਾ ਦਿੱਤੇ..!" ਉਸ ਨੇ ਪੈਗ ਪਾ ਕੇ ਧਰਤੀ ਨੂੰ ਛਿੱਟਾ ਦਿੱਤਾ ਅਤੇ ਇੱਕੋ ਲਗਤ ਅੰਦਰ ਸੁੱਟਿਆ। ਦੇਸੀ ਦਾਰੂ ਗਰਮ ਲੀਕ ਜਿਹੀ ਪਾਉਂਦੀ ਥੱਲੇ ਉਤਰੀ ਸੀ।

-"ਵਿਆਜ-ਵੂਜ ਠੀਕ ਲਾਇਆ..?" ਕੇਹਰੇ ਨੇ ਤੁੱਕਿਆਂ ਦੇ ਅਚਾਰ ਦੀ ਕੌਲੀ ਅੱਗੇ ਕਰਦਿਆਂ ਪੁੱਛਿਆ।

-"ਭੈਣ ਦੇ ਅੜੰਗੇ 'ਚ ਵੜੇ ਵਿਆਜ..! ਇੱਕ ਆਰੀ ਧੀ-ਧਿਆਣੀਂ ਨੂੰ ਘਰੋਂ ਤੋਰਨ ਦਾ ਕੰਮ ਸਰ'ਜੂ..! ਬਾਕੀ ਜੋ ਹੋਊ, ਦੇਖੀ ਜਾਊ, ਜ਼ਿੰਮੇਵਾਰੀ ਤੋਂ ਤਾਂ ਫ਼ਾਰਿਗ ਹੋਈਏ ਇੱਕ ਵਾਰੀ..! ਪੰਜ ਪਾਂਜੇ ਤਾਂ ਮੇਰੇ ਸਹੁਰੇ ਪੂਰੇ ਈ ਨੀ ਹੋਣੇ..!" ਉਸ ਨੇ ਅਚਾਰੀ ਤੁੱਕਾ ਮੂੰਹ ਵਿਚ ਪਾਇਆ। ਕੋਹੜ ਕਿਰਲ਼ੇ ਜਿੱਡਾ ਤੁੱਕਾ ਉਸ ਦੇ ਮੂੰਹ ਵਿਚ ਨਾਚ ਕਰਨ ਲੱਗ ਪਿਆ।

-"..............।" ਕੇਹਰਾ ਚੁੱਪ ਵੱਟ ਗਿਆ।

ਉਹ ਸੋਚ ਰਿਹਾ ਸੀ ਕਿ ਜ਼ਿਮੀਂਦਾਰ ਆਪਣੇ ਆਪ ਅਤੇ ਜਾਇਦਾਦ ਪ੍ਰਤੀ ਕਿੰਨੇ ਲਾਪ੍ਰਵਾਹ ਅਤੇ ਅਵੇਸਲ਼ੇ ਹਨ, ਬਾਣੀਏਂ ਦੇ ਕਰਜ਼ੇ ਅਤੇ ਵਿਆਜ਼ ਨੂੰ ਕਦੇ ਗੰਭੀਰਤਾ ਨਾਲ਼ ਨਹੀਂ ਲੈਂਦੇ, ਇਸੇ ਲਈ ਜੱਟ ਦੀ ਕੋਈ ਵੀ ਪੀੜ੍ਹੀ ਕਰਜ਼ੇ ਤੋਂ ਮੁਕਤ ਨਹੀਂ ਹੋਈ...। ਬਾਣੀਆਂ ਜ਼ਾਤ ਕਾਰੋਬਾਰ, ਵਿਵਹਾਰ ਅਤੇ ਲਾਭ-ਹਾਨੀ ਨੂੰ ਮੁੱਖ ਰੱਖ ਕੇ ਤੁਰਦੀ ਹੈ, ਜਿਸ ਕਰਕੇ ਮੰਜੇ ਜਿੰਨੀ ਜਗਾਹ ਵਿਚ ਪਾਈ ਦੁਕਾਨ ਤੋਂ ਸਾਰਾ ਟੱਬਰ ਹਰ ਖ਼ਾਹਿਸ਼ ਪੂਰੀ ਕਰਦਾ ਰਹਿੰਦਾ ਹੈ...। ਪਰ ਦੂਜੇ ਪਾਸੇ ਜੱਟ ਦਸਾਂ ਕਿੱਲਿਆਂ ਦਾ ਮਾਲਕ ਹੋਣ ਦੇ ਬਾਵਜੂਦ ਵੀ ਸਾਰੀ ਉਮਰ ਕਰਜ਼ੇ ਦਾ ਜੂਲ਼ਾ ਧੌਣ ਤੋਂ ਨਹੀਂ ਲਾਹ ਸਕਦਾ...। ਵੈਸੇ ਜੱਟ ਰੱਬ ਨੂੰ 'ਟੱਬ' ਦੱਸਣ ਵਿਚ ਮਸ਼ਹੂਰ ਹੈ, ਪਰ ਜਦ ਅਜਿਹੇ ਹਿਸਾਬ-ਕਿਤਾਬ ਦੀ ਗੱਲ ਆਉਂਦੀ ਹੈ, ਤਾਂ ਆਪ ਸੁਰਖ਼ਰੂ ਹੋਣ ਵਾਸਤੇ ਆਖ ਦਿੰਦਾ ਹੈ, "ਉਤੇ ਰੱਬ ਦੇਂਹਦੈ..! ਜੇ ਕੋਈ ਆਪਣੇ ਨਾਲ਼ ਕਰੂ, ਆਪੇ ਰੱਬ ਸਜ਼ਾ ਦਿਊ..!"

-"ਕਿਹੜੀਆਂ ਉਧੇੜਬੁਣ 'ਚ ਫ਼ਸ ਗਿਆ..? ਚੱਕ, ਲਾ ਪੇਕ..!" ਗਿੰਦਰ ਨੇ ਬੋਤਲ ਕੇਹਰੇ ਨੂੰ ਫ਼ੜਾਉਣੀ ਚਾਹੀ।

-"ਨਹੀਂ..! ਮੈਂ ਨੀ ਅਜੇ ਲਾਉਣੀਂ..! ਕੁੜੀ ਤੇ ਜੁਆਈ ਨੇ ਆਉਣੈਂ..!"

-"ਗਿਆਨੀ ਨੇ ਜੰਨ ਜਾਣ ਵਾਸਤੇ ਨੀ ਕਿਹਾ ਤੈਨੂੰ..?" ਗਿੰਦਰ ਨੇ ਅਗਲਾ ਪੈਗ ਪਾ ਕੇ ਪੁੱਛਿਆ।

-"ਕਿਹੜੇ ਗਿਆਨੀ ਨੇ..?"

-"ਗਿਆਨੀ, ਜਗਦੇਵ ਨੇ...!"

-"ਅਜੇ ਤੱਕ ਤਾਂ ਕਿਹਾ ਨੀ...! ਹੋ ਸਕਦੈ ਕਹਿ ਦੇਵੇ ਇੱਕ ਅੱਧੇ ਦਿਨ 'ਚ..!"

-"ਮੇਰੇ ਕੋਲ਼ ਵੀ ਰਾਤ ਈ ਆਇਆ ਸੀ..!"

-"ਨਹੀਂ ਟੈਮ ਲੱਗਿਆ ਹੋਣਾਂ..! 'ਕੱਲਾ ਬੰਦਾ ਕਿੱਧਰ ਕਿੱਧਰ ਹੋਵੇ..?"

-"ਨਾਲ਼ੇ ਵਿਆਹ ਦੇ ਝਮੇਲੇ ਕਿਹੜਾ ਥੋੜ੍ਹੇ ਹੁੰਦੇ ਐ..? ਅੱਡੀਆ ਚੱਕ ਕੇ ਫ਼ਾਹਾ ਤਾਂ ਜਨਤਾ ਲਈ ਜਾਂਦੀ ਐ..!"

-"ਪਰ ਫ਼ਾਹਾ ਲੈਣਾਂ ਪੈਂਦੈ, ਗਿੰਦਰਾ..! ਮਾਰੀ ਤਾਂ ਆਪਣੀ ਜਨਤਾ ਨੱਕ ਦੀ ਪਈ ਐ..! ਖਸਮਾਂ ਨੂੰ ਖਾਣੇਂ ਨਕੌੜੇ ਕਰ ਕੇ ਅੱਡੀਆਂ ਚੱਕ-ਚੱਕ ਫ਼ਾਹਾ ਲਈ ਜਾਂਦੇ ਐ, ਤੇ ਫ਼ੇਰ ਜਦੋਂ ਕਰਜ਼ੇ ਦੀ ਗੱਲ ਵਿਤੋਂ ਬਾਹਰ ਹੋ ਜਾਂਦੀ ਐ ਤਾਂ ਫ਼ੇਰ ਗਲ਼ 'ਚ ਰੱਸਾ ਪਾ ਕੇ ਆਪ ਤਾਂ ਫ਼ਾਹਾ ਲੈ ਲੈਂਦੇ ਐ, ਤੇ ਭੁਗਤਦੀ ਐ ਅਗਲੀ ਪੀੜ੍ਹੀ..!"

-"ਗੱਲ ਤਾਂ ਤੇਰੀ ਸਹੀ ਐ, ਕੇਹਰਿਆ..! ਆਹ ਮੇਰੇ ਵੱਲੀਂ ਦੇਖ'ਲੈ..! ਜੇਬ 'ਚ ਆਨਾਂ ਨੀ, ਤੇ ਬਾਣੀਏਂ ਤੋਂ ਫ਼ੜ-ਫ਼ੜ ਫ਼ੇਰ ਵੀ ਲਾਉਣ ਨੂੰ ਤਿਆਰ ਬੈਠੇ ਐਂ..! ਕੁਛ ਨੀ ਸਾਲ਼ੀ ਜੱਟ ਦੀ ਜੂਨ..! ਤੰਗੀਆਂ ਤਰੁਸ਼ੀਆਂ 'ਚ ਈ ਜੱਟ ਜੰਮਦੈ, ਤੇ ਨੰਗ-ਭੁੱਖ ਨਾਲ਼ ਘੁਲ਼ਦਾ ਈ ਮਰ ਜਾਂਦੈ..!" ਉਸ ਨੇ ਦਾਰੂ ਦਾ ਪੈੱਗ ਜਾੜ੍ਹ ਘੁੱਟ ਕੇ ਅੰਦਰ ਸੁੱਟਿਆ।

-"ਮੈਂ ਚੱਲਦੈਂ ਹੁਣ..!"

-"ਆਹ ਬਚਦੀ ਬੋਤਲ ਤਾਂ ਨਾਲ਼ ਲੈਂਦਾ ਜਾਹ...!" ਕੇਹਰੇ ਨੇ ਬੋਤਲ ਗਿੰਦਰ ਹੱਥ ਦੇ ਦਿੱਤੀ।

-"ਓਏ ਇਹ ਕਿਹੜਾ ਸੁਹਾਗਾ ਐ, ਬਈ ਮੋਢਿਆਂ 'ਤੇ ਚੱਕਣਾ ਪਊ..? ਇਹ ਤਾਂ ਕਰਮਾਂ ਆਲ਼ੀ ਚੱਕ ਕੇ ਨੇਫ਼ੇ 'ਚ ਈ ਤੁੰਨ ਲੈਣੀਂ ਐਂ..! ਲੈ, ਟੰਗੀ ਗਈ..!"

-"ਹੋਰ ਕੁਛ ਜੱਟ ਨੂੰ ਆਵੇ, ਚਾਹੇ ਨਾ ਆਵੇ..! ਬੋਤਲ ਤੇ ਪਸਤੌਲ ਡੱਬ 'ਚ ਟੰਗਣ ਦਾ ਬੜਾ ਢੰਗ ਬੜਾ ਆਉਂਦੈ..!"

ਕੇਹਰੇ ਦੀ ਗੱਲ 'ਤੇ ਗਿੰਦਰ ਉੱਚੀ-ਉੱਚੀ ਹੱਸ ਪਿਆ।

ਜਦ ਗਿੰਦਰ ਤੁਰਨ ਲੱਗਿਆ ਤਾਂ ਨਸ਼ੇ ਕਾਰਨ ਸਰੀਰ ਡੋਲ ਗਿਆ।

-"ਬਚ ਕੇ ਮੋੜ ਤੋਂ..! ਤੂੰ ਤਾਂ ਤਿੰਨ ਪਿੱਗਾਂ ਨਾਲ਼ ਈ ਬਲ਼ਦ ਮੂਤਣੀਆਂ ਪਾਉਣ ਲੱਗ ਪਿਆ..!"

-"ਕੰਜਰਾਂ ਦੀ ਖੱਟਰ ਬੜੀ ਐ, ਪਤਾ ਨੀ ਕੀ ਸੈਂਖੀਆ ਪਾਉਨੈਂ ਖਸਮਾਂ..!"

ਕੇਹਰਾ ਮੁੜ ਹੱਸ ਪਿਆ।

ਆਥਣੇਂ ਜਦ ਗਿੰਦਰ ਘਰ ਪਹੁੰਚਿਆ ਤਾਂ ਉਸ ਦਾ ਸਾਲ਼ਾ ਫ਼ੇਰ ਆਇਆ ਬੈਠਾ ਸੀ।

-"ਓਏ ਆ ਬਈ ਨਾਜਰ ਸਿਆਂ...! ਸਰਬੰਧੀਆ ਹੁਣ ਕੀ ਖ਼ਬਰ ਲੈ ਕੇ ਆਇਐਂ..?" ਦਾਰੂ ਪੀਤੀ ਹੋਣ ਕਰ ਕੇ ਗਿੰਦਰ ਗੜ੍ਹਕੇ ਨਾਲ਼ ਗੱਲ ਕਰ ਰਿਹਾ ਸੀ।

-"ਨਾ ਚਾਹ ਨਾ ਪਾਣੀਂ, ਤੇਰੇ ਵਰਗਾ ਨੰਗ ਪ੍ਰਾਹੁਣਾ ਵੀ ਨਾ ਹੋਵੇ..!"

-"ਬੁੜ੍ਹੀਆਂ ਮਾਂਗੂੰ ਮਿਹਣੇਂ ਜੇ ਨਾ ਮਾਰ..! ਨੀਤ ਦੇ ਜਮਾਂ ਨੰਗ ਨੀ, ਜੇ ਆਖੇਂ ਤਾਂ ਮੂੰਹ ਕੌੜਾ ਵੀ ਕਰਵਾ ਦਿਆਂਗੇ...! ਬੱਸ ਆਬਦੀ ਭੈਣ ਤੋਂ ਆਗਿਆ ਲੈ ਦੇ..! ਇਹੀ ਅੱਕੀ ਬਾਂਦਰੀ ਮਾਂਗੂੰ ਘਰੂਟ ਮਾਰਨ ਆਉਂਦੀ ਐ ਕਦੇ-ਕਦੇ, ਮੈਂ ਤਾਂ ਲਾ ਦਿਊਂਗਾ ਅਸਮਾਨ ਨੂੰ ਟਾਕੀ....!"

-"ਜੀਭ ਤਾਂ ਭਰਾਵਾ ਇਹਦੀ ਆਬਦੀ ਮੂਤਦੀ ਹੁੰਦੀ ਐ, ਬਹਾਨਾ ਬਣਾ ਲੈਂਦੈ ਅਗਲੇ ਦਾ..! ਖੇਖਣ ਹੱਥਾ..!"

-"ਲੈ...! ਕਰ'ਲਾ ਘਿਉ ਨੂੰ ਭਾਂਡਾ..! ਮੁਰਦੇ ਮਾਂਗੂੰ ਬੋਲ ਕੇ ਪਾੜਦੀ ਐ ਨ੍ਹਾਂ ਖੱਫ਼ਣ..?" ਗਿੰਦਰ ਉੱਚੀ-ਉੱਚੀ ਹੱਸ ਪਿਆ।

-"ਜਿੰਨਾਂ ਚਿਰ ਤੂੰ ਨੀ ਬਹਿਬਤਾਂ ਕਰਨੋਂ ਹਟਦਾ, ਮੈਂ ਤਾਂ ਖੱਫਣ ਈ ਪਾੜੂੰ...!" ਸ਼ਾਮ ਕੌਰ ਬੋਲੀ।

-"ਦੇਖ ਲਿਆ ਤਮਾਸ਼ਾ ਨਾਜਰਾ..? ਦੂਜਿਆਂ ਨੂੰ ਭੰਡਣਾ ਤਾਂ ਇਹਦਾ ਪਹਿਲਾ ਕੰਮ ਐਂ, ਬਾਈ...! ਇਹ ਤਾਂ ਮੈਂ ਈ ਆਂ, ਜਿਹੜਾ ਇਹਦੇ ਡੈਣ ਨਾਲ਼ ਕੱਟਦਾ ਆਉਨੈਂ, ਕੋਈ ਹੋਰ ਹੁੰਦਾ, ਹੁਣ ਨੂੰ ਲਟੈਣ ਨਾਲ਼ ਲਮਕਿਆ ਹੁੰਦਾ..!"

-"ਗਿੰਦਰ ਸਿਆਂ, ਜਿਨ੍ਹਾਂ ਨੇ ਕੁਛ ਕਰਨਾ ਹੁੰਦੈ, ਓਹ ਆਰ ਦੇਖਦੇ ਐ, ਨਾ ਪਾਰ, ਅਗਲੇ ਪਾਧਾ ਨੀ ਪੁੱਛਦੇ, ਤੇ ਤੂੰ ਤਾਂ ਸਲਾਹਾਂ 'ਚ ਈ ਤੇਲ ਫ਼ੂਕੀ ਜਾਨੈਂ..!" ਨਾਜਰ ਨੇ ਠੂਣਾਂ ਗਿੰਦਰ ਸਿਰ ਹੀ ਭੰਨਿਆਂ।

-"ਚੋਭਾਂ ਤੇਰੀਆਂ ਵੀ ਕੁਪੱਤੀ ਸੱਸ ਆਲ਼ੀਐਂ...! ਦੋਨੋਂ ਭੈਣ-ਭਰਾ ਇੱਕ-ਦੂਜੇ ਤੋਂ ਚੜ੍ਹਦੇ ਚੰਦ ਐਂ, ਘੱਟ ਕੋਈ ਵੀ ਨੀ, ਡੰਗ ਠੂੰਹੇਂ ਮਾਂਗੂੰ ਇੱਕੋ ਜਿਆ ਮਾਰਦੇ ਐਂ..!" ਉਹ ਬਾਂਦਰ ਵਾਂਗ ਲਾਚੜਿਆ ਘਰ ਦੇ ਪਿਛਲੇ ਪਾਸੇ, ਤੂੜੀ ਵਾਲ਼ੇ ਅੰਦਰ ਚਲਿਆ ਗਿਆ। ਉਸ ਨੇ ਦੇਸੀ ਦੀ ਬਚੀ ਬੋਤਲ ਤੂੜੀ ਵਿਚ ਦੇ ਦਿੱਤੀ ਅਤੇ ਸੇਠ ਵਾਲ਼ੀ ਬੋਤਲ ਚੁੱਕ, ਝੱਟ ਖੋਟੇ ਪੈਸੇ ਵਾਂਗ ਮੁੜ ਆਇਆ। ਨਾਜਰ ਆਇਆ ਕਰਕੇ ਉਸ ਨੂੰ ਪੀਣ ਦਾ ਅੱਜ ਫ਼ਿਰ ਬਹਾਨਾ ਮਿਲ਼ ਗਿਆ ਸੀ। ਅੱਜ ਫ਼ਿਰ ਖੁੱਲ੍ਹੀ ਖੇਡ ਹੋ ਗਈ ਸੀ।

-"ਲਿਆ ਦਾਲ਼ ਸਬਜ਼ੀ ਲਿਆ ਕੋਈ...! ਅਸੀਂ ਮਿਹਣੇਂ ਨੂੰ ਥਾਂ ਥੋੜ੍ਹੋ ਕਰਨੀ ਐਂ..? ਇਹ ਤਾਂ ਮਿਹਣਾ ਵੀ ਬਨੇਰੇ-ਤੋੜ ਮਾਰਦੈ..!" ਸੀਲ ਤੋੜ ਕੇ ਜੜਾਕਾ ਸੁਣਿਆਂ ਤਾਂ ਗਿੰਦਰ ਦਾ ਦਿਲ ਠਰ ਗਿਆ ਅਤੇ ਅੰਦਰ ਕਿਸੇ ਸਕੂਨ, ਕਿਸੇ ਤਸੱਲੀ ਨਾਲ਼ ਭਰ ਗਿਆ।

-"ਆਹ ਸਬਜ਼ੀ ਲੈ'ਜੀਂ ਬਾਈ ਨਾਜਰਾ..!" ਸ਼ਾਮ ਕੌਰ ਨੇ ਬਾਟੀ ਵਿਚ ਗੋਭੀ ਦੀ ਸਬਜ਼ੀ ਪਾ ਕੇ ਕੰਧੋਲ਼ੀ 'ਤੇ ਰੱਖ ਦਿੱਤੀ, "ਬਾਟੀ ਤੱਤੀ ਬਾਹਲ਼ੀ ਐ, ਕਿਤੇ ਹੱਥ ਨਾ ਬਾਲ਼ ਲਈਂ..!"

-"ਜਮਾਂ ਨੀ ਬਾਲ਼ਦਾ ਹੱਥ..! ਤੂੰ ਇਹਨੂੰ ਨਿਆਣਾਂ ਸਮਝਦੀ ਐਂ...? ਇਹ ਤਾਂ ਥਰਮਾਮੀਟਰ ਮਾਂਗੂੰ ਦੂਰੋਂ ਈ ਗਰਮੀ ਦੀ ਮਿਣਤੀ ਦੱਸਦੈ...!"

-"ਤੈਨੂੰ ਤਾਂ ਚਾਹੇ ਹੁਣ ਗੁੜ ਆਲ਼ੇ ਕੜਾਹੇ 'ਚ ਸਿੱਟ ਦੇਈਏ, ਤੈਨੂੰ ਤਾਂ ਉਹ ਵੀ ਤੱਤਾ ਨੀ ਲੱਗਣਾ..!" ਨਾਜਰ ਆਪਣੀ ਵਾਰੀ ਲੈ ਗਿਆ।

-"ਥੋਡੇ ਦੋਵਾਂ ਭੈਣ-ਭਰਾਂਵਾਂ 'ਚੋਂ ਕੋਈ ਵੀ ਘੱਟ ਨੀ, ਦੋਵੇਂ ਈ ਬੱਤੀ ਕਲਾਂ ਸੰਪੂਰਨ ਐਂ...! ਜਦੋਂ ਗੱਲ ਕਰਦੇ ਐਂ, ਮੂੰਹੋਂ ਲਾਟ ਈ ਕੱਢਦੇ ਐਂ..!" ਉਸ ਨੇ ਦਾਰੂ ਗਿਲਾਸਾਂ ਵਿਚ ਉਲ਼ੱਦ ਲਈ।

-"ਕਲਾ ਤਾਂ ਸੋਲ਼ਾਂ ਈ ਸੁਣੀਆਂ ਸੀ, ਤੂੰ ਬੱਤੀ ਦੱਸਦੈਂ...?"

-"ਸੋਲ਼ਾਂ ਤੇਰੀਆਂ ਤੇ ਸੋਲ਼ਾਂ ਇਹਦੀਆਂ, ਬੱਤੀ ਨੀ ਹੋਈਆਂ...?"

ਸਾਰੇ ਹੱਸ ਪਏ।

-"ਲੈ ਚੱਕ ਬਾਈ ਨਾਜਰਾ..!"

ਉਨ੍ਹਾਂ ਨੇ ਗਿਲਾਸ ਖਾਲੀ ਕਰ ਦਿੱਤੇ।

-"ਓਏ ਆਹ ਸਬਜ਼ੀ ਅਸੀਂ ਬੁੱਕਾਂ ਨਾਲ਼ ਖਾਣੀਂ ਐਂ...? ਕੋਈ ਚਮਚਾ ਚੁਮਚਾ ਵੀ ਦੇਹ..!"

ਸ਼ਾਮ ਕੌਰ ਦੋ ਚਮਚੇ ਫ਼ੜਾ ਗਈ।

-"ਅੱਜ ਕਿਵੇਂ ਦਰਸ਼ਣ ਦਿੱਤੇ..?" ਉਸ ਨੇ ਸਬਜ਼ੀ ਦਾ ਚਮਚਾ ਮੂੰਹ ਵਿਚ ਪਾਉਂਦਿਆਂ ਪੁੱਛਿਆ।

-"ਗਿੰਦਰ ਸਿਆਂ...! ਹਾਸੇ ਨਾਲ਼ ਤਾਂ ਰਿਹਾ ਹਾਸਾ..! ਪਰ ਛੋਟੀ ਭਰਜਾਈ ਨੇ ਬੜਾ ਵੰਝ 'ਤੇ ਚਾੜ੍ਹਨਾ ਲਿਐ..!"

-"ਕੀ ਹੋ ਗਿਆ...?"

-"ਸਾਲ਼ੀ ਗਲ਼ ਥਾਣੀਂ ਪਜਾਮਾਂ ਲਾਹੁੰਦੀ ਐ..!"

ਗਿੰਦਰ ਹੱਸ ਪਿਆ।

-"ਪਤੰਦਰੋ ਖਾਂਦੇ ਪਤਾ ਨੀਂ ਕੀ ਐਂ, ਅੱਗ ਈ ਕੱਢਦੇ ਐਂ ਮੂੰਹੋਂ..! ਕੋਈ ਗੱਲ ਤਾਂ ਦੱਸ, ਬਾਹਲ਼ਾ ਈ ਅੱਕਿਆ ਪਿਐਂ..?"

-"ਨਹੀਂ ਗਿੰਦਰ ਸਿਆਂ...! ਜੋ ਤਨ ਲੱਗੀਆਂ ਸੋਈ ਜਾਣੇ..! ਹੁਣ ਤਾਂ ਸਹੁਰੀ ਨੇ ਬਹੁਤੀ ਈ ਅੱਤ ਚੱਕ'ਲੀ..! ਜਿਉਣਾ ਦੁੱਭਰ ਕੀਤਾ ਪਿਐ..!"

-"ਚੰਗਾ..! ਗਧੇ ਮਾਂਗੂੰ ਹੀਂਗਣਾਂ ਬੰਨ੍ਹੀ ਰੱਖ, ਗੱਲ ਨਾ ਕੋਈ ਦੱਸੀਂ..! ਤਾਂਹੀਂ ਤਾਂ ਲੋਕ ਥੋਨੂੰ ਊਤਾਂ ਦਾ ਲਾਣਾਂ ਕਹਿੰਦੇ ਐ..!"

-"ਯਾਰ ਸਾਨੂੰ ਪਲਾਟ ਨੀ ਸੀ ਆਇਆ ਬਾਹਰਲਾ..? ਵੰਡਾਈ 'ਚ..?"

-"ਆਹੋ..! ਆਇਆ ਸੀ..!"

-"ਅਸੀਂ ਸੋਚਿਆ ਬਈ ਅੰਦਰਲਾ ਘਰ ਪਸ਼ੂਆਂ ਵਾਸਤੇ ਰੱਖ ਲਵਾਂਗੇ, ਤੇ ਪਲਾਟ 'ਚ ਵਸੋਂ ਜੋਗਾ ਮਕਾਨ ਛੱਤ ਲਵਾਂਗੇ..! ਸਾਲ਼ੀ ਉਸ ਪਲਾਟ 'ਚੋਂ ਰੂੜੀ ਨੀ ਚੱਕਦੀ..! ਮੈਂ ਪੈਂਤੀ ਆਰੀ ਕਿਹਾ ਹੋਊਗਾ..!"

-"ਕੀ ਕਹਿੰਦੀ..?"

-"ਬੱਸ, ਗੌਂਗਾ ਈ ਨੀ ਗੌਲ਼ਦੀ..!"

-"ਜਾਗਰ ਨੂੰ ਆਖਣਾਂ ਸੀ..!"

-"ਓਏ ਉਹਨੂੰ ਵੀ ਕੀਤਾ ਸੀ ਪੁੜਪੁੜੀਆਂ ਦਾ ਭੇੜ੍ਹ, ਸਾਲ਼ਾ ਜਮਾਂ ਈ ਸੁੱਸਰੀ ਐ..! ਸਾਹ ਨੀ ਕੱਢਦਾ ਓਸ ਮਾਂ ਮੂਹਰੇ..! ਭੋਰਾ ਨੀ ਕੁਸਕਦਾ..!"

-"............।" ਗਿੰਦਰ ਚੁੱਪਚਾਪ ਪੈੱਗ ਪਾਉਣ ਲੱਗ ਪਿਆ।

-"ਮੈਨੂੰ ਲੱਗਦੈ ਉਹਨੂੰ ਸਾਲ਼ੀ ਨੂੰ ਗੁੱਗਲ਼ ਦੀ ਧੂਣੀਂ ਦੇਣੀਂ ਪੈਣੀ ਐਂ..!"

-"ਆਹੋ, ਟੀਕੇ ਆਲ਼ੀ ਮੱਝ ਥਾਪੀ ਨਾਲ਼ ਥੋੜ੍ਹੋ ਧਾਰ ਦਿੰਦੀ ਐ..? ਉਹਨੂੰ ਤਾਂ ਆਬਦੀ ਟੀਕੇ ਆਲ਼ੀ ਖ਼ੁਰਾਕ ਚਾਹੀਦੀ ਐ..!" ਗਿੰਦਰ ਨੇ ਪੈੱਗ ਪਾ ਕੇ ਗਿਲਾਸ ਨਾਜਰ ਨੂੰ ਫ਼ੜਾ ਦਿੱਤਾ, "ਗਾਂਧੀ ਤੂੰ ਬਣਿਆਂ ਰਹਿੰਨੈ..? ਪਾ ਦੇਣੇ ਸੀ ਚਿੱਬ ਬੱਖੀਆਂ 'ਚ, ਤੱਕਲ਼ੇ ਮਾਂਗੂੰ ਸਿੱਧੀ ਹੋ ਜਾਂਦੀ..!"

-"ਹੁਣ ਤੂੰ ਮੱਚਦੀ ਅੱਗ 'ਤੇ ਫ਼ੂਸ ਨਾ ਪਾਅ..! ਰਹਿਣ'ਦੇ ਭਰਾਂਵਾਂ 'ਚ ਏਕਾ..! ਜਾਣ ਦੇ ਇਸ ਗੱਲ ਨੂੰ...!"

-"ਲੈ...! ਕਰ ਝੋਲ਼ੀ ਅੱਗੇ...! ਆਬਦੀ ਭੈਣ ਜੀ ਤੋਂ ਪੁਆ ਨੇਕ ਸਲਾਹਾਂ ਦੀ ਖ਼ੈਰ..!" ਗਿੰਦਰ ਨੇ ਵਿਅੰਗਮਈ ਆਖਦਿਆਂ ਗਿਲਾਸ ਖਾਲੀ ਕਰ ਦਿੱਤਾ।

-"ਮੈਂ ਤੇਰੇ ਅਰਗੀ ਵੀ ਯਧ-ਕਮਲ਼ੀ ਨੀ ਦੇਖੀ, ਸ਼ਾਮੋਂ..!" ਨਾਜਰ ਖਿਝ ਗਿਆ, "ਅਗਲੇ ਤੇਰੀ ਭਾਬੀ ਦੀ ਤੰਬੀ ਭਰਾੜ ਕਰਨ ਤੱਕ ਜਾਂਦੇ ਐ, ਤੇ ਤੂੰ ਸ਼ਾਂਤੀ ਸੰਮੇਲਨ ਵਾਲ਼ਿਆਂ ਵਾਂਗੂੰ ਸ਼ਾਂਤੀ-ਸ਼ਾਂਤੀ ਰਟੀ ਚੱਲ..!" ਨਾਜਰ ਨੇ ਵੀ ਅੱਖਾਂ ਮੀਟ ਕੇ ਦਾਰੂ ਅੰਦਰ ਸੁੱਟ ਲਈ।

-"ਕਿਤੇ ਗਾਂਧੀ ਮਾਂਗੂੰ ਮਰਨ ਵਰਤ 'ਤੇ ਨਾ ਬਹਿ'ਜੇ, ਇਹਦਾ ਅੱਜ-ਕੱਲ੍ਹ ਕੋਈ 'ਤਬਾਰ ਨੀ..!" ਗਿੰਦਰ 'ਖ਼ੀਂ-ਖ਼ੀਂ' ਕਰ ਕੇ ਹੱਸਿਆ।

-"ਸ਼ਾਂਤੀ ਨਾਲ਼ ਦੀ ਰੀਸ ਨੀ ਭਰਾਵਾ, ਨਾਜਰਾ..! ਇਹ ਤਾਂ ਘੋਟਣਾਂ ਖੜਕਾਊ ਟੱਬਰ ਐ, ਇਹਦੀ ਗੱਲ 'ਤੇ ਬਾਹਲ਼ਾ ਕੰਨ ਨਾ ਧਰਿਆ ਕਰ, ਇਹ ਤਾਂ ਡਹਾ ਕੇ ਮਰਵਾਊ ਥੋਨੂੰ ਭਰਾਵਾਂ ਨੂੰ..!" ਸ਼ਾਮ ਕੌਰ ਭਰਾਵਾਂ ਦੇ ਕਲੇਸ਼ ਤੋਂ ਡਰਦੀ ਸੀ।

-"ਇਹਨੂੰ ਨਾਲ਼ ਲੈ'ਜਾ, ਥੋਨੂੰ ਸ਼ਾਂਤੀ ਆਲ਼ਾ ਕੈਪਸੂਲ ਦੇਈ ਰੱਖੂ..! ਨਾਲ਼ੇ ਘਰੇ ਦਿਊਗੀ ਕੱਚੀ ਲੱਸੀ ਦਾ ਛਿੱਟਾ..!"

-"ਪਰ ਸਾਡੀ 'ਕੱਲਿਆਂ ਦੀ ਸ਼ਾਂਤੀ ਕੀ ਕਰੂ, ਸ਼ਾਮੋਂ..? ਜੇ ਕੋਈ ਗੱਲ ਕਰੀਏ, ਅਗਲੇ ਸਾਡੇ ਲੀੜੇ ਲੀਰਾਂ ਕਰਨ ਤੱਕ ਜਾਂਦੇ ਐ..! ਜਦੋਂ ਆਬਦੇ ਈ ਨੰਗੇ ਕਰਨ 'ਤੇ ਆ ਜਾਣ, ਸਾਡਾ ਨੰਗ ਫ਼ੇਰ ਕੌਣ ਢਕੂ..?" ਦਾਰੂ ਦੇ ਨਸ਼ੇ 'ਚ ਨਾਜਰ ਰੋਣ ਲੱਗ ਪਿਆ।

-"ਦਿਲ ਹੌਲ਼ਾ ਨਾ ਕਰ, ਨਾਜਰਾ...! ਮਾਰ-ਮਾਰ ਰੈਂਗੜੇ ਸਾਲ਼ਿਆਂ ਦੀਆਂ ਪੱਸਲ਼ੀਆਂ ਅੰਦਰ ਨਾ ਪਾ ਦਿਆਂਗੇ...?" ਗਿੰਦਰ ਨੇ ਮੁੜ ਬੋਤਲ ਨੂੰ ਧੌਣੋਂ ਫ਼ੜ ਲਿਆ।

-"ਤੂੰ ਬਾਹਲ਼ੀ ਤੁੱਖਣਾਂ ਨਾ ਦੇਈ ਜਾਹ..! ਸਮਾਈ ਰਹਿਣ ਦੇ...!" ਸ਼ਾਮ ਕੌਰ ਪੀੜ੍ਹੀ ਖਿੱਚ ਕੇ ਉਨ੍ਹਾਂ ਕੋਲ਼ ਆ ਕੇ ਬੈਠ ਗਈ। ਜਾਗਰ ਅਜੇ ਵੀ ਰੋਈ ਜਾ ਰਿਹਾ ਸੀ।

-"ਬਾਕੀ ਗੱਲਾਂ ਛੱਡ, ਤੂੰ ਐਹਦੇ ਪ੍ਰਬਚਨ ਸੁਣ...!" ਗਿੰਦਰ ਉਠ ਕੇ ਪਿਸ਼ਾਬ ਕਰਨ ਚਲਿਆ ਗਿਆ।

-"ਮੈਂ ਉਨ੍ਹਾਂ ਤੋਂ ਉਮਰ 'ਚ ਵੱਡੈਂ, ਸ਼ਾਮੋਂ..! ਮੈਂ ਹੁਣ ਤੱਕ ਏਸੇ ਕਰ ਕੇ ਚੁੱਪ ਕਰਿਆ ਆਇਆ, ਬਈ ਲੋਕ ਮੇਰੇ ਮੂੰਹ ਛਿੱਤਰ ਦੇਣਗੇ, ਬਈ ਤੂੰ ਤਾਂ ਸਿਆਣਾ ਬਿਆਣਾ, ਧੌਲ਼ ਦਾਹੜ੍ਹੀਆ ਸੀ, ਤੂੰ ਤਾਂ ਕੋਈ ਸ਼ਰਮ ਕਰਦਾ..? ਮੈਂ ਤਾਂ ਆਪ ਨੀ ਲੜਾਈ ਝਗੜੇ ਦੇ ਹੱਕ 'ਚ..! ਪਰ ਜਦੋਂ ਉਨ੍ਹਾਂ ਦੀਆਂ ਹੁੱਜਤਾਂ ਦਾ ਤੀਰ ਧੁੰਨੀ ਵਿਚ ਦੀ ਲੰਘ ਗਿਆ, ਹੁਣ ਮੈਂ ਦੱਸ ਕੀ ਗੱਡੀ ਥੱਲੇ ਆ ਕੇ ਮਰ'ਜਾਂ..?" ਉਹ ਰੋਂਦਾ ਨੱਕ ਪੂੰਝੀ ਜਾ ਰਿਹਾ ਸੀ।

-"ਚੱਲ ਤੇਰੇ ਨਾਲ਼ ਮੈਂ ਚੱਲਦੀ ਐਂ ਕੱਲ੍ਹ ਨੂੰ..! ਮੈਂ ਦਿੰਨੀ ਆਂ ਦੱਖੂਦਾਣਾਂ ਉਨ੍ਹਾਂ ਨੂੰ..! ਤੂੰ ਹੁਣ ਜੀਅ ਭੈੜਾ ਨਾ ਕਰ ਮੇਰਾ ਵੀਰ..! ਖਾਓ ਪੀਓ, ਬੁੱਲੇ ਲੁੱਟੋ..!"

-"ਹੁਣ ਇਹ ਜਾ ਕੇ ਲਊਗੀ ਝੱਗੇ ਦਾ ਮੇਚ...! ਲਾਊ ਪਲੇਥਣ..!" ਗਿੰਦਰ ਵੀ ਵਾਪਸ ਆ ਗਿਆ।

-"ਤੇ ਹੋਰ ਕੀ ਕਰੂੰਗੀ...? ਹੋਰ ਉਨ੍ਹਾਂ ਮੂਹਰੇ ਹੱਥ ਜੋੜੂੰਗੀ..?"

-"ਅਗਲੀ ਨੇ ਮੌਕਾ ਕਸੂਤਾ ਦੇਖ ਕੇ ਇਹਨੂੰ ਇੱਕ ਅੱਧਾ ਝੱਗਾ-ਡਬੱਟਾ ਦੇ ਦੇਣੈਂ, ਤੇ ਇਹਨੇ ਓਥੋਂ ਮਿੱਠੀਆਂ ਮਾਰ ਕੇ ਮੁੜ ਆਉਣੈ, ਬੱਸ ਫ਼ੇਰਿਆ ਗਿਆ ਗਿੱਲੀ ਮਿੱਟੀ ਦਾ ਪੋਚਾ..!" ਗਿੰਦਰ ਨੇ ਛੇੜਨ ਦੇ ਮੂਡ ਵਿਚ ਕਿਹਾ।

-"ਨ੍ਹਾ ਮੈਂ ਝੱਗਿਆ ਡਬੱਟਿਆਂ ਦੀ ਭੁੱਖੀ ਐਂ..? ਬਥੇਰਾ ਦਿੱਤਾ ਜਿਉਣ ਜੋਕਰਿਆਂ ਨੇ ਮੈਨੂੰ..! ਕੋਈ ਕਸਰ ਨੀ ਛੱਡੀ ਲੈਣ ਦੇਣ ਦੀ..! ਘਰ ਭਰ'ਤਾ ਮੇਰਾ..!"

-"ਤੇ ਹੁਣ ਕਿਹੜਾ ਕਿਸੇ ਗੱਲੋਂ ਭੱਜਦੇ ਐਂ, ਸ਼ਾਮੋਂ..? ਤੇਰੀ ਇੱਕ ਹਾਕ 'ਤੇ ਅੱਧੀ ਰਾਤੋਂ, ਨੰਗੇ ਪੈਰੀਂ ਭੱਜਿਆ ਆਉਨੈਂ..! ਦੱਸ ਕਦੇ ਇੱਕ ਪਲ ਵੀ ਡੇਰ ਕੀਤੀ ਐ ਤਾਂ..? ਤੂੰ ਹੁਕਮ ਕਰ, ਮੈਂ ਫ਼ਾਹੇ ਚੜ੍ਹ'ਜਾਂ..!" ਉਹ ਫ਼ੇਰ ਰੋਣ ਲੱਗ ਪਿਆ।

-"ਨ੍ਹਾ ਕਿਉਂ ਫ਼ਾਹੇ ਚੜ੍ਹੇਂ..? ਫ਼ਾਹੇ ਚੜ੍ਹਨ ਤੇਰੇ ਦੁਸ਼ਮਣ..! ਭੈੜੇ ਬੋਲ ਨੀ ਬੋਲੀਦੇ ਭਰਾਵਾ..!"

-"ਕਰ ਲੈ ਦਿਲ ਹੌਲ਼ਾ...! ਬੰਦਾ ਆਬਦਿਆਂ ਕੋਲ਼ ਈ ਰੋਂਦਾ ਹੁੰਦੈ, ਨਾਜਰਾ..! ਕਿਸੇ ਸੱਤ ਬਿਗਾਨੇ ਅੱਗੇ ਥੋੜ੍ਹੋ ਰੋਇਆ ਜਾਂਦੈ..? ਖੁੱਲ੍ਹ ਕੇ ਹੌਲ਼ਾ ਕਰ ਦਿਲ..!" ਗਿੰਦਰ ਨੇ ਬੋਤਲ ਨੂੰ ਹੱਥ ਪਾ ਲਿਆ।

-"ਹੁਣ ਤੂੰ ਇਹਨੂੰ ਟਿਕੀ ਰਹਿਣ ਦੇ..! ਇਹ ਪਟਮੇਲ਼ੀ ਜੁਆਕ ਮਾਂਗੂੰ ਫ਼ੇਰ ਚੌਂਕਲੀ..!" ਸ਼ਾਮੋਂ ਗਿੰਦਰ ਦੇ ਹੱਥ 'ਚ ਬੋਤਲ ਦੇਖ ਚਿੜ ਗਈ।

-"ਤੇ ਤੂੰ ਵੀ ਟਿਕੀ ਰਹਿ..! ਕਿਤੇ ਹੁਣ ਮੈਥੋਂ ਧੌਣ 'ਚ ਮੁੱਕੀਆਂ ਨਾ ਖਾ'ਲੀਂ..!"

-"ਬਥੇਰੀ ਡੱਫ਼ ਲਈ ਹੁਣ..! ਰੋਟੀ ਖਾਓ..! ਆਹ ਪੀ ਕੇ ਜੁਆਕਾਂ ਮਾਂਗੂੰ ਰੋਣ ਡਹਿ ਪਿਆ..!"

-"ਤੂੰ ਬੰਦਿਆਂ ਦੀ ਗੱਲ 'ਚ ਆਬਦਾ ਘੜੰਮ ਚੌਧਰ ਵਾਲ਼ਾ ਗੁੱਲ ਨਾ ਠੋਕਿਆ ਕਰ..! ਆਬਦੀ ਮੱਤ ਆਬਦੇ ਕੋਲ਼ੇ ਰੱਖਿਆ ਕਰ..!"

-"....................।" ਸ਼ਾਮ ਕੌਰ ਉਠ ਕੇ ਤੁਰ ਗਈ। ਉਹ ਭਰਾ ਦੇ ਦੁੱਖ 'ਚ ਦੁਖੀ ਸੀ।

-"ਲੈ ਨਾਜਰਾ...! ਫ਼ੜ ਦੁੱਖ ਤੋੜ ਦੁਆਈ..!" ਉਸ ਨੇ ਗਿਲਾਸ ਭਰ ਕੇ ਉਸ ਦੇ ਅੱਗੇ ਕਰ ਦਿੱਤਾ, "ਜੀਹਨੇ ਅੱਜ ਤੱਕ ਪੀਤੀ ਈ ਨੀ, ਉਹਨੂੰ ਇਹਦੇ ਗੁਣ ਤੇ ਔਗੁਣਾਂ ਦਾ ਕੀ ਪਤਾ ਬਾਈ..? ਇਹਦਾ ਪੱਟ ਹੋਣੀਂ ਦਾ ਤਾਂ ਪੀਣ ਆਲ਼ਿਆਂ ਨੂੰ ਈ ਪਤੈ, ਬਈ ਕਿਮੇਂ ਸੁਰਗਾਂ ਦੇ ਝੂਟੇ ਦਿੰਦੀ ਐ..! ਸਿੱਟ ਅੰਦਰ, ਤੇ ਹੋ ਕੰਡੇ 'ਚ..!"

ਨਾਜਰ ਨੇ ਦਾਰੂ ਦਾ ਗਿਲਾਸ ਖਾਲੀ ਕਰ ਦਿੱਤਾ।

ਪੀਣੋਂ ਰੋਕਣਾ ਤਾਂ ਭਰਾ ਨੂੰ ਸ਼ਾਮ ਕੌਰ ਵੀ ਨਹੀਂ ਚਾਹੁੰਦੀ ਸੀ। ਪਰ ਉਸ ਦੀ ਟੋਕ-ਟੋਕਾਈ ਵਾਲ਼ੀ ਬੁਰੀ ਆਦਤ ਦੇ ਹੱਥੋਂ ਉਹ ਮਜਬੂਰ ਸੀ। ਬੋਲਣੋਂ ਉਸ ਤੋਂ ਰਿਹਾ ਨਹੀਂ ਜਾਂਦਾ ਸੀ।

-"ਅੱਜ ਦਾਲ਼ ਕਾਹਦੀ ਬਣਾਈ ਐ ਭੈਣੇਂ..?"

-"ਦਾਲ਼ ਇਹਨੇ ਬਣਾਈ ਹੋਊ ਗੰਨਿਆਂ ਦੀ...!" ਗਿੰਦਰ ਵਿਚ ਦੀ ਟਿੱਚਰ ਕਰ ਗਿਆ।

ਨਾਜਰ ਰੋਂਦਾ-ਰੋਂਦਾ ਹੱਸ ਪਿਆ।

-"ਸਾਗ ਵੀ ਹੈਗਾ ਨਾਜਰਾ, ਤੇ ਤੇਰੇ ਵਾਸਤੇ ਬਣਾਈਐਂ ਰਾਮ ਤੋਰੀਆਂ, ਕੱਚਾ ਦੁੱਧ ਪਾ ਕੇ..!"

-"ਕਿਉਂ..? ਮੇਰੇ ਤੇਰੀਆਂ ਰਾਮ ਤੋਰੀਆਂ ਖੁਰਕ ਪਾਉਂਦੀਐਂ..?" ਗਿੰਦਰ ਅੰਬ ਦੇ ਅਚਾਰ ਦੀ ਫਾੜੀ ਚੂਸਦਾ ਬੋਲਿਆ।

-"ਤੈਨੂੰ ਵੀ ਨਾਲ਼ ਈ ਮਿਲਣਗੀਆਂ, ਕਾਹਤੋਂ ਲਾਅਲ਼ਾਂ ਸਿੱਟਲੀਆਂ, ਖਸਮਾਂ..?" ਨਾਜਰ ਬੋਲਿਆ।

-"ਖਸਮ ਮੈਂ ਤੇਰੀ ਭੈਣ ਦਾ..! ਤੂੰ ਨਾ ਚਾਦਰ ਸਿੱਟਲੀਂ ਮੇਰੇ 'ਤੇ..!"

-"ਤੁਸੀਂ ਹੁਣ ਰੋਟੀ ਖਾਓ...! ਲੱਗ ਪਏ ਜਾਭਾਂ ਮਾਰਨ..! ਮੂਤ ਪੀ ਕੇ ਦੋਨੋਂ ਇੱਕੋ ਜੇ ਹੋ ਜਾਂਦੇ ਐ, ਜੁਆਕਾਂ ਦੀ ਵੀ ਸ਼ਰਮ ਨੀ ਕਰਦੇ, ਚੌਰੇ..!"

-"ਲੈ, ਪਾ ਲੈ ਨਿਉਂਦਾ ਆਬਦੀ ਭੈਣ ਜੀ ਨੂੰ, ਲੱਗ ਪਈ ਤੈਨੂੰ ਵੀ ਮਿੱਠਾ-ਥੰਧਾ ਪਾਉਣ..!"

-"ਓਏ ਭੈਣ ਦੀਆਂ ਗਾਲ਼ਾਂ ਤਾਂ ਘਿਉ ਦੀਆਂ ਨਾਲ਼ਾਂ ਹੁੰਦੀਐਂ, ਗਿੰਦਰ ਸਿਆਂ..! ਤੈਨੂੰ ਕੀ ਪਤੈ ਢੋਰ ਨੂੰ..?"

-"ਲੋਕ ਮਾਂ ਦੀਆਂ ਗਾਲ਼ਾਂ ਘਿਉ ਦੀਆਂ ਨਾਲ਼ਾਂ ਆਖਦੇ ਹੁੰਦੇ ਐ, ਤੂੰ ਹੁਣ ਆਬਦਾ ਕਾਨੂੰਨ ਚਲਾ ਕੇ ਭੈਣ ਦੀਆਂ ਬਣਾ ਧਰੀਆਂ..!"

-"ਲੋਕ ਕੌਣ ਹੁੰਦੇ ਐ..? ਅਸੀਂ ਸਿਰੋਂ ਸਰਦਾਰ..! ਐਧਰ ਦੇਖ, ਤੇਰੇ ਮੂਹਰੇ ਗੰਧਾਲ਼ੇ ਮਾਂਗੂੰ ਗੱਡਿਆ ਬੈਠਾ, ਸਰਦਾਰ ਨਾਜਰ ਸਿੰਘ..!"

-"ਆਹ ਸਰਦਾਰ ਨਾਜਰ ਸਿਉਂ ਨੂੰ ਰੋਟੀ ਪਾ ਕੇ ਦੇਹ ਬਈ, ਹੋਰ ਨਾ ਕੋਈ ਰਾਗਟ ਦਾਗ ਦੇ..!"

-"ਜਿੰਦਰ..!"

-"ਹਾਂ ਬੀਜੀ..!"

-"ਆਬਦੇ ਮਾਮੇਂ ਹੋਰਾਂ ਨੂੰ ਰੋਟੀ ਪਾ ਕੇ ਦੇਹ ਸ਼ੇਰਾ..!"

-"ਆਉਨੀ ਆਂ ਬੀਜੀ..!"

-"ਤੂੰ ਪੜ੍ਹ ਲੈ ਪੁੱਤ, ਰੋਟੀ ਮੈਂ ਪੁਆ ਲਿਆਉਨੈਂ..!" ਨਾਜਰ ਨੇ ਕਿਹਾ।

-"ਤੂੰ ਬੈਠ ਭਰਾਵਾ..! ਅਲ਼ਕ ਵਹਿੜ੍ਹਕੇ ਮਾਂਗੂੰ ਤਾਂ ਤੂੰ ਝੂਲੀ ਜਾਨੈਂ..! ਕਿਸੇ ਕੰਧ-ਕੌਲ਼ੇ 'ਚ ਨਾ ਵੱਜੀਂ...!" ਸ਼ਾਮ ਕੌਰ ਬੋਲੀ।

-"ਮੈਂ ਤੇਰੇ ਮੂਹਰੇ ਚਾਹੇ ਹਨੂੰਮਾਨ ਦੇਬਤਾ ਬਣ ਕੇ ਖੜ੍ਹ'ਜਾਂ, ਤੈਨੂੰ ਬੁਰਾ ਈ ਲੱਗੂੰਗਾ..!" ਨਾਜਰ ਨੇ ਆਖਿਆ।

-"ਇਹਨੂੰ ਆਪਣੀ ਦਾਰੂ ਚੂੰਢੀਆਂ ਵੱਢਦੀ ਐ, ਊਂ ਇਹੇ ਜਮਾਂ ਮਾੜੀ ਨੀ, ਸੌ ਫ਼ਕੀਰਾਂ ਵਰਗੀ 'ਕੱਲੀ ਐ..!"

-"ਜਿਹੜਾ ਇਹਨੂੰ ਤੇਰਵੇਂ ਰਤਨ ਨੂੰ ਮਾੜਾ ਆਖੂ, ਆਪੇ ਨਰਕਾਂ ਨੂੰ ਜਾਊ..!"

-"ਥੋਨੂੰ ਤਾਂ ਮੈਂ ਆਹਨੀਂ ਐਂ, ਸੁਰਗਾਂ ਆਲ਼ੇ ਸਰੋਪਾ ਪਾ ਕੇ ਲਿਜਾਣਗੇ..! ਕਰਦੇ ਕੀ ਐ ਲੱਛਣ..! ਪਾ ਕੁੜੀਏ ਰੋਟੀ, ਝੁਲਸ ਇਨ੍ਹਾਂ ਦਾ ਮੱਥਾ, ਖਾ ਕੇ ਪੈਣ ਪਰ੍ਹੇ..! ਮਗਜ ਖਾਈ ਜਾਂਦੇ ਐ..!"

-"ਲੈ ਨਾਜਰਾ, ਕਰ ਲੈ ਗੱਲ..! ਤੂੰ ਈ ਦੱਸ, ਬਈ ਆਪਣਾ ਮੱਥਾ ਝੁਲ਼ਸਣ ਆਲ਼ੈ..?"

-"ਸਾਡਾ ਮੱਥਾ ਤਾਂ ਐਨਾਂ ਬਰਕਤ ਆਲ਼ੈ, ਜੇ ਸਵੇਰੇ ਕਿਸੇ ਦੇ ਮੱਥੇ ਲੱਗਜੀਏ, ਆਥਣ ਤੱਕ ਅਗਲਾ ਨਿਹਾਲੋ-ਨਿਹਾਲ ਈ ਰਹਿੰਦੈ..!"

ਜਿੰਦਰ ਨੇ ਦੋ ਥਾਲ਼ੀਆਂ 'ਚ ਰੋਟੀ ਲਿਆ ਰੱਖੀ।

-"ਬਾਈ ਗਿੰਦਰਾ..!" ਨਾਜਰ ਨੇ ਰੋਟੀ ਵਾਲ਼ੀ ਥਾਲ਼ੀ ਨੇੜੇ ਕਰਦਿਆਂ ਕਿਹਾ।

-"ਹਾਂ...?"

-"ਪੰਜਾਬ ਦੇ ਹਾਲਾਤ ਸਾਲ਼ੇ ਬਾਹਵਾ ਖਰਾਬ ਹੁੰਦੇ ਤੁਰੇ ਜਾਂਦੇ ਐ..!"

-"ਇਹ ਸਾਰੀ ਸਿਆਸੀ ਖੇਡ ਐ ਬਾਈ, ਆਪਾਂ ਕੀ ਲੈਣੈਂ..? ਮੈਂ ਤੂੰ ਨੇ ਤਾਂ ਮਿੱਟੀ ਨਾਲ਼ ਮਿੱਟੀ ਈ ਹੋਣੈਂ, ਜੋ ਮਰਜ਼ੀ ਐ ਹੋਈ ਜਾਵੇ..!"

-"ਹੁਣ ਤਾਂ ਖਾੜਕੂਆਂ ਨੇ ਹੁਕਮ ਚਾੜ੍ਹ'ਤੇ, ਕਹਿੰਦੇ ਦਾਜ-ਦਹੇਜ ਨੀ ਲੈਣਾਂ, ਗਿਆਰਾਂ ਬੰਦੇ ਜੰਨ ਦੇ ਜਾਣ-!"

-"ਤੇ ਫ਼ੇਰ ਮਾੜਾ ਕੀ ਕਰ'ਤਾ..?" ਸ਼ਾਮ ਕੌਰ ਬੋਲੀ, "ਦਾਜ-ਦਹੇਜ ਬੰਦ ਕਰ'ਤਾ ਤਾਂ ਵਧੀਆ ਕੀਤਾ, ਨਹੀਂ ਸੜਿਆ ਵਿਆ ਨੰਗ ਜੱਟ ਉਠ ਕੇ ਮੋਟਰ ਛੈਂਕਲ ਮੰਗਣ ਲੱਗ ਜਾਂਦਾ ਸੀ, ਤੇ ਸੌ ਬੰਦਾ ਲਿਆਉਂਦਾ ਸੀ ਜੰਨ ਦਾ..! ਕੁੜੀ ਆਲ਼ਿਆਂ ਦੇ ਤਾਂ ਅੜਾ ਦਿੰਦਾ ਸੀ ਸੰਘੀ 'ਚ ਸਾਹ..!"

-"ਆਪਣੀ ਦਾਰੂ ਨਾ ਬੰਦ ਕਰਨ..! ਹੋਰ ਚਾਹੇ ਜੋ ਮਰਜ਼ੀ ਕਰੀ ਜਾਣ..!" ਗਿੰਦਰ ਬੁਰਕੀ ਤੋੜਦਾ ਬੋਲਿਆ।

-"ਹੇਖਾਂ....! ਸ਼ਾਬਾਸ਼ੇ ਤੇਰੇ..!!" ਸ਼ਾਮ ਕੌਰ ਖਿਝ ਗਈ, "ਅਖੇ ਪਿੰਡ ਉਜੜਿਆ ਜਾਵੇ, ਕਮਲ਼ੀ ਨੂੰ ਕੱਤਣ ਦੀ..! ਨਿੱਤ ਮਾਰ-ਮਰਾਈ ਹੋਈ ਜਾਂਦੀ ਐ, ਤੇ ਇਹਨੂੰ ਦਾਰੂ ਦੀ ਅੱਗ ਲੱਗੀ ਐ..!"

-"ਲੈ ਬਈ ਨਾਜਰਾ, ਫ਼ੇਰ ਹੋ ਗਿਆ ਕੰਮ ਸ਼ੁਰੂ..! ਰੋਟੀ ਦਾ ਕੰਮ ਨਬੇੜ, ਪਈਏ ਫ਼ੇਰ..!"

-"ਜਿੰਦਰ, ਖੀਰ ਵੀ ਪਾ ਕੇ ਫ਼ੜਾ ਦੇ ਪੁੱਤ..!"

-"ਘੱਟੋ-ਘੱਟ ਤੂੰ ਆਬਦੀ ਭੈਣ ਨੂੰ ਮਾੜੀ ਨਾ ਆਖਿਆ ਕਰ, ਨਾਜਰਾ..! ਤੇਰੇ ਆਸਤੇ ਤਾਂ ਖੀਰ ਬਣਾ ਕੇ ਦਿੱਤੀ ਐ..!"

-"ਤੈਨੂੰ ਕਾਹਨੂੰ ਕਦੇ ਬਣਾ ਕੇ ਦਿੱਤੀ ਐ..! ਕਿਮੇਂ ਬਦਨਾਮ ਕਰਨ ਲੱਗਿਐ ਮੈਨੂੰ..!"

-"ਮੇਰੇ ਵਾਸਤੇ ਤਾਂ ਓਸ ਦਿਨ ਈ ਬਣਦੀ ਐ, ਜਿੱਦਣ ਕੰਜਰਾਂ ਦੀ ਨੇ ਗੁੱਗਾ ਪੂਜਣ ਜਾਣਾ ਹੁੰਦੈ..!"

ਨਾਜਰ ਉੱਚੀ-ਉੱਚੀ ਹੱਸ ਪਿਆ।

-"ਤੂੰ ਬਚਾਅ ਰੱਖੀਂ, ਕਿਤੇ ਤੇਰਾ ਨਾ ਗੁੱਗਾ ਪੂਜਿਆ ਜਾਵੇ..!" ਨਾਜਰ ਨੇ ਟਾਂਚ ਕੀਤੀ।

ਖੀਰ ਫ਼ੜਾਉਣ ਆਈ ਜਿੰਦਰ ਦਾ ਹਾਸਾ ਨਿਕਲ਼ ਗਿਆ।

-"ਐਦੂੰ ਰੱਬੋਂ ਹੋਰ ਕੀ ਲੈਣੈਂ..?" ਗਿੰਦਰ ਬੋਲਿਆ।

-"ਮੈਨੂੰ ਲੱਗਦੈ ਤੂੰ ਤਾਂ ਮਰ ਕੇ ਵੀ ਕੋਈ ਭੂਤ-ਪ੍ਰੇਤ ਈ ਬਣੇਂਗਾ..!"

-"ਨਜਾਰਾ ਆਜੂ..! ਪਿੰਡ ਦੇ ਠੇਕੇ ਆਲ਼ਿਆਂ ਤੋਂ ਨਿੱਤ ਬੋਤਲ ਲਿਆ ਕਰੂੰਗਾ ਡਰਾ ਕੇ..!"

-"ਹੋਰ ਤੂੰ ਕੀ ਕਰਨੈਂ...? ਅਖੇ ਬੇਬੇ, ਜੇ ਮੈਂ ਠਾਣੇਦਾਰ ਬਣ ਗਿਆ, ਤਾਂ.... ਮੇਰੇ ਮੂੰਹੋਂ ਕੁਛ ਹੋਰ ਈ ਨਿਕਲ਼ ਚੱਲਿਆ ਸੀ..!"

-"ਚੱਲ ਹੁਣ ਨਾ ਬੋਲੀਂ...! ਅੱਗੇ ਕਿਹੜਾ ਤੇਰੇ ਮੂੰਹੋਂ ਕਥਾ ਨਿਕਲ਼ਦੀ ਹੁੰਦੀ ਐ..?"

ਖੀਰ ਖਾਣ ਤੋਂ ਬਾਅਦ ਹਾਸਾ-ਠੱਠਾ ਕਰਦੇ ਉਹ ਸੌਂ ਗਏ।

ਨਾਜਰ ਅਤੇ ਗਿੰਦਰ ਦੇ ਘੁਰਾੜ੍ਹੇ ਬਨੇਰਿਆਂ ਨਾਲ਼ ਟੱਕਰਾਂ ਮਾਰ-ਮਾਰ ਮੁੜਦੇ ਸਨ।

ਘੁਰਾੜ੍ਹਿਆਂ ਤੋਂ ਡਰਦੀ ਵੱਛੀ ਨੇ ਕਿੱਲੇ 'ਤੇ ਗੇੜਾ ਬੰਨ੍ਹਿਆਂ ਹੋਇਆ ਸੀ।

-ਚੱਲਦਾ

## 14 ਅਪ੍ਰੈਲ ਜਨਮ ਦਿਨ 'ਤੇ ਵਿਸ਼ੇਸ਼

# ਡਾ. ਬੀ.ਆਰ. ਅੰਬੇਦਕਰ

ਬਲਵਿੰਦਰ 'ਬਾਲਮ' ਗੁਰਦਾਸਪੁਰ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਸੰਪਰਕ 98156-25409
ਐਡਮਿੰਟਨ, ਕੈਨੇਡਾ



(Punjab Mail USA)



ਡਾ. ਭੀਮ ਰਾਓ ਅੰਬੇਦਕਰ ਨੂੰ ਮਾਨਵਤਾ ਦਾ ਮਸੀਹਾ ਕਿਹਾ ਜਾਣਾ ਉਚਿਤ ਹੈ। ਉਨ੍ਹਾਂ ਦਾ ਸੰਪੂਰਨ ਜੀਵਨ ਸੰਘਰਸ਼ ਦੀ ਇਕ ਲੰਬੀ ਕਹਾਣੀ ਹੈ। ਸੰਘਰਸ਼ ਆਪਣੇ ਲਈ ਨਹੀਂ, ਬਲਕਿ ਸਮਾਜ ਦੇ ਹੇਠਲੇ ਵਰਗ ਦੇ ਲੋਕਾਂ ਦੇ ਲਈ, ਜੋ ਕਈ ਸਾਲਾਂ ਤੱਕ ਸਮਾਜ ਦੀਆਂ ਖੋਖਲੀਆਂ ਮਾਨਵਤਾਂ, ਰੂੜੀਆਂ ਅਤੇ ਧਰਮ ਦੇ ਕਾਰਣ ਆਪਣੇ ਅਧਿਕਾਰਾਂ ਤੋਂ ਵਾਂਝੇ ਰਹੇ। ਜਾਤ-ਪਾਤ, ਉਚ-ਨੀਚ ਅਤੇ ਵਰਣ ਭੇਦ ਦੇ ਕਾਰਣ ਲੱਖਾਂ ਲੋਕ ਜੋ ਨਾ ਕੇਵਲ ਪ੍ਰਗਤੀ ਦੇ ਰਸਤੇ 'ਤੇ ਇਕ ਕਦਮ ਵੀ ਨਾ ਚੱਲ ਸਕੇ, ਬਲਕਿ ਜਿਨ੍ਹਾਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਸੀ। ਵਰਣ ਭੇਦ, ਉਚ-ਨੀਚ ਦੀਆਂ ਦੀਵਾਰਾਂ ਏਨ੍ਹੀਆਂ ਉਚੀਆਂ ਅਤੇ ਮਜ਼ਬੂਤ ਸਨ ਕਿ ਇਨ੍ਹਾਂ ਨੂੰ ਢਾਹੁਣਾ ਅਸੰਭਵ ਸੀ। ਡਾ. ਅੰਬੇਦਕਰ ਨੇ ਇਸ ਦੀਵਾਰ 'ਤੇ ਜ਼ੋਰਦਾਰ ਹਮਲੇ ਕੀਤੇ। ਉਹ ਲੱਖਾਂ ਬੇਸਹਾਰਾ, ਗ਼ਰੀਬ, ਹੇਠਲੀ ਸ਼੍ਰੇਣੀ ਦੇ ਲੋਕਾਂ ਦੀ ਆਵਾਜ਼ ਸਨ। ਉਨ੍ਹਾਂ ਨੇ ਉਨ੍ਹਾਂ ਲੋਕਾਂ ਦੀ ਅਗਵਾਈ ਕੀਤੀ ਅਤੇ ਇਨ੍ਹਾਂ ਵਿਚ ਇਕ ਨਵੀਂ ਚੇਤਨਾ ਪੂਰਵਕ ਕ੍ਰਾਂਤੀ ਦੀ ਰੌਸ਼ਨੀ ਪੈਦਾ ਕੀਤੀ ਅਤੇ ਸਮਾਜ ਦੀਆਂ ਮਜਬੂਰੀਆਂ ਦਾ ਜ਼ਹਿਰ ਪੀ ਕੇ ਜੀਵਿਤ ਸੁਕਰਾਤ ਬਣ ਗਏ।

ਡਾ. ਭੀਮ ਰਾਓ ਅੰਬੇਦਕਰ ਦਾ ਜਨਮ 14 ਅਪ੍ਰੈਲ, 1891 ਨੂੰ ਸ਼੍ਰੀਮਤੀ ਭੀਮਾ ਬਾਈ ਦੀ ਕੁੱਖ ਤੋਂ ਹੋਇਆ। ਉਨ੍ਹਾਂ ਦੇ ਪਿਤਾ ਜੀ ਸੂਬੇਦਾਰ ਸ਼੍ਰੀ ਰਾਓ ਦਾਸ ਜੀ ਮਹਾਰਾਸ਼ਟਰ ਦੇ ਰਤਨਾਗਿਰੀ ਜ਼ਿਲ੍ਹੇ ਵਿਚ ਅੰਬਾਵੜੇ ਪਿੰਡ ਦੇ ਰਹਿਣ ਵਾਲੇ ਸਨ। ਉਨ੍ਹਾਂ ਦੇ ਪਿਤਾ ਜੀ ਮਰਾਠੀ, ਹਿਸਾਬ ਅਤੇ ਅੰਗਰੇਜ਼ੀ ਦੇ ਚੰਗੇ ਗਿਆਤਾ ਸਨ। ਘਰ ਦਾ ਵਾਤਾਵਰਣ ਧਾਰਮਿਕ ਸੀ ਅਤੇ ਪਰਿਵਾਰ ਵਿਚ ਕਬੀਰ ਪੰਥੀ ਵਿਚਾਰਾਂ ਦਾ ਪੂਰਾ ਪ੍ਰਭਾਵ ਸੀ।

ਬਾਲਕ ਭੀਮ ਨੂੰ ਵਿਦਿਆਰਥੀ ਜੀਵਨ ਵਿਚ ਹੀ ਛੂਤ-ਛਾਤ ਦੇ ਕੌੜੇ ਅਨੁਭਵਾਂ 'ਚੋਂ ਗੁਜ਼ਰਨਾ ਪਿਆ। ਇਕ ਵਾਰ ਦੀ ਗੱਲ ਹੈ ਕਿ ਬਾਲਕ ਭੀਮ ਭਿਅੰਕਰ ਬਾਰਿਸ਼ ਤੋਂ ਬਚਣ ਲਈ ਇਕ ਮਕਾਨ ਦੇ ਬਰਾਮਦੇ ਵਿਚ ਖੜ੍ਹਾ ਸੀ। ਸਵਰਨ ਜਾਤੀ ਮਕਾਨ ਮਾਲਿਕ ਨੂੰ ਜਦ ਬਾਲਕ ਦੀ ਜਾਤੀ ਦਾ ਪਤਾ ਲੱਗਾ ਕਿ ਉਸ ਨੇ ਬਾਲਕ ਨੂੰ ਬਸਤੇ ਸਮੇਤ ਬਰਸਾਤ ਦੀ ਚਿੱਕੜ ਵਿਚ ਧਕੇਲ ਦਿੱਤਾ।

ਬਾਲਕ ਭੀਮ ਨੂੰ ਇਸ ਤਰ੍ਹਾਂ ਦੇ ਅਨੇਕਾਂ ਹੀ ਅਪਮਾਨ ਸਹਿਣੇ ਪਏ। ਨਾਈ ਉਸਦੇ ਵਾਲ ਨਹੀਂ ਕੱਟਦਾ ਅਤੇ ਅਧਿਆਪਕ ਉਸ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਤਿਆਰ ਨਹੀਂ ਸੀ, ਪਰ ਇਸ ਨਾਲ ਉਸ ਦਾ ਸਾਹਸ, (ਹੌਂਸਲਾ) ਬਲ ਹੋਰ ਮਜ਼ਬੂਤ ਹੋਇਆ। ਮੁਸ਼ਕਿਲਾਂ, ਮੁਸੀਬਤਾਂ ਅਤੇ ਸਮਾਜ ਦੇ ਬੁਰੇ ਵਿਵਹਾਰ ਨੇ ਉਨ੍ਹਾਂ ਨੂੰ ਸੋਨੇ ਦੀ ਤਰ੍ਹਾਂ ਬਣਾ ਦਿੱਤਾ ਸੀ, ਜੋ ਅੱਗ ਵਿਚ ਤਪ ਕੇ ਕੁੰਦਨ ਬਣ ਜਾਂਦਾ ਹੈ। ਉਨ੍ਹਾਂ ਦੇ ਅੰਦਰ ਆਤਮ ਵਿਸ਼ਵਾਸ, ਆਤਮ ਬਲ, ਦ੍ਰਿੜ੍ਹਤਾ ਉਤਪੰਨ ਹੋਈ ਅਤੇ ਬਚਪਨ ਵਿਚ ਹੀ ਫੌਲਾਦੀ ਇਰਾਦਾ ਬਣਾ ਲਿਆ ਕਿ ਛੂਤ-ਛਾਤ ਦੇ ਕਲੰਕ ਦੇ ਵਿਰੁੱਧ ਸੰਘਰਸ਼ ਕਰਨਗੇ। ਸਾਧਨਾਂ ਦੀ ਕਮੀ ਅਤੇ ਮੁਸ਼ਕਿਲਾਂ ਕਦੀ ਵੀ ਉਨ੍ਹਾਂ ਦੇ ਇਰਾਦੇ ਨਾ ਬਦਲ ਸਕੀਆਂ। ਜਦੋਂ ਉਨ੍ਹਾਂ ਦੇ ਪਿਤਾ ਜੀ ਸੇਵਾਮੁਕਤ ਹੋਏ, ਤਾਂ ਸਾਰਾ ਪਰਿਵਾਰ ਇਕ ਹੀ ਕੋਠੜੀ ਵਿਚ ਰਹਿੰਦਾ ਸੀ ਅਤੇ ਉਥੇ ਰਾਤ ਨੂੰ ਜਦ ਸਾਰੇ ਪਰਿਵਾਰ ਦੇ ਮੈਂਬਰ ਸੌਂ ਜਾਂਦੇ, ਤਾਂ ਉਹ ਛੋਟਾ ਜਿਹਾ ਬੱਚਾ (ਭੀਮ) ਉਠ ਕੇ ਪੜ੍ਹਨਾ ਸ਼ੁਰੂ ਕਰ ਦਿੰਦਾ।

ਸੰਨ 1907 ਵਿਚ ਮੈਟ੍ਰਿਕ ਅਤੇ 1912 ਵਿਚ ਬੀ.ਏ. ਦਾ ਇਮਤਿਹਾਨ ਪਾਸ ਕੀਤਾ। ਉਨ੍ਹਾਂ ਦੀ ਵਿਦਵਤਾ ਅਤੇ ਤੀਖਣ ਬੁੱਧੀ ਨੂੰ ਦੇਖ ਕੇ 1913 ਵਿਚ ਬੜੌਦਾ ਦੇ ਮਹਾਰਾਜ ਨੇ ਉਨ੍ਹਾਂ ਨੂੰ ਵਜ਼ੀਫਾ ਦੇ ਕੇ ਉੱਚ ਸਿੱਖਿਆ ਲਈ ਅਮਰੀਕਾ ਭੇਜਿਆ। ਉਹ 1913 ਤੋਂ 1917 ਈ. ਤੱਕ ਅਮਰੀਕਾ ਤੇ ਇੰਗਲੈਂਡ ਵਿਚ ਰਹੇ। ਉਨ੍ਹਾਂ ਦੇ ਅਰਥ ਸ਼ਾਸਤਰ, ਰਾਜਨੀਤੀ ਸ਼ਾਸਤਰ ਅਤੇ ਕਾਨੂੰਨ ਦਾ ਗਹਿਰਾ ਅਧਿਐਨ ਕੀਤਾ ਅਤੇ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ। ਉਹ ਬੜੌਦਾ ਦੇ ਮਹਾਰਾਜਾ ਦੇ ਪ੍ਰਸ਼ਾਸਨ ਵਿਚ ਸੈਨਿਕ ਸਚਿਵ (ਸਕੱਤਰ) ਦੇ ਅਹੁਦੇ 'ਤੇ ਨਿਯੁਕਤ ਹੋਏ ਪਰ ਦਫ਼ਤਰ ਵਿਚ ਦੁਰਵਿਵਹਾਰ ਦੇ ਕਾਰਣ, ਛੂਤ-ਛਾਤ ਦੇ ਸ਼ਰਾਪ ਦੇ ਕਾਰਣ ਉਨ੍ਹਾਂ ਨੇ ਇਹ ਅਹੁਦਾ ਛੱਡ ਦਿੱਤਾ। ਵਕਾਲਤ ਪੇਸ਼ਾ ਅਪਨਾ ਕੇ ਉਨ੍ਹਾਂ ਨੇ ਹੇਠਲੇ ਵਰਗ ਦੇ ਕਲਿਆਣ ਲਈ ਕਾਰਜਸ਼ੀਲਤਾ ਸ਼ੁਰੂ ਕਰ ਦਿੱਤੀ। ਸਮਾਜਿਕ ਸਮਤਾਵਾਦ, ਦੇਸ਼ ਦੀ ਆਜ਼ਾਦੀ, ਸਮੰਤਵਾਦ ਹੇਠਲੇ ਵਰਗ ਦੀ ਵਿਦਿਆ ਲਈ ਸੰਘਰਸ਼ ਤੇਜ਼ ਕਰ ਦਿੱਤੇ। 1927 ਵਿਚ ਡਾ. ਅੰਬੇਦਕਰ ਬੰਬਈ ਵਿਧਾਨ ਪ੍ਰੀਸ਼ਦ ਲਈ ਚੁਣੇ ਗਏ। ਇਸੇ ਦੌਰਾਨ ਉਨ੍ਹਾਂ ਨੇ ਕਈ ਉੱਚੇ ਅਹੁਦੇ ਹਾਸਲ ਕੀਤੇ ਅਤੇ ਬਹੁਤ ਸਾਰੀਆਂ ਪੁਸਤਕਾਂ ਦੀ ਰਚਨਾ ਕੀਤੀ। ਇਸੇ ਦਰਾਨ ਗਾਂਧੀ ਜੀ ਅਤੇ ਹੋਰ ਰਾਸ਼ਟਰੀ ਨੇਤਾਵਾਂ ਨੇ ਵੀ ਸਮਾਜ ਵਿਚਲੇ ਛੂਤ-ਛਾਤ ਦੇ ਕਲੰਕ ਨੂੰ ਮਿਟਾਉਣ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ।

ਭਾਰਤ ਆਜ਼ਾਦ ਹੋਣ ਤੋਂ ਬਾਅਦ ਉਨ੍ਹਾਂ ਨੂੰ ਸੰਵਿਧਾਨ ਦੀ ਰਚਨਾ ਦਾ ਕਾਰਜਭਾਰ ਸੌਂਪਿਆ ਗਿਆ। ਉਨ੍ਹਾਂ ਦੀ ਅਗਵਾਈ ਵਿਚ ਨਾ ਕੇਵਲ ਸੰਵਿਧਾਨ ਦੀ ਰਚਨਾ ਹੋਈ, ਬਲਕਿ ਕਾਨੂੰਨ, ਜਾਤ-ਪਾਤ ਦੀ ਸਮਾਪਤੀ ਦੀ ਨੀਂਹ ਰੱਖੀ ਗਈ।

ਆਜ਼ਾਦ ਭਾਰਤ ਦੇ ਉਹ ਪਹਿਲੇ ਕਾਨੂੰਨ ਮੰਤਰੀ ਬਣੇ। ਉਨ੍ਹਾਂ ਦਾ ਵਿਸ਼ਵਾਸ ਬੁੱਧ ਧਰਮ 'ਤੇ ਅਟੁੱਟ ਸੀ। ਉਹ ਮਹਾਤਮਾ ਬੁੱਧ ਦੇ ਪ੍ਰਸ਼ੰਸਕ ਸਨ ਅਤੇ ਬੁੱਧ ਧਰਮ ਨੂੰ ਗ੍ਰਹਿਣ ਕਰ ਲਿਆ ਸੀ। ਡਾ. ਭੀਮ ਰਾਓ ਅੰਬੇਦਕਰ ਨੂੰ ਸੱਚੀ ਸ਼ਰਧਾਂਜਲੀ ਇਹੋ ਹੀ ਹੋ ਸਕਦੀ ਹੈ ਕਿ ਸਭਨਾਂ ਨੂੰ ਯੋਗਤਾ ਦੇ ਆਧਾਰ 'ਤੇ ਸਮਾਜ ਵਿਚ, ਜੀਵਨ ਵਿਚ ਮਾਨ-ਸਨਮਾਨ ਮਿਲੇ।

# ਟੈਲੀਵਿਜ਼ਨ ਅਜੇ ਵੀ ਚਰਚਿਤ ਮਾਧਿਅਮ ਹੈ

-ਪ੍ਰੋ. ਕੁਲਬੀਰ ਸਿੰਘ
94171-53513



(Punjab Mail USA)




ਬੀਤੇ ਇਕ ਦਹਾਕੇ ਦੌਰਾਨ ਮਨੋਰੰਜਨ, ਜਾਣਕਾਰੀ ਤੇ ਗਿਆਨ ਦੇ ਮਾਧਿਅਮ ਬੜੀ ਤੇਜ਼ੀ ਨਾਲ ਤਬਦੀਲ ਹੋਏ ਹਨ। ਨਿੱਤ ਨਵੀਆਂ ਤਕਨੀਕਾਂ ਆ ਰਹੀਆਂ ਹਨ ਪਰੰਤੂ ਅਖ਼ਬਾਰਾਂ ਅਤੇ ਟੈਲੀਵਿਜ਼ਨ ਦਾ ਪ੍ਰਭਾਵ ਜਿਉਂ ਦਾ ਤਿਉਂ ਬਰਕਰਾਰ ਹੈ। ਲੋਕ ਟੈਲੀਵਿਜ਼ਨ 'ਤੇ ਖ਼ਬਰਾਂ ਦਾ ਸੰਖੇਪ ਸੁਣਦੇ, ਵੇਖਦੇ ਹਨ ਅਤੇ ਫਿਰ ਅਖ਼ਬਾਰ ਵਿਚ ਉਨ੍ਹਾਂ ਦਾ ਵਿਸਥਾਰ ਪੜ੍ਹਦੇ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕੀਤੇ ਗਏ ਇਕ ਸਰਵੇ ਦੀ ਰਿਪੋਰਟ ਬੀਤੇ ਦਿਨੀਂ ਸਾਹਮਣੇ ਆਈ ਹੈ। ਲੰਮੇ ਅਧਿਐਨ ਦੌਰਾਨ ਪਤਾ ਚੱਲਿਆ ਕਿ ਪੰਜਾਬ ਦੇ ਪਿੰਡਾਂ 'ਚ ਟੈਲੀਵਿਜ਼ਨ ਅੱਜ ਵੀ ਇਕ ਚਰਚਿਤ ਤੇ ਪ੍ਰਭਾਵਸ਼ਾਲੀ ਮਾਧਿਅਮ ਹੈ। ਸਮਾਜਿਕ, ਰਾਜਨੀਤਿਕ ਗਤੀਵਿਧੀਆਂ ਸੰਬੰਧੀ ਜਾਣਕਾਰੀ ਅਤੇ ਮਨੋਰੰਜਨ ਲਈ ਪਿੰਡਾਂ ਦੇ ਲੋਕ ਅਜੇ ਵੀ ਟੈਲੀਵਿਜ਼ਨ 'ਤੇ ਨਿਰਭਰ ਹਨ।

ਭਾਵੇਂ ਇੰਟਰਨੈੱਟ ਨੇ ਸੋਸ਼ਲ ਮੀਡੀਆ ਦੀ ਪਹੁੰਚ ਸੌਖੀ ਕਰ ਦਿੱਤੀ ਹੈ ਪਰੰਤੂ ਜੋ ਅਹਿਸਾਸ, ਜੋ ਸੰਤੁਸ਼ਟੀ ਅਖ਼ਬਾਰ ਪੜ੍ਹ ਕੇ ਅਤੇ ਟੈਲੀਵਿਜ਼ਨ ਵੇਖ ਕੇ ਹੁੰਦੀ ਹੈ, ਉਹ ਹੋਰਨਾਂ ਮਾਧਿਅਮਾਂ ਤੋਂ ਨਹੀਂ ਹੁੰਦੀ। ਬੈਠ ਕੇ ਆਰਾਮ ਨਾਲ ਟੈਲੀਵਿਜ਼ਨ ਵੇਖਣਾ ਅਤੇ ਅਖ਼ਬਾਰ ਪੜ੍ਹਨੀ ਪਿੰਡਾਂ ਦੇ ਲੋਕਾਂ ਦੀ ਅਜੇ ਵੀ ਪਹਿਲੀ ਪਸੰਦ ਹੈ।

ਭਾਰਤ 'ਚ ਟੈਲੀਵਿਜ਼ਨ ਵੇਖਣ ਦਾ ਰੁਝਾਨ ਅਜੇ ਵੀ ਤੇਜ਼ੀ ਨਾਲ ਵਧ ਰਿਹਾ ਹੈ। ਬੀਤੇ ਸਾਲਾਂ ਦੌਰਾਨ ਹੋਏ ਸਰਵੇ ਇਸਦੀ ਗਵਾਹੀ ਭਰਦੇ ਹਨ। 6.7 ਫੀਸਦੀ ਵਾਧੇ ਨਾਲ ਭਾਰਤ ਵਿਚ ਟੈਲੀਵਿਜ਼ਨ ਵੇਖਣ ਵਾਲੇ ਦਰਸ਼ਕਾਂ ਦੀ ਗਿਣਤੀ 89.2 ਕਰੋੜ ਹੋ ਗਈ ਹੈ। 2018-19 ਵਿਚ ਇਹ ਗਿਣਤੀ 83.6 ਕਰੋੜ ਸੀ। ਇਹ ਵਾਧਾ ਵਧੇਰੇ ਕਰਕੇ ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ, ਮੱਧ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਨਾਲ ਲੱਗਦੇ ਹੋਰ ਸੂਬਿਆਂ ਵਿਚ ਸਾਹਮਣੇ ਆਇਆ।

ਬ੍ਰਾਡਕਾਸਟ ਔਡੀਐਂਸ ਰੀਸਰਚ ਕੌਂਸਲ (ਬਾਰਕ) ਅਨੁਸਾਰ ਟੈਲੀਵਿਜ਼ਨ ਸਕਰੀਨ ਲੰਮੇ ਸਮੇਂ ਤੋਂ ਭਾਰਤੀਆਂ ਦੀ ਪਸੰਦ ਬਣਿਆ ਹੋਇਆ ਹੈ। ਇਹ ਰੁਝਾਨ ਭਾਰਤ ਵਿਚ ਹੀ ਨਹੀਂ, ਬਲਕਿ ਪੂਰੀ ਦੁਨੀਆਂ ਵਿਚ ਵੇਖਣ ਨੂੰ ਮਿਲਦਾ ਹੈ। ਜਿਨ੍ਹਾਂ ਘਰਾਂ ਵਿਚ ਟੈਲੀਵਿਜ਼ਨ ਸੈੱਟ ਨਹੀਂ ਹੈ, ਉਹ ਵੀ ਲੰਘਦੇ ਕਰਦੇ ਇਧਰ-ਉਧਰ ਟੈਲੀਵਿਜ਼ਨ ਸਕਰੀਨ 'ਤੇ ਨਜ਼ਰ ਜ਼ਰੂਰ ਮਾਰਦੇ ਹਨ।

ਅਮਰੀਕਾ ਦੇ ਬਹੁਗਿਣਤੀ ਲੋਕ ਮਨੋਰੰਜਨ ਅਤੇ ਜਾਣਕਾਰੀ ਲਈ ਅੱਜ ਵੀ ਟੈਲੀਵਿਜ਼ਨ ਆਨ ਕਰਦੇ ਹਨ। ਅਮਰੀਕਾ ਵਿਚ ਟੈਲੀਵਿਜ਼ਨ ਵੇਖਣ ਦੇ ਸਮੇਂ ਵਿਚ ਅਤੇ ਦਰਸ਼ਕ-ਗਿਣਤੀ ਵਿਚ ਸਾਲ 2023 ਦੌਰਾਨ ਵੱਡਾ ਵਾਧਾ ਦਰਜ ਹੋਇਆ। ਇਹ ਰਿਪੋਰਟ 7 ਫਰਵਰੀ 2024 ਨੂੰ ਸਾਹਮਣੇ ਆਈ।


ਸੰਸਾਰ ਪੱਧਰ 'ਤੇ ਹੁਣ ਤੱਕ ਹੋਏ ਸਰਵੇ ਦੱਸਦੇ ਹਨ ਕਿ ਟੈਲੀਵਿਜ਼ਨ ਸੰਚਾਰ ਅਤੇ ਗਿਆਨ ਦੇ ਅਦਾਨ-ਪ੍ਰਦਾਨ ਦਾ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਹੈ। ਟੈਲੀਵਿਜ਼ਨ ਕਿਸੇ ਈਵੈਂਟ ਦੀ ਕਵਰੇਜ ਤੁਰੰਤ ਪੂਰੀ ਦੁਨੀਆਂ ਵਿਚ ਪਹੁੰਚਾ ਦਿੰਦਾ ਹੈ। ਭਾਵੇਂ ਉਹ ਖੇਡਾਂ ਹੋਣ ਜਾਂ ਕੋਈ ਮਹੱਤਵਪੂਰਨ ਖ਼ਬਰ। ਅਜਿਹਾ ਟੈਲੀਵਿਜ਼ਨ ਕ੍ਰਾਂਤੀ ਕਾਰਨ ਸੰਭਵ ਹੋ ਸਕਿਆ।

58 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਉਹ ਟੈਲੀਵਿਜ਼ਨ ਵੇਖਣਾ ਪਸੰਦ ਕਰਦੇ ਹਨ। ਮਾਹਿਰ ਮੰਨਦੇ ਹਨ ਕਿ ਜੇਕਰ ਇਸਦੀ ਸੁਯੋਗ ਵਰਤੋਂ ਕੀਤੀ ਜਾਵੇ, ਤਾਂ ਇਹ ਅੱਜ ਵੀ ਵਧੀਆ ਸਿੱਖਿਆ-ਸੰਦ ਬਣ ਸਕਦਾ ਹੈ। ਕੌਮਾਂਤਰੀ-ਮੁੱਦਿਆਂ ਸੰਬੰਧੀ ਵਿਸ਼ਵ-ਵਿਆਪੀ ਸਮਝ ਵਿਕਸਤ ਕਰਨ ਵਿਚ ਸਾਰਥਕ ਭੂਮਿਕਾ ਨਿਭਾ ਸਕਦਾ ਹੈ। ਟੈਲੀਵਿਜ਼ਨ ਪ੍ਰੋਗਰਾਮ ਜਿਥੇ ਦੁਨੀਆਂ ਭਰ ਦੇ ਲੋਕਾਂ ਦਾ ਮਨੋਰੰਜਨ ਕਰਦੇ ਹਨ, ਉਥੇ ਵੱਖ-ਵੱਖ ਸੱਭਿਆਚਾਰਾਂ ਪ੍ਰਤੀ ਚੇਤੰਨਤਾ ਵੀ ਪੈਦਾ ਕਰਦੇ ਹਨ। ਸਿਹਤ ਪ੍ਰਤੀ, ਸ਼ਖ਼ਸੀਅਤ ਉਸਾਰੀ ਪ੍ਰਤੀ ਸੁਚੇਤ ਕਰਦੇ ਹਨ। ਜ਼ਿੰਦਗੀ ਵਿਚ ਅੱਗੇ ਵਧਣ ਲਈ ਪ੍ਰੇਰਨਾ ਤੇ ਉਤਸ਼ਾਹ ਪੈਦਾ ਕਰਦੇ ਹਨ। ਸਮਾਰਟ ਫੋਨ ਜਿੱਥੇ ਪਰਿਵਾਰ ਨੂੰ, ਪਰਿਵਾਰਕ ਮੈਂਬਰਾਂ ਨੂੰ ਜੁਦਾ-ਜੁਦਾ ਬਿਠਾਉਂਦਾ ਹੈ, ਉਥੇ ਟੈਲੀਵਿਜ਼ਨ ਉਨ੍ਹਾਂ ਨੂੰ ਇਕੱਠੇ ਕਰਦਾ ਹੈ। ਇਕੱਠੇ ਬੈਠ ਕੇ ਪ੍ਰੋਗਰਾਮ ਵੇਖਣ, ਗੱਲਬਾਤ ਕਰਨ, ਹਾਸਾ ਮਖ਼ੌਲ ਕਰਨ ਦੇ ਮੌਕੇ ਦਿੰਦਾ ਹੈ। ਜੇਕਰ ਪ੍ਰੋਗਰਾਮਾਂ ਦੀ ਚੋਣ ਸਹੀ ਤੇ ਸਾਰਥਕ ਕੀਤੀ ਜਾਵੇ, ਤਾਂ ਟੈਲੀਵਿਜ਼ਨ ਸਮਾਂ ਬਤਾਉਣ ਦਾ ਸਿਹਤਮੰਦ ਸਾਧਨ ਸਿੱਧ ਹੁੰਦਾ ਹੈ। ਨਵੀਆਂ ਚੀਜ਼ਾਂ ਸਿੱਖਣ ਸਮਝਣ ਦੇ ਮੌਕੇ ਮਿਲਦੇ ਹਨ। ਤੁਸੀਂ ਘਰ ਬੈਠੇ ਦੁਨੀਆਂ ਦੇਖ ਸਕਦੇ ਹੋ।

ਟੈਲੀਵਿਜ਼ਨ ਦਾ ਪ੍ਰਭਾਵ ਵੱਡਾ ਤੇ ਵਿਸ਼ਾਲ ਹੈ। ਜ਼ਿੰਦਗੀ ਦਾ ਕੋਈ ਖੇਤਰ, ਕੋਈ ਪਹਿਲੂ ਅਜਿਹਾ ਨਹੀਂ, ਜਿਸਨੂੰ ਇਸਨੇ ਪ੍ਰਭਾਵਤ ਨਾ ਕੀਤਾ ਹੋਵੇ। ਟੈਲੀਵਿਜ਼ਨ ਅਜੋਕੇ ਜੀਵਨ ਦਾ ਅਨਿੱਖੜਵਾਂ ਅੰਗ ਬਣ ਗਿਆ ਹੈ। ਘਰ, ਦਫ਼ਤਰ, ਕਾਰ ਬਜ਼ਾਰ, ਹੋਟਲ, ਰੇਲ, ਹਵਾਈ ਜਹਾਜ ਹਰ ਜਗ੍ਹਾ ਟੈਲੀਵਿਜ਼ਨ ਕਿਸੇ ਨਾ ਕਿਸੇ ਰੂਪ ਵਿਚ ਉਪਲਬਧ ਹੈ।

# ਰੰਗੀਲਾ ਅਫਸਰ ਅਤੇ ਇਲਾਕੇ ਦੀ ਚੌਂਕੀਦਾਰੀ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
(Punjab Mail USA)





ਕਈ ਸਾਲ ਪਹਿਲਾਂ ਪਟਿਆਲਾ ਰੇਂਜ਼ ਦੇ ਕਿਸੇ ਜ਼ਿਲ੍ਹੇ ਦਾ ਕਪਤਾਨ ਬਹੁਤ ਹੀ ਰੰਗੀਨ ਅਤੇ ਸ਼ੌਕੀਨ ਤਬੀਅਤ ਦਾ ਇਨਸਾਨ ਸੀ। ਉਸ ਦੀ ਕਿਸੇ ਨਾ ਕਿਸੇ ਕਾਰਵਾਈ ਦੀ ਚੁੰਝ ਚਰਚਾ ਪੁਲਿਸ ਅਤੇ ਆਮ ਲੋਕਾਂ ਵਿਚ ਚੱਲਦੀ ਹੀ ਰਹਿੰਦੀ ਸੀ। ਉਸ ਨੂੰ ਦਰਖਾਸਤ ਆਦਿ ਦੇਣ ਵਾਸਤੇ ਜੇ ਕੋਈ ਆਦਮੀ ਜਾਂ ਸਾਧਾਰਨ ਜਿਹੀ ਔਰਤ ਆ ਜਾਂਦੀ ਸੀ, ਤਾਂ ਦੋ ਮਿੰਟਾਂ ਵਿਚ ਹੀ ਫਾਰਗ ਕਰ ਦੇਂਦਾ, ਪਰ ਜੇ ਕੋਈ ਅੱਪ ਟੂ ਡੇਟ ਚਟਕ ਜਿਹੀ ਖੂਬਸੂਰਤ ਬੀਬੀ ਆ ਜਾਂਦੀ, ਤਾਂ ਚਾਹ ਪਿਆਏ ਬਗੈਰ ਨਹੀਂ ਸੀ ਜਾਣ ਦੇਂਦਾ। ਉਸ ਦੀਆਂ ਪੁਲਿਸ ਅਤੇ ਸਿਵਲ, ਵੱਡੀ ਗਿਣਤੀ ਵਿਚ ਗਰਲ ਫਰੈਂਡਾਂ ਹੋਣ ਬਾਰੇ ਰੌਲਾ-ਗੌਲਾ ਆਮ ਹੀ ਸੀ। ਇਸ ਕਾਰਨ ਕਈ ਪੁਲਿਸ ਮੁਲਾਜ਼ਮਾਂ ਤਾਂ ਐਨੀਆਂ ਬੇਖੌਫ ਅਤੇ ਮੂੰਹ ਜ਼ੋਰ ਹੋ ਗਈਆਂ ਸਨ ਕਿ ਪੁਲਿਸ ਲਾਈਨ ਅਤੇ ਥਾਣਿਆਂ ਦੇ ਮੁੰਸ਼ੀਆਂ ਦੀ ਹਿੰਮਤ ਨਹੀਂ ਸੀ ਪੈਂਦੀ ਕਿ ਉਨ੍ਹਾਂ ਦੀ ਕਿਤੇ ਡਿਊਟੀ ਲਗਾ ਸਕਣ। ਸ਼ਰੇਆਮ ਕਪਤਾਨ ਦਾ ਨਾਮ ਲੈ ਕੇ ਧਮਕੀ ਦੇ ਦਿੰਦੀਆਂ ਸਨ ਕਿ ਤੂੰ ਸਸਪੈਂਡ ਤਾਂ ਨਹੀਂ ਹੋਣਾ। ਵਿਚਾਰੇ ਮੁੰਸ਼ੀ ਖੂਨ ਦਾ ਘੁੱਟ ਪੀ ਕੇ ਰਹਿ ਜਾਂਦੇ ਸਨ ਤੇ ਮਨ ਹੀ ਮਨ ਸੋਚਦੇ ਸਨ ਕਿ ਇਸ ਕਪਤਾਨ ਦੀ ਬਦਲੀ ਹੋ ਲੈਣ ਦੇ, ਫਿਰ ਤੈਨੂੰ ਦੱਸਾਂਗਾ ਕਿ ਡਿਊਟੀ ਕਿਵੇਂ ਕਰੀਦੀ ਹੈ।

ਉਹ ਆਪਣੇ ਸ਼ੌਂਕ ਦੀ ਪੂਰਤੀ ਲਈ ਖਤਰਾ ਉਠਾਉਣ ਤੋਂ ਵੀ ਗੁਰੇਜ਼ ਨਹੀਂ ਸੀ ਕਰਦਾ। ਉਸ ਦਾ ਇੱਕ ਤਲਾਕਸ਼ੁਦਾ ਪੁਲਿਸ ਮੁਲਾਜ਼ਮ ਨਾਲ ਐਨਾ ਜ਼ਿਆਦਾ ਪ੍ਰੇਮ ਪੈ ਗਿਆ ਕਿ ਉਸ ਦੀ ਖਾਤਰ ਆਪਣੇ ਰੁਤਬੇ ਅਤੇ ਸੁਰੱਖਿਆ ਨੂੰ ਵੀ ਖਤਰੇ ਵਿਚ ਪਾਉਣ ਤੱਕ ਚਲਾ ਗਿਆ। ਉਸ ਨੇ ਦੇਰ ਰਾਤ ਨੂੰ ਆਪਣੀ ਕਾਲੇ ਸ਼ੀਸ਼ੀਆਂ ਵਾਲੀ ਪ੍ਰਾਈਵੇਟ ਗੱਡੀ ਕੱਢਣੀ ਤੇ ਬਿਨਾਂ ਕਿਸੇ ਗੰਨਮੈਨ ਦੇ ਖੁਦ ਹੀ ਗੱਡੀ ਚਲਾ ਕੇ ਉਸ ਦੇ ਘਰ ਪਹੁੰਚ ਜਾਣਾ। ਹੁਣ ਐਨੇ ਵੱਡੇ ਰੈਂਕ ਦੇ ਅਫਸਰ ਦੀਆਂ ਅਜਿਹੀਆਂ ਗੱਲਾਂ ਕਿੱਥੇ ਛਿਪਦੀਆਂ ਹਨ, ਹੌਲੀ-ਹੌਲੀ ਮੁਹੱਲੇ ਵਿਚ ਖੁਸਰ-ਫੁਸਰ ਸ਼ੁਰੂ ਹੋ ਗਈ। ਕਪਤਾਨ ਦੀ ਮਾੜੀ ਕਿਸਮਤ ਕਿ ਉਨ੍ਹਾਂ ਦਿਨਾਂ ਵਿਚ ਹੀ ਜ਼ਿਲ੍ਹੇ ਵਿਚ ਚੋਰੀ ਅਤੇ ਲੁੱਟ-ਖੋਹ ਦੀਆਂ ਤਾਬੜਤੋੜ ਵਾਰਦਾਤਾਂ ਹੋਣ ਲੱਗ ਪਈਆਂ। ਕਪਤਾਨ ਵੱਲੋਂ ਸਾਰੇ ਥਾਣਿਆਂ ਨੂੰ ਹੁਕਮ ਜਾਰੀ ਕਰ ਦਿੱਤਾ ਗਿਆ ਕਿ ਵੱਧ ਤੋਂ ਵੱਧ ਗਸ਼ਤ ਕੀਤੀ ਜਾਵੇ, ਪਿੰਡਾਂ ਵਿਚ ਠੀਕਰੀ ਪਹਿਰੇ ਲਗਾਏ ਜਾਣ ਤੇ ਸ਼ਹਿਰਾਂ ਵਿਚ ਚੌਂਕੀਦਾਰ ਰਖਵਾਏ ਜਾਣ।


ਜ਼ਿਲ੍ਹਾ ਹੈੱਡਕਵਾਟਰ ਵਾਲੇ ਸ਼ਹਿਰ ਦੇ ਐੱਸ.ਐੱਚ.ਉ. ਨੂੰ ਖਬਰ ਮਿਲੀ ਕਿ ਫਲਾਣੇ ਮੁਹੱਲੇ (ਜਿੱਥੇ ਕਪਤਾਨ ਦਾ ਆਉਣ ਜਾਣ ਸੀ) ਵਾਲੇ ਚੌਂਕੀਦਾਰ ਰੱਖਣ ਤੋਂ ਇਨਕਾਰ ਕਰ ਰਹੇ ਹਨ। ਐੱਸ.ਐੱਚ.ਉ. ਖੁਦ ਦਲ ਬਲ ਸਮੇਤ ਉਥੇ ਪਹੁੰਚਿਆ ਤੇ ਮੁਹੱਲੇ ਦੇ ਮੋਹਤਬਰਾਂ ਦੀ ਮੀਟਿੰਗ ਬੁਲਾ ਕੇ ਸਿਆਣਾ ਜਿਹਾ ਬਣ ਕੇ ਸਮਝਾਉਣ ਲੱਗਾ ਕਿ ਚੌਂਕੀਦਾਰ ਰੱਖਣਾ ਬਹੁਤ ਜ਼ਰੂਰੀ ਹੈ ਕਿਉਂਕਿ ਪੁਲਿਸ ਵਾਸਤੇ ਹਰ ਇਲਾਕੇ ਵਿਚ ਗਸ਼ਤ ਕਰਨੀ ਸੰਭਵ ਨਹੀਂ। ਜਿਸ ਇਲਾਕੇ ਵਿਚ ਚੌਂਕੀਦਾਰ ਰਾਤ ਨੂੰ ਡਾਂਗ ਖੜਕਾਉਂਦਾ ਹੋਇਆ ਘੁੰਮਦਾ ਹੈ, ਉਥੇ ਮਾੜੇ ਅਨਸਰ ਆਉਣ ਦੀ ਹਿੰਮਤ ਨਹੀਂ ਕਰ ਸਕਦੇ ਆਦਿ-ਆਦਿ। ਮੀਟਿੰਗ ਵਿਚ ਕਾਨਾਫੂਸੀ ਹੋਣੀ ਸ਼ੁਰੂ ਹੋ ਗਈ ਪਰ ਕੋਈ ਖੁੱਲ੍ਹ ਕੇ ਬੋਲਣ ਲਈ ਤਿਆਰ ਨਾ ਹੋਇਆ। ਅਖੀਰ ਐੱਸ.ਐੱਚ.ਉ. ਨੇ ਮੁਹੱਲੇ ਦੇ ਮੂੰਹ ਫੱਟ ਪੱਤਰਕਾਰ ਕੌੜੇ (ਕਾਲਪਨਿਕ ਨਾਮ) ਨੂੰ ਕਿਹਾ ਕਿ ਤੂੰ ਹੀ ਕੁਝ ਦੱਸ ਦੇ, ਅਸਲ ਗੱਲ ਕੀ ਹੈ?


ਕੌੜੇ ਨੇ ਆਸੇ-ਪਾਸੇ ਵੇਖਿਆ ਤੇ ਲੋਕਾਂ ਨੂੰ ਮੂਕ ਸਹਿਮਤੀ ਵਿਚ ਸਿਰ ਹਿਲਾਉਂਦੇ ਵੇਖ ਕੇ ਕਿਹਾ, "ਇੰਸਪੈਕਟਰ ਸਾਹਿਬ, ਤੁਹਾਨੂੰ ਸ਼ਾਇਦ ਪਤਾ ਨਹੀਂ ਕਿ ਸਾਡਾ ਮੁਹੱਲਾ ਸ਼ਹਿਰ ਦਾ ਸਭ ਤੋਂ ਵੱਧ ਸੁਰੱਖਿਅਤ ਮੁਹੱਲਾ ਹੈ। ਇਥੇ ਰਾਤ ਦੀ ਗਸ਼ਤ ਕੋਈ ਛੋਟਾ ਮੋਟਾ ਪੁਲਿਸ ਮੁਲਾਜ਼ਮ ਨਹੀਂ, ਤੁਹਾਡਾ ਕਪਤਾਨ ਖੁਦ ਕਰਦਾ ਹੈ। ਉਹ ਦੋ-ਚਾਰ ਦਿਨਾਂ ਬਾਅਦ 10-11 ਵਜੇ ਆਉਂਦਾ ਹੈ ਤੇ ਤੜਕੇ 2-3 ਵਜੇ ਜਾਂਦਾ ਹੈ। ਉਸ ਦੇ ਹੁੰਦਿਆਂ ਕਿਸੇ ਚੋਰ ਉਚੱਕੇ ਜਾਂ ਗੁੰਡੇ ਬਦਮਾਸ਼ ਦੀ ਕੀ ਹਿੰਮਤ ਕਿ ਉਹ ਸਾਡੇ ਮੁਹੱਲੇ ਵੱਲ ਮੂੰਹ ਵੀ ਕਰ ਸਕੇ।" ਇਹ ਸੁਣ ਕੇ ਐੱਸ.ਐੱਚ.ਉ. ਦੇ ਕੰਨਾਂ ਵਿਚ ਸ਼ਾਂ-ਸ਼ਾਂ ਹੋਣ ਲੱਗ ਪਈ ਤੇ ਉਸ ਨੇ ਉਥੋਂ ਰਵਾਨਗੀ ਪਾਉਣ ਵਿਚ ਹੀ ਭਲਾਈ ਸਮਝੀ


# ਜ਼ਰੂਰੀ ਹੈ ਮੂੰਹ ਦੇ ਅੰਦਰ ਦੀ ਦੇਖਭਾਲ

"ਵਿਸ਼ਵ ਓਰਲ ਹੈਲਥ ਮਹੀਨਾ 2024 ਦਾ ਥੀਮ ਹੈ- ਹੈਪੀ ਮਾਊਥ ਯਾਨਿ ਓਰਲ ਹੈਲਥ ਪ੍ਰਤੀ ਜਾਗਰੂਕਤਾ। ਵਿਸ਼ਵ ਭਰ 'ਚ ਬੱਚਿਆਂ ਤੋਂ ਲੈ ਕੇ ਹਰ ਉਮਰ ਦੇ ਲੋਕਾਂ 'ਚ ਆਮ ਸਮੱਸਿਆ ਸਾਹ ਲੈਣ ਦੌਰਾਣ ਬੁਦਬੂ ਦਾ ਰਹਿਣਾ, ਮੂੰਹ ਦਾ ਕੈਂਸਰ, ਛੋਟੀ ਉਮਰ ਵਿਚ ਹੀ ਕਿਸੇ ਵੀ ਇਨਫੈਕਸ਼ਨ 'ਤੇ ਬਿਮਾਰੀਆਂ ਨਾਲ ਦੰਦਾਂ ਦਾ ਦਰਦ ਰਹਿਣਾ, ਜਾਂ ਝੱੜ ਜਾਣ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ"- ਅਨਿਲ ਧੀਰ

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)








ਓਰਲ ਸਿਹਤ ਮਹੀਨਾ 2024 ਤੰਦਰੁਸਤ ਜ਼ਿੰਦਗੀ ਲਈ ਮੌਖਿਕ ਸਿਹਤ ਸੰਬੰਧੀ ਜਾਗਰੂਕਤਾ ਅਤੇ ਹਰ ਉਮਰ 'ਚ ਓਰਲ-ਕੇਅਰ ਦੀ ਮਹੱਤਤਾ ਬਾਰੇ ਗੱਲ ਕੀਤੀ ਜਾ ਰਹੀ ਹੈ। ਅੱਜ 532 ਮਿਲੀਅਨ ਤੋਂ ਵੱਧ ਬੱਚੇ ਦੰਦਾਂ ਦੇ ਰੋਗਾਂ ਦੇ ਸ਼ਿਕਾਰ ਹਨ ਅਤੇ ਵਿਸ਼ਵ ਦੀ 19% ਆਬਾਦੀ ਮੌਖਿਕ ਰੋਗਾਂ ਦੇ ਘੇਰੇ ਵਿਚ ਆ ਚੱਕੇ ਹਨ। ਸਰੀਰ ਅੰਦਰ ਹੋਣ ਵਾਲੇ ਕੈਂਸਰ ਵਿਚੋਂ ਮੂੰਹ ਯਾਨਿ ਮੌਖਿਕ ਕੈਂਸਰ ਤੇਜ਼ੀ ਨਾਲ ਵੱਧ ਰਿਹਾ ਹੈ। ਓਰਲ ਯਾਨਿ ਲਿੱਪ, ਮੂੰਹ ਦੇ ਦੂਜੇ ਹਿੱਸਿਆਂ ਅਤੇ ਓਰੋਫੈਨਿਕਸ ਕੈਂਸਰ ਔਰਤਾਂ-ਮਰਦਾਂ ਵਿਚ ਦੇਖਿਆ ਜਾ ਰਿਹਾ ਹੈ। ਕੁੱਝ ਏਸ਼ਿਆਈ ਮੁਲਕਾਂ ਵਿਚ ਨੌਜਵਾਨਾਂ ਵਿਚ ਮੂੰਹ ਦੇ ਕੈਂਸਰ ਦਾ ਆਂਕੜਾ ਵੀ ਵੱਧਿਆ ਹੈ।

ਵਿਸ਼ਵ ਭਰ 'ਚ ਮੂੰਹ ਦਾ ਕੈਂਸਰ, ਦੰਦਾਂ ਦੀ ਇਨਫੈਕਸ਼ਨ, ਕੈਵਿਟੀ, ਸੂਜਨ, ਵਰਗੀ ਬਿਮਾਰੀਆਂ ਦਾ ਪ੍ਰਤੀਸ਼ਤ ਘਰੋਂ-ਘਰੀ ਤੇਜ਼ੀ ਨਾਲ ਵੱਧ ਰਿਹਾ ਹੈ। ਅੱਜ ਸਕੂਲੀ ਬੱਚੇ 76-91%, ਅਤੇ ਕਰੀਬਨ 90-96% ਬਾਲਗ ਮੂੰਹ ਦੇ ਰੋਗਾਂ ਦੇ ਸ਼ਿਕਾਰ ਹਨ। ਹਰ ਸਾਲ ਕੈਨੇਡਾ ਵਿਚ ਅੰਦਾਜ਼ਨ 2.4 ਮਿਲੀਅਨ ਬੱਚਿਆਂ ਨੂੰ ਦੰਦਾਂ ਦੀ ਤਕਲੀਫ ਕਾਰਨ ਸਕੂਲ ਤੋਂ ਛੁੱਟੀ ਕਰਨੀ ਪੈਂਦੀ ਹੈ। ਅਮਰੀਕਾ ਵਿਚ ਬੱਚੇ ਦਮੇ ਨਾਲੋਂ ਜ਼ਿਆਦਾ ਮੂੰਹ ਦੇ ਰੋਗਾਂ ਦੇ ਸ਼ਿਕਾਰ ਹਨ।

ਵਿਸ਼ਵ ਸਿਹਤ ਸੰਸਥਾ ਨੇ ਓਰਲ ਸਿਹਤ ਪ੍ਰੋਗਰਾਮਾਂ ਵਿਚ ਦੰਦਾਂ ਦੇ ਰੋਗਾਂ ਦੀ ਰੋਕਥਾਮ ਲਈ ਫਲੋਰਾਈਡ ਪ੍ਰਭਾਵਸ਼ਾਲੀ ਵਰਤੋਂ, ਪੌਸ਼ਟਿਕ ਖੁਰਾਕ ਦੁਆਰਾ ਓਰਲ ਬਿਮਾਰੀ ਦੀ ਰੋਕਥਾਮ, ਸੀਨੀਅਰਜ਼ ਅਤੇ ਗਰਭਵਤੀ ਔਰਤਾਂ ਵਿਚ ਮੌਖਿਕ ਸਿਹਤ ਬਾਰੇ ਦੇਖਭਾਲ, ਤੰਬਾਕੂ ਸੰਬੰਧੀ ਰੋਗਾਂ 'ਤੇ ਕੰਟਰੋਲ, ਸਕੂਲੀ ਪੱਧਰ 'ਤੇ ਮੌਖਿਕ ਸਿਹਤ ਨੂੰ ਉਤਸ਼ਾਹਤ ਕਰਨਾ, ਜ਼ੁਬਾਨੀ ਸਿਹਤ ਪ੍ਰਣਾਲੀਆਂ ਦਾ ਵਿਕਾਸ ਅਤੇ ਰੋਕਥਾਮ 'ਤੇ ਸਿਹਤ ਨੂੰ ਉਤਸ਼ਾਹਤ ਕਰਨ ਲਈ ਸੇਵਾਵਾਂ ਦਾ ਰੁਝਾਨ, ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਮੌਖਿਕ ਸਿਹਤ ਪ੍ਰਤੀ ਅਵੇਅਰਨੈਸ ਨੂੰ ਅੱਗੇ ਰੱਖਿਆ ਹੈ।

ਪੀਰੀਅਡੋਂਟਿਲ ਬਿਮਾਰੀ ਵਿਚ ਦੰਦਾਂ ਦੇ ਆਲੇ-ਦੁਆਲੇ ਦੇ ਟਿਸ਼ੂਆਂ ਨੂੰ ਪ੍ਰਭਾਵਤ ਕਰਦੇ ਹਨ। ਖੂਨ ਵਗਣ ਦੇ ਨਾਲ ਦਰਦ ਅਤੇ ਸਾਹ ਬਦਬੂਦਾਰ ਆਉਂਦਾ ਹੈ। ਗੰਭੀਰ ਹਾਲਤ ਵਿਚ ਦੰਦ ਲੂਜ਼ ਹੋ ਕੇ ਬਾਹਰ ਵੀ ਆ ਜਾਂਦੇ ਹਨ। ਗੰਭੀਰ ਪੀਰੀਅਡੋਂਟਲ ਬਿਮਾਰੀਆਂ ਨੇ ਵਿਸ਼ਵ ਦੀ ਅਦਾਜ਼ਨ 15% ਆਬਾਦੀ ਨੂੰ ਪ੍ਰਭਾਵਿਤ ਕੀਤਾ ਹੈ। ਮੁੱਖ ਕਾਰਨ ਤੰਬਾਕੂ ਦੀ ਜ਼ਿਆਦਾ ਵਰਤੋਂ ਜ਼ੁਬਾਨ ਦੀ ਸਫਾਈ ਪ੍ਰਤੀ ਲਾਪ੍ਰਵਾਹੀ ਦੇਖੀ ਜਾ ਰਹੀ ਹੈ। ਤੰਬਾਕੂ, ਅਲਕੋਹਲ, ਖੰਡ (ਚੀਨੀ) ਦਾ ਜ਼ਿਆਦਾ ਇਸਤੇਮਾਲ, ਮੂੰਹ ਦੀ ਸਫਾਈ ਪ੍ਰਤੀ ਲਾਪ੍ਰਵਾਹੀ, ਆਰਿਥਕ ਤੰਗੀ ਕਾਰਨ ਮੌਖਿਕ ਬਿਮਾਰੀਆਂ ਵਿਚ ਵਾਧਾ ਹੋ ਰਿਹਾ ਹੈ।

## ਜ਼ਰੂਰੀ ਹੈ ਮੂੰਹ ਦੀ ਦੇਖਭਾਲ

ਮੌਖਿਕ ਸਿਹਤ ਬਣਾਈ ਰੱਖਣ 'ਤੇ ਪੀਰੀਅਡੋਂਟਲ ਰੋਗ ਅਤੇ ਹੋਰ ਬਿਮਾਰੀਆਂ ਦੇ ਵਿਕਾਸ ਦੇ ਖਤਰੇ ਨੂੰ ਘੱਟ ਕਰਨ ਅੱਗੇ ਲਿਖੇ ਉਪਾਅ ਕਰ ਸਕਦੇ ਹੋ :

- ਕਾਰਬੋਹਾਈਡ੍ਰੇਟਸ ਦਾ ਜ਼ਿਆਦਾ ਸੇਵਨ, ਬੈਕਟੀਰੀਆ 'ਚ ਐਸਿਡ ਦੰਦਾਂ ਦੀ ਬਾਹਰੀ ਪਰਤ ਜਾਂ ਜੜ੍ਹਾਂ ਤੋਂ ਤੋੜ ਸਕਦੇ ਹਨ।
- ਦੰਦਾਂ ਦੀ ਆਮ ਸ਼ਿਕਾਇਤ ਦਾ ਇਲਾਜ ਨਾ ਕੀਤੇ ਜਾਣ ਨਾਲ ਮਸੂੜਿਆਂ ਦੇ ਹੇਠ ਗੰਭੀਰ ਇਨਫੈਕਸ਼ਨ ਜੋ ਸਰੀਰ ਦੇ ਦੂਜੇ ਹਿੱਸਿਆਂ 'ਚ ਫੈਲ ਸਕਦੇ ਹਨ। ਨਤੀਜਾ ਖਤਰਨਾਕ ਹੋ ਸਕਦਾ ਹੈ।
- ਸ਼ੂਗਰ-ਫ੍ਰੀ ਪੌਸ਼ਟਿਕ ਖੁਰਾਕ ਅਤੇ ਸਨੈਕਸ ਰੂਟੀਨ ਵਿਚ ਸ਼ਾਮਿਲ ਕਰੋ।
- ਵਾਈਨ ਲੀਮਿਟ ਵਿਚ ਲਵੋ।
- ਦੰਦਾਂ ਦੇ ਰੋਗਾਂ ਦੀ ਰੋਕਥਾਮ ਲਈ ਫਲੋਰਾਈਡ ਦੇ ਅਨੁਕੂਲ ਪੱਧਰ ਲਈ ਫਲੋਰਿਡੇਟਿਡ ਪੀਣ ਵਾਲਾ ਪਾਣੀ, ਨਮਕ, ਦੁੱਧ, ਦੀ ਵਰਤੋਂ ਦੇ ਨਾਲ ਇੱਕ ਹਜ਼ਾਰ ਤੋਂ 1500 ਪੀ.ਪੀ.ਐੱਮ. ਫਲੋਰਾਈਡ ਵਾਲੀ ਟੂੱਥਪੇਸਟ ਨਾਲ ਸਵੇਰੇ-ਸ਼ਾਮ ਦੰਦਾਂ ਨੂੰ ਕਲੀਨ ਕਰੋ।
- ਦੰਦ ਦੇ ਆਮ ਰੋਗਾਂ ਤੋਂ ਬਚਣ ਲਈ ਹਰ ਖਾਣੇ ਤੋਂ ਬਾਅਦ ਗਰਮ ਪਾਣੀ ਨਾਲ ਕੁਰਲੀ ਕਰਨ ਦੀ ਆਦਤ ਪਾ ਲਵੋ। ਦੰਦਾਂ ਦੇ ਵਿਚਕਾਰ ਫਸੇ ਹੋਏ ਖਾਣੇ ਨੂੰ ਕੱਢਣ ਲਈ ਡੇਲੀ ਫਲਾਸ ਕਰੋ। ਰਾਤ ਦੇ ਸਮੇਂ ਸੌਣ ਤੋਂ ਪਹਿਲਾਂ ਬਰੱਸ਼ ਜ਼ਰੂਰ ਕਰੋ।
- ਟੂੱਥ-ਬੁਰਸ਼ ਨੂੰ ਹਰ 2 ਮਹੀਨੇ ਬਾਅਦ ਜ਼ਰੂਰ ਬਦਲੋ। ਆਪਣੇ ਦੰਦਾਂ ਦੇ ਮੁਤਾਬਿਕ ਨਰਮ ਜਾਂ ਸਖਤ ਬ੍ਰਿਸਟਲ ਵਾਲਾ ਟੂੱਥਬੁਰਸ਼ ਇਸਤੇਮਾਲ ਕਰੋ।
- ਦੰਦਾਂ ਨੂੰ ਹੈਲਦੀ ਰੱਖਣ ਲਈ ਸਾਲ ਵਿਚ 1 ਬਾਰ ਡੈਂਟਿਸਟ ਤੋਂ ਚੈੱਕ-ਅਪ ਕਰਾਉਣ ਦੀ ਆਦਤ ਪਾ ਲਵੋ।
- ਮੂੰਹ ਦੀ ਬਦਬੂ ਲਈ ਨਮਕ ਵਾਲੇ ਪਾਣੀ ਦੇ ਗਰਾਰੇ ਡੇਲੀ 2-3 ਬਾਰ ਕਰੋ। ਘਰੇਲੂ ਮਾਊਥ-ਬਾਸ਼ ਲਈ 1 ਕੱਪ ਘੱਟ ਗਰਮ ਪਾਣੀ ਵਿਚ 3 ਬੂੰਦਾਂ ਟੀ-ਟ੍ਰੀ ਆਇਲ ਪਾਕੇ ਇਸਤੇਮਾਲ ਕਰਨਾ ਚਾਹੀਦਾ ਹੈ।
- ਰਾਤ ਨੂੰ ਬੈੱਡ 'ਤੇ ਜਾਣ ਤੋਂ ਪਹਿਲਾਂ ਮੂੰਹ ਅੰਦਰ 1-2 ਬੂੰਦਾਂ ਲੌਂਗ ਦਾ ਤੇਲ ਲਗਾਓ।
- ਅੱਜ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਮੂੰਹ ਸਬੰਧੀ ਆਮ ਤੋਂ ਗੰਭੀਰ ਬਿਮਾਰੀਆਂ ਤੋਂ ਬਚਾਅ, ਦੇਖਭਾਲ ਅਤੇ ਜਾਗਰੂਕ ਕਰਨ ਲਈ ਕਮਿਊਨਿਟੀ ਡੈਂਟਲ 'ਤੇ ਓਰਲ ਹੈਲਥ ਪ੍ਰੋਗਰਾਮ, ਸੇਵਾਵਾਂ ਦੁਆਰਾ ਐਜੂਕੇਟ ਕੀਤਾ ਜਾ ਰਿਹਾ ਹੈ।

# ਲਾਈਵ ਗਾਉਣ ਵਾਲੇ ਸੁਰੀਲੇ ਫ਼ਨਕਾਰ

ਅਮਰਬੀਰ ਸਿੰਘ ਚੀਮਾ
ਸਰਹਿੰਦ ਸ਼ਹਿਰ, ਜ਼ਿਲ੍ਹਾ
ਫ਼ਤਿਹਗੜ੍ਹ ਸਾਹਿਬ
98889-40211
(Punjab Mail USA)



ਅਜੋਕੇ ਸਮੇਂ ਪੰਜਾਬੀ ਗੀਤਾਂ ਵਿਚ ਹਿੰਸਾ ਤੇ ਲੱਚਰਤਾ ਪੂਰੀ ਤਰ੍ਹਾਂ ਨਾਲ਼ ਭਾਰੂ ਹੋ ਚੁੱਕੀ ਹੈ। ਅੱਜਕੱਲ੍ਹ ਦੇ ਆਪੇ ਬਣੇ ਗਾਇਕ ਪਹਿਲਾਂ ਆਪਣਾ ਗਾਣਾ ਰਿਲੀਜ਼ ਕਰਦੇ ਹਨ, ਉਸ ਤੋਂ ਬਾਅਦ ਕਿਤੇ ਜਾ ਕੇ ਗਾਉਣਾ ਸਿੱਖਣ ਦੀ ਗੱਲ ਕਰਦੇ ਹਨ। ਅਜਿਹੇ ਪੁੱਠੇ ਰੁਝਾਨ ਤੋਂ ਹਰ ਸੂਝਵਾਨ ਸਰੋਤਾ ਤੇ ਦਰਸ਼ਕ ਚਿੰਤਤ ਹੈ ਤੇ ਉਹ ਉਮੀਦ ਕਰਦਾ ਹੈ ਕਿ ਇਹ ਤੂਫ਼ਾਨ ਆਪਣੇ ਪੂਰੇ ਜ਼ੋਰ-ਜਲੌਅ ਤੋਂ ਬਾਅਦ ਕਿਤੇ ਨਾ ਕਿਤੇ ਜਾ ਕੇ ਸ਼ਾਂਤ ਹੋ ਜਾਵੇਗਾ। ਇਨ੍ਹਾਂ ਗਾਇਕਾਂ ਨੂੰ ਗਾਇਕੀ ਦਾ ਇੱਲ੍ਹ-ਕੁੱਕੜ ਵੀ ਨਹੀਂ ਪਤਾ ਹੁੰਦਾ, ਬੱਸ ਕੰਪਿਊਟਰ ਦੀ ਮਦਦ ਨਾਲ਼ ਗੀਤ ਤਿਆਰ ਕਰਵਾ ਕੇ ਉਸ ਨੂੰ ਮਾਰਕੀਟ ਵਿਚ ਰਿਲੀਜ਼ ਕਰਵਾ ਦਿੰਦੇ ਹਨ। ਜਦੋਂ ਸਟੇਜ 'ਤੇ ਲੋਕਾਂ ਸਾਹਮਣੇ ਗਾਉਣ ਦਾ ਮੌਕਾ ਆਉਂਦਾ ਹੈ, ਤਾਂ ਇਹ ਆਪਣੇ ਹੀ ਗਾਣੇ ਦੀ ਸੀ.ਡੀ. ਲਾ ਕੇ ਲਿਪਸਿੰਗ ਕਰਕੇ ਡੰਗ ਟਪਾਉਂਦੇ ਹਨ। ਅਜੇ ਵੀ ਚੰਦ ਕੁ ਫ਼ਨਕਾਰ ਅਜਿਹੇ ਹਨ, ਜਿਨ੍ਹਾਂ ਨੇ ਆਪਣੀ ਗਾਇਕੀ ਦਾ ਦੀਵਾ ਅੱਜ ਵੀ ਇਸ ਚੱਲਦੇ ਤੂਫ਼ਾਨ ਵਿਚ ਬਾਲ ਕੇ ਰੱਖਿਆ ਹੋਇਆ ਹੈ, ਭਾਵ ਉਹ ਲੋਕਾਂ ਸਾਹਮਣੇ ਲਾਈਵ ਅਤੇ ਸਾਫ਼-ਸੁਥਰਾ ਗਾਉਣ ਦੀ ਸਮਰੱਥਾ ਰੱਖਦੇ ਹਨ। ਇਹ ਉਸ ਦੌਰ ਦੇ ਕਲਾਕਾਰ ਹਨ, ਜਿਹੜੇ ਤਵਿਆਂ ਦੇ ਯੁੱਗ ਨੂੰ ਵਾਚਦਿਆਂ ਹੋਇਆਂ ਪੂਰੇ ਅੱਠ-ਨੌਂ ਗੀਤਾਂ ਦੀਆਂ ਰੀਲ੍ਹਾਂ ਰਿਕਾਰਡ ਕਰਵਾਉਂਦੇ ਸੀ। ਫਿਰ ਉਸ ਤੋਂ ਬਾਅਦ ਸੀਡੀਆਂ ਕਢਵਾਉਣ ਤੋਂ ਲੈ ਕੇ ਪੈੱਨ-ਡਰਾਈਵ ਜਾਂ ਮੈਮਰੀ ਕਾਰਡ ਵਿਚ ਸਿਮਟਣ ਤੋਂ ਬਾਅਦ ਯੂ-ਟਿਊਬ ਤੱਕ ਦਾ ਸਫ਼ਰ ਤਹਿ ਕਰ ਰਹੇ ਹਨ।

ਪੰਜਾਬੀ ਗਾਇਕੀ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਹਰਫ਼ਨ-ਮੌਲਾ ਕਲਾਕਾਰ ਗੁਰਦਾਸ ਮਾਨ ਨੂੰ ਗਾਉਣਾ ਸ਼ੁਰੂ ਕੀਤਿਆਂ ਚਾਰ ਦਹਾਕਿਆਂ ਤੋਂ ਵੱਧ ਦਾ ਸਮਾਂ ਹੋ ਚੁੱਕਿਆ ਹੈ। ਉਹ ਇਨਸਾਨ ਭਾਵੇਂ ਕਿਹੋ ਜਿਹਾ ਵੀ ਹੋਵੇ ਪਰ ਗਾਇਕੀ 'ਚ ਉਸਦਾ ਜਲਵਾ ਲਾਜਵਾਬ ਹੈ। ਅੱਜ ਤੱਕ ਉਸ ਨੇ ਕੋਈ ਅਜਿਹਾ ਗੀਤ ਨਹੀਂ ਗਾਇਆ, ਜਿਸ ਨੂੰ ਗਾ ਕੇ ਬਾਅਦ ਵਿਚ ਉਸ ਨੂੰ ਪਛਤਾਉਣਾ ਪਵੇ। ਉਸਦੇ ਹਿੱਟ ਗੀਤ ਅੱਜ ਵੀ ਹਰ ਗਲੀ-ਮੁਹੱਲੇ ਵੱਜਦੇ ਸੁਣਦੇ ਹਨ।

ਹੰਸ ਰਾਜ ਹੰਸ ਨੇ ਆਪਣਾ ਹਰ ਗੀਤ ਪੂਰੀ ਮਸਤੀ ਵਿਚ ਗਾਇਆ ਹੈ, ਚਾਹੇ ਉਹ 'ਸਿੱਲ੍ਹੀ-ਸੱਲ੍ਹੀ ਆਉਂਦੀ ਏ ਹਵਾ' ਹੋਵੇ ਜਾਂ ਫਿਰ 'ਨੱਚਣ ਤੋਂ ਪਹਿਲਾਂ ਹੋਕਾ ਦਿਆਂਗੇ' ਹੋਵੇ। ਉਹ ਗਾਇਕੀ ਨੂੰ ਇਬਾਦਤ ਮੰਨਦਾ ਹੈ। ਸਿਰਫ਼ 'ਉਹ ਵੇਖੋ ਸੜਕਾਂ 'ਤੇ ਅੱਗ ਤੁਰੀ ਜਾਂਦੀ ਐ' ਗੀਤ ਦਾ ਵਿਰੋਧ ਹੋਇਆ ਸੀ, ਜਿਸ ਬਾਬਤ ਉਸ ਨੇ ਬਿਨਾਂ ਸ਼ਰਤ ਮੁਆਫ਼ੀ ਮੰਗ ਲਈ ਸੀ। ਉਸ ਤੋਂ ਬਿਨਾ ਜਿੰਨਾ ਵੀ ਗਾਇਆ ਜਾਂ ਗਾ ਰਿਹਾ ਹੈ, ਸਭ ਸੱਭਿਆਚਾਰ ਦੇ ਦਾਇਰੇ ਵਿਚ ਰਹਿ ਕੇ ਗਾਇਆ ਹੈ।

ਸਰਦੂਲ ਸਿਕੰਦਰ ਅਸਲੋਂ ਹੀ ਸੁਰਾਂ ਦਾ ਬਾਦਸ਼ਾਹ ਸੀ। ਗਾਇਕੀ ਦੀ ਇੰਨੀ ਬਾਰੀਕੀ ਵਿਚ ਸਮਝ ਸਿਰਫ਼ ਉਸ ਦੇ ਹਿੱਸੇ ਹੀ ਆਈ ਹੈ। ਉਸ ਦੇ ਸੁਰ ਛੇੜਨ ਦੇ ਨਾਲ਼ ਹੀ ਸਾਰਾ ਆਲਮ ਝੂਮਣ ਲੱਗ ਜਾਂਦਾ ਸੀ। ਗਾਇਕੀ ਉਸ ਦੀ ਰੂਹ ਦੀ ਖ਼ੁਰਾਕ ਸੀ ਤੇ ਗਾਉਣ ਤੋਂ ਬਿਨਾ ਉਹ ਰਹਿ ਹੀ ਨਹੀਂ ਸੀ ਸਕਦਾ। ਆਪਣੇ ਤਿੰਨ-ਸਾਢੇ ਤਿੰਨ ਦਹਾਕਿਆਂ ਦੇ ਗਾਇਕੀ ਦੇ ਸਫ਼ਰ ਦੌਰਾਨ ਉਸ ਨੇ ਫੋਕੀ ਸ਼ੋਹਰਤ ਖੱਟਣ ਲਈ ਕਦੇ ਕਿਸੇ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ। ਨਿੱਤ ਦਾ ਰਿਆਜ਼ ਤੇ ਲੋਹੜੇ ਦੀ ਸਮਰਪਿਤ ਭਾਵਨਾ ਉਸ ਦੀ ਸਫਲਤਾ ਦਾ ਰਾਜ਼ ਸੀ।

'ਤੂਤਕ ਤੂਤਕ ਤੂਤੀਆਂ' ਤੇ 'ਗੁੜ ਨਾਲ਼ੋਂ ਇਸ਼ਕ ਮਿੱਠਾ' ਫੇਮ ਗੋਲਡਨ ਸਟਾਰ ਮਲਕੀਤ ਸਿੰਘ ਨੂੰ ਇੰਗਲੈਂਡ ਦੀ ਮਹਾਰਾਣੀ ਏਲੀਜ਼ਾਬੇਥ ਤਰਫ਼ੋਂ ਐੱਮ.ਬੀ.ਈ. ਐਵਾਰਡ ਲੈਣ ਵਾਲੇ ਪਹਿਲੇ ਪੰਜਾਬੀ ਕਲਾਕਾਰ ਹੋਣ ਦਾ ਮਾਣ ਹਾਸਿਲ ਹੈ। ਉਹ ਲਗਭਗ ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬੀ ਗੀਤ-ਸੰਗੀਤ ਨੂੰ ਪਿਆਰ ਕਰਨ ਵਾਲੇ ਸਰੋਤਿਆਂ ਦੇ ਦਿਲਾਂ 'ਤੇ ਰਾਜ਼ ਕਰ ਰਿਹਾ ਹੈ। ਉਸ ਨੇ ਸਦਾ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਗੀਤ ਹੀ ਗਾਏ ਹਨ। ਇੱਕ ਨਹੀਂ, ਦੋ ਨਹੀਂ, ਬਲਕਿ ਤਿੰਨ ਪੀੜ੍ਹੀਆਂ ਦੇ ਪੰਜਾਬੀ ਦਰਸ਼ਕ ਉਸ ਦੀ ਗਾਇਕੀ ਦੇ ਮੁਰੀਦ ਹਨ। ਉਹ ਨਿਵੇਕਲੇ ਵਿਸ਼ੇ ਲੈ ਕੇ ਹਮੇਸ਼ਾ ਲੋਕਾਂ ਲਈ ਕੁੱਝ ਨਾ ਕੁੱਝ ਨਵਾਂ ਲੈ ਕੇ ਆਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ।

ਹਰਭਜਨ ਮਾਨ ਅਸਲ ਵਿਚ ਪੰਜਾਬੀਆਂ ਦਾ ਮਾਣ ਹੈ। ਉਸ ਨੇ ਪੰਜਾਬੀ ਗੀਤ-ਸੰਗੀਤ ਤੇ ਫ਼ਿਲਮਾਂ ਰਾਹੀਂ ਪੰਜਾਬੀ ਵੱਸਦੇ ਹਰ ਖ਼ਿੱਤੇ ਵਿਚ ਪੰਜਾਬੀਆਂ ਦਾ ਨਾਂ ਰੌਸ਼ਨ ਕੀਤਾ ਹੈ। ਉਸ ਨੇ ਬਚਪਨ ਤੋਂ ਲੈ ਕੇ ਅੱਜ ਤੀਕਰ ਸਿਰਫ਼ ਸਾਫ਼-ਸੁਥਰੀ ਗਾਇਕੀ ਨੂੰ ਤਵੱਜੋ ਦਿੱਤੀ ਹੈ। 'ਚਿੱਠੀਏ ਨੀ ਚਿੱਠੀਏ' ਤੋਂ ਸ਼ੁਰੂ ਹੋਇਆ ਗਾਇਕੀ ਦਾ ਸਫ਼ਰ ਅੱਜ ਵੀ ਨਿਰੰਤਰ ਜਾਰੀ ਹੈ। ਉਸ ਦੇ ਕਈ ਸਮਕਾਲੀ ਗਾਇਕ ਲੱਚਰਤਾ ਦੀਆਂ ਵਸਾਖੀਆਂ ਦੇ ਸਹਾਰੇ ਭਾਵੇਂ ਕਦੇ ਉਸ ਤੋਂ ਅੱਗੇ ਵੀ ਰਹੇ ਪਰ ਉਨ੍ਹਾਂ ਵਿਚੋਂ ਕਈ ਅੱਜ ਗੁਮਨਾਮੀਆਂ ਦੇ ਹਨ੍ਹੇਰੇ ਵਿਚ ਗੁਆਚ ਗਏ ਹਨ। ਬਾਬੂ ਸਿੰਘ ਮਾਨ ਉਰਫ਼ ਮਾਨ ਮਰਾੜਾਂ ਵਾਲੇ ਦੀ ਕਲਮ ਤੇ ਹਰਭਜਨ ਮਾਨ ਦੀ ਆਵਾਜ਼ ਦੇ ਸੁਮੇਲ ਨੂੰ ਹਰ ਉਮਰ ਤੇ ਵਰਗ ਦੇ ਸਰੋਤਿਆਂ ਨੇ ਕਬੂਲਿਆ ਹੈ।

ਸਤਿੰਦਰ ਸਰਤਾਜ ਦਾ ਗਾਉਣ ਦਾ ਆਪਣਾ ਇੱਕ ਅਲੱਗ ਲਹਿਜ਼ਾ ਹੈ ਤੇ ਉਸ ਦੇ ਸਰੋਤਿਆਂ ਦਾ ਵੀ ਇੱਕ ਅਲੱਗ ਜਿਹਾ ਵਰਗ ਹੈ। ਉਹ ਜਿੰਨਾ ਸਹਿਜ ਹੋ ਕੇ ਗੀਤ ਗਾਉਂਦਾ ਹੈ, ਓਨਾ ਹੀ ਪਿਆਰ ਸਰੋਤਿਆਂ ਤੋਂ ਪਾਉਂਦਾ ਹੈ। ਉਸ ਦੇ ਕਿਸੇ ਵੀ ਗੀਤ ਵਿਚ ਕੋਈ ਕਾਹਲੀ ਜਾਂ ਬਣਾਉਟੀਪਨ ਨਹੀਂ। ਉਹ ਗੀਤ ਦੀ ਸ਼ਬਦਾਵਲੀ ਦੇ ਮਿਆਰ ਨੂੰ ਹਮੇਸ਼ਾ ਆਪਣੇ ਜ਼ਿਹਨ ਵਿਚ ਰੱਖਦਾ ਹੈ। ਉਸ ਨੇ ਅੱਜ ਤੀਕਰ ਲੱਚਰਤਾ ਨੂੰ ਆਪਣੇ ਨੇੜੇ ਢੁੱਕਣ ਨਹੀਂ ਦਿੱਤਾ ਤੇ ਲੱਚਰਤਾ ਨੂੰ ਸਫਲਤਾ ਦੀ ਗਰੰਟੀ ਮੰਨਣ ਦੇ ਕਥਨ ਨੂੰ ਝੁਠਲਾ ਦਿੱਤਾ ਹੈ। ਸੰਗੀਤਕ ਮਹਿਫ਼ਲਾਂ ਵਿਚ ਬੈਠ ਕੇ ਗਾਉਣ ਦੀ ਕਲਾ ਸਤਿੰਦਰ ਸਰਤਾਜ ਦੇ ਹਿੱਸੇ ਆਈ ਹੈ।

ਜਸਬੀਰ ਜੱਸੀ ਵਰਗੀ ਮਿੱਠੀ ਆਵਾਜ਼ ਸ਼ਾਇਦ ਹੀ ਕਿਸੇ ਹੋਰ ਕਲਾਕਾਰ ਦੀ ਹੋਵੇ। ਉਹ ਜਦੋਂ ਗਾਉਂਦਾ ਹੈ ਪੂਰੀ ਰੂਹ ਨਾਲ਼, ਪੂਰੇ ਦਿਲ ਨਾਲ਼ ਗਾਉਂਦਾ ਹੈ। ਉਸ ਲਈ ਗਾਇਕੀ ਜਨੂੰਨ ਤੋਂ ਵੀ ਵੱਧ ਕੇ ਹੈ। ਪੰਜਾਬੀ ਗੀਤ-ਸੰਗੀਤ ਵਿਚ ਹੋ ਰਹੀ ਘੁਸਪੈਠ ਤੋਂ ਉਹ ਬੇਹੱਦ ਫ਼ਿਕਰਮੰਦ ਹੈ। ਜੱਸੀ ਗੀਤ ਦੀ ਚੋਣ ਨੂੰ ਲੈ ਕੇ ਬਹੁਤ ਸੰਜੀਦਾ ਹੈ। 'ਦਿਲ ਲੈ ਗਈ ਕੁੜੀ ਗੁਜਰਾਤ ਦੀ' ਗੀਤ ਦੇ ਬੋਲਾਂ ਦੇ ਹਲਕੇ ਪੱਧਰ ਦੇ ਹੋਣ ਨੂੰ ਉਹ ਆਪ ਮੰਨਦਾ ਹੈ। ਉਸ ਤੋਂ ਬਾਅਦ ਉਹ ਗੀਤ ਚੁਣਨ ਤੋਂ ਪਹਿਲਾਂ ਗੀਤ ਦੇ ਬੋਲਾਂ ਨੂੰ ਉਚੇਚੇ ਤੌਰ 'ਤੇ ਚੈੱਕ ਕਰਦਾ ਹੈ। ਉਹ ਆਪਣੇ ਤੋਂ ਵੱਡੇ ਕਲਾਕਾਰਾਂ ਦੀ ਬਹੁਤ ਇੱਜ਼ਤ ਕਰਦਾ ਹੈ ਤੇ ਉਸ ਨੂੰ ਉਨ੍ਹਾਂ ਕਲਾਕਾਰਾਂ ਦੀ ਸੰਗਤ ਮਾਣਨ ਦਾ ਸਭ ਤੋਂ ਜ਼ਿਆਦਾ ਸੁਭਾਗ ਪ੍ਰਾਪਤ ਹੈ। ਉਸ ਨੂੰ ਹਰ ਤਰ੍ਹਾਂ ਦੇ ਗੀਤ ਗਾਉਣ ਦੀ ਮੁਹਾਰਤ ਹਾਸਿਲ ਹੈ ਪਰ ਸੂਫ਼ੀ ਸੰਗੀਤ ਨੂੰ ਉਹ ਰੂਹ ਦੀ ਖ਼ੁਰਾਕ ਮੰਨਦਾ ਹੈ। ਵਾਰਿਸ ਸ਼ਾਹ ਦੀ ਹੀਰ ਉਸ ਦੀ ਗਾਇਕੀ ਦਾ ਸਿਖਰ ਹੈ।



ਸਤਵਿੰਦਰ ਬੁੱਗਾ ਦੀ ਗਾਇਕੀ ਦੀ ਸ਼ੁਰੂਆਤ ਕਾਲਜ ਦੇ ਦਿਨਾਂ ਤੋਂ ਹੀ ਹੋ ਗਈ ਸੀ। ਸੰਗੀਤ ਸਮਰਾਟ ਚਰਨਜੀਤ ਅਹੂਜਾ ਦਾ ਲਾਡਲਾ ਸ਼ਾਗਿਰਦ ਹੋਣ ਕਰਕੇ ਸੰਗੀਤ ਨੂੰ ਬਾਰੀਕੀ ਨਾਲ਼ ਸਿੱਖਣ ਦਾ ਮੌਕਾ ਮਿਲਿਆ, ਜੋ ਕਿ ਉਸ ਦੀ ਗਾਇਕੀ ਵਿਚੋਂ ਸਾਫ਼ ਝਲਕਦਾ ਹੈ। ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਜੰਮਪਲ ਸਤਵਿੰਦਰ ਬੁੱਗਾ ਨੇ ਸਦਾ ਮਿਆਰੀ ਤੇ ਸੱਭਿਆਚਾਰਕ ਗੀਤਾਂ ਨੂੰ ਤਰਜੀਹ ਦਿੱਤੀ ਹੈ। ਉਹ ਹਰ ਤਰ੍ਹਾਂ ਦੇ ਗੀਤ ਨੂੰ ਬਾਖ਼ੂਬੀ ਨਾਲ਼ ਗਾਉਣਾ ਜਾਣਦਾ ਹੈ ਪਰ ਉਦਾਸ ਗੀਤ ਵਿਚਲੀ ਪੇਸ਼ਕਾਰੀ ਉਸ ਦੀ ਕਲਾ ਦਾ ਸਿਖਰ ਹੋ ਨਿੱਬੜਦਾ ਹੈ। ਉਸ ਦੀ ਆਵਾਜ਼ ਦਾ ਜਾਦੂ ਅੱਜ ਵੀ ਜਿਉਂ ਦਾ ਤਿਉਂ ਬਰਕਰਾਰ ਹੈ।

ਮਨਮੋਹਨ ਵਾਰਿਸ ਨੇ ਆਪਣੀ ਮਿਹਨਤ ਤੇ ਲਗਨ ਨਾਲ਼ ਆਪਣਾ ਵੱਖਰਾ ਮੁਕਾਮ ਬਣਾ ਲਿਆ ਹੈ। ਹਿੰਸਾ ਤੇ ਲੱਚਰ ਭਰਪੂਰ ਗੀਤਾਂ ਦੀ ਹਨੇਰੀ ਵਿਚ ਵੀ ਉਨ੍ਹਾਂ ਦੀ ਤਿੱਕੜੀ ਦਾ ਪੰਜਾਬੀ ਵਿਰਸਾ ਪੂਰੀ ਦੁਨੀਆਂ ਵਿਚ ਆਪਣਾ ਚਾਨਣ ਵੰਡ ਰਿਹਾ ਹੈ। ਉਂਝ ਤਾਂ ਉਹ ਹਰ ਗੀਤ ਪੂਰਾ ਖੁੱਭ ਕੇ ਗਾਉਂਦਾ ਹੈ ਪਰ ਉਦਾਸ ਗੀਤ ਨੂੰ ਮੁਸਕਰਾ ਕੇ ਗਾਉਣਾ ਉਸ ਦੀ ਕਲਾ ਦਾ ਵਿਸ਼ੇਸ਼ ਹਾਸਿਲ ਹੈ। ਪੰਜਾਬੀ ਗਾਇਕੀ ਵਿਚ ਪਰਪੱਕ ਹੋਣ ਤੋਂ ਬਾਅਦ ਉਸ ਨੇ ਆਪਣੇ ਭਰਾ ਕਮਲ ਹੀਰ ਨੂੰ ਆਪਣੇ ਨਾਲ਼ ਜੋੜਿਆ। ਤੀਜਾ ਭਰਾ ਸੰਗਤਾਰ ਪਹਿਲਾਂ ਪਰਦੇ ਪਿਛਲਾ ਕੰਮ ਸੰਭਾਲਦਾ ਸੀ ਪਰ ਪਿਛਲੇ ਕੁੱਝ ਸਾਲਾਂ ਤੋਂ ਉਹ ਵੀ ਵਧੀਆ ਗਾਇਕ ਹੋਣ ਦੇ ਨਾਲ਼-ਨਾਲ਼ ਸਥਾਪਿਤ ਸੰਗੀਤਕਾਰ ਬਣ ਚੁੱਕਾ ਹੈ। ਵਾਰਿਸ ਭਰਾਵਾਂ ਦੀ ਤਿੱਕੜੀ ਦਾ ਲੋਹਾ ਪੂਰਾ ਪੰਜਾਬੀ ਸੰਗੀਤ ਜਗਤ ਮੰਨਦਾ ਹੈ ਪਰ ਇਸ ਗੱਲ ਨੂੰ ਵਾਰਿਸ ਭਰਾਵਾਂ ਨੇ ਕਦੇ ਵੀ ਆਪਣੇ ਉੱਪਰ ਹਾਵੀ ਨਹੀਂ ਹੋਣ ਦਿੱਤਾ। ਉਹ ਲਗਭਗ ਪਿਛਲੇ 25 ਸਾਲਾਂ ਤੋਂ ਗਾ ਰਹੇ ਹਨ ਤੇ ਉਨ੍ਹਾਂ ਦਾ ਪੰਜਾਬੀ ਵਿਰਸਾ ਅੱਜ ਵੀ ਪੂਰੀ ਦੁਨੀਆਂ ਵਿਚ ਛਾਇਆ ਹੋਇਆ ਹੈ।

ਕੰਵਰ ਗਰੇਵਾਲ ਦੀ ਗਾਇਕੀ ਦੇ ਖੇਤਰ ਵਿਚ 2013 ਵਿਚ ਧਮਾਕੇਦਾਰ ਐਂਟਰੀ ਹੋਈ ਸੀ। ਉਦੋਂ ਤੋਂ ਲੈ ਕੇ ਅੱਜ ਤੱਕ ਉਸ ਨੇ ਮਿਆਰੀ ਤੇ ਸੱਭਿਆਚਾਰਕ ਗੀਤ ਹੀ ਗਾਏ ਹਨ। ਜੇਕਰ ਸਿਰਫ਼ ਗੋਲੀਆਂ, ਰਫ਼ਲਾਂ ਵਾਲ਼ੇ ਗੀਤ ਹੀ ਸਫਲਤਾ ਦੀ ਗਾਰੰਟੀ ਹੁੰਦੇ, ਤਾਂ ਕੰਵਰ ਗਰੇਵਾਲ ਵਰਗੇ ਕਲਾਕਾਰ ਤਾਂ ਕਦੋਂ ਦੇ ਘਰ ਬੈਠ ਗਏ ਹੁੰਦੇ।

ਹਰਜੀਤ ਹਰਮਨ ਦੀ ਬੁਲੰਦ ਆਵਾਜ਼, ਪਰਗਟ ਲਿੱਦੜਾਂ ਵਾਲੇ ਦੀ ਕਲਮ ਤੇ ਅਤੁੱਲ ਸ਼ਰਮਾ ਦੇ ਸੰਗੀਤ ਦੀ ਤਿੱਕੜੀ ਕਿਸੇ ਪੱਥਰ 'ਤੇ ਵਾਹੀ ਹੋਈ ਲਕੀਰ ਵਾਂਗਰਾਂ ਅਮਿੱਟ ਹੈ। ਸਾਲ ਦੋ ਸਾਲ ਤੱਕ ਕੋਈ ਨਵਾਂ ਗੀਤ ਰਿਕਾਰਡ ਨਾ ਕਰਵਾਉਣ ਦੇ ਬਾਵਜੂਦ ਹਰਜੀਤ ਹਰਮਨ ਕੋਲ ਪ੍ਰੋਗਰਾਮਾਂ ਦੀ ਘਾਟ ਕਦੇ ਨਹੀਂ ਆਈ। ਇਸ ਦਾ ਇੱਕੋ-ਇੱਕ ਕਾਰਨ ਕੋਈ ਵੀ ਗੀਤ ਗਾਉਣ ਨੂੰ ਲੈ ਕੇ ਕਿਸੇ ਕਿਸਮ ਦਾ ਸਮਝੌਤਾ ਨਾ ਕਰਨਾ ਹੈ। ਉਹ ਨੇ ਆਪਣੇ ਗਾਇਕੀ ਸਫ਼ਰ ਦੇ ਸ਼ੁਰੂਆਤੀ ਦਿਨਾਂ ਤੋਂ ਲੈ ਕੇ ਹੁਣ ਤੱਕ ਜਿੰਨਾ ਵੀ ਗਾਇਆ ਹੈ, ਉਸ ਉੱਤੇ ਮਾਣ ਕੀਤਾ ਜਾ ਸਕਦਾ ਹੈ। ਆਮ ਤੌਰ 'ਤੇ ਕਿਸੇ ਗਾਇਕ ਕਲਾਕਾਰ ਨੂੰ ਗੀਤਾਂ ਵਿਚਲੀ ਅਸ਼ਲੀਲਤਾ ਬਾਰੇ ਪੁੱਛਣ 'ਤੇ ਉਹ ਗੀਤ ਦੇ ਵੀਡੀਓ ਡਾਇਰੈਕਟਰ ਸਿਰ ਦੋਸ਼ ਮੜ੍ਹ ਦਿੰਦਾ ਹੈ ਪਰ ਹਰਜੀਤ ਹਰਮਨ ਦੇ ਕਿਸੇ ਵੀ ਗੀਤ ਦਾ ਫ਼ਿਲਮਾਂਕਣ ਦੇਖ ਕੇ ਪੰਜਾਬੀਆਂ ਦੇ ਅਮੀਰ ਸੱਭਿਆਚਾਰ ਦਾ ਝਲਕਾਰਾ ਪੈਂਦਾ ਹੈ।

ਰਵਿੰਦਰ ਗਰੇਵਾਲ ਅੱਜ ਵੀ ਅਠਾਰਾਂ-ਵੀਹ ਸਾਲ ਪਹਿਲਾਂ ਦੀ ਤਰ੍ਹਾਂ ਚੁਸਤ-ਦਰੁੱਸਤ ਨਜ਼ਰ ਆਉਂਦਾ ਹੈ। ਉਸ ਦੇ ਗੀਤਾਂ ਵਿਚਲੀ ਤਾਜ਼ਗੀ ਤੇ ਆਵਾਜ਼ ਦੀ ਸ਼ੋਖ਼ੀ ਹੀ ਹੈ, ਜਿਸ ਦੀ ਬਦੌਲਤ ਉਹ 'ਢੇਡੀ ਪੱਗ ਵਾਲਿਆ' ਤੋਂ ਲੈ ਕੇ 'ਪੀ.ਯੂ. 'ਚ ਜੱਟ ਪੜ੍ਹਦਾ' ਗਾਉਂਦਾ ਹੋਇਆ ਆਪਣੀ ਪਛਾਣ ਬਰਕਰਾਰ ਰੱਖਣ ਵਿਚ ਪੂਰੀ ਤਰ੍ਹਾਂ ਨਾਲ਼ ਕਾਮਯਾਬ ਹੈ।

ਦੁਰਗਾ ਰੰਗੀਲਾ ਸੰਗੀਤ ਨੂੰ ਇਬਾਦਤ ਦੀ ਤਰ੍ਹਾਂ ਪੂਜਦਾ ਹੈ। ਉਹ ਆਪਣੀ ਸਫਲਤਾ ਦੇ ਆਧਾਰ ਨੂੰ ਨਿੱਤ ਦਾ ਰਿਆਜ਼ ਤੇ ਪ੍ਰਮਾਤਮਾ ਦੀ ਅਪਾਰ ਬਖ਼ਸ਼ਿਸ ਮੰਨਦਾ ਹੈ। ਉਸ ਦੀ ਸਾਫ਼-ਸੁਥਰੀ ਗਾਇਕੀ ਤੇ ਬੁਲੰਦ ਆਵਾਜ਼ ਦਾ ਸੁਮੇਲ ਹੀ ਹੈ, ਜਿਸ ਦੀ ਬਦੌਲਤ ਉਸ ਦੇ ਸਦਾਬਹਾਰ ਗੀਤ ਅੱਜ ਵੀ ਸਰੋਤਿਆਂ ਦੀ ਜ਼ੁਬਾਨ 'ਤੇ ਹਨ।

ਦੇਬੀ ਮਕਸੂਦਪੁਰੀ ਗੀਤਕਾਰੀ ਕਰਦਾ-ਕਰਦਾ ਆਪ ਵੀ ਗਾਉਣ ਲੱਗ ਪਿਆ। ਉਸ ਦਾ ਸਟੇਜ 'ਤੇ ਸ਼ੇਅਰੋ-ਸ਼ਾਇਰੀ ਦਾ ਅੰਦਾਜ਼ ਸਭ ਨੂੰ ਕੀਲ ਕੇ ਰੱਖ ਦਿੰਦਾ ਹੈ। ਉਸ ਦਾ ਸਟੇਜ ਸ਼ੋਅ ਦੇਖਦਿਆਂ ਇੰਝ ਲੱਗਦਾ ਹੈ, ਜਿਵੇਂ ਉਹ ਸਿਰਫ਼ ਲਾਈਵ ਗਾਉਣ ਲਈ ਹੀ ਪੈਦਾ ਹੋਇਆ ਹੋਵੇ। ਉਹਨੂੰ ਗੀਤਾਂ ਵਿਚਲੇ ਬਦਲਦੇ ਦੌਰ ਤੋਂ ਕੋਈ ਸਰੋਕਾਰ ਨਹੀਂ, ਬੱਸ ਉਹ ਗਾਇਕੀ ਦੇ ਸਫ਼ਰ ਵਿਚ ਆਪਣੀ ਮਸਤ ਚਾਲ ਚੱਲਦਾ ਜਾ ਰਿਹਾ ਹੈ।

ਸੁਰਜੀਤ ਭੁੱਲਰ ਦੇ ਗੀਤ ਹਮੇਸ਼ਾ ਮਸਤੀ ਭਰੇ ਹੁੰਦੇ ਹਨ। ਰੁਮਾਂਟਿਕ ਅਤੇ ਉਦਾਸ ਦੋਗਾਣੇ ਉਸ ਦੀ ਗਾਇਕੀ ਦੀ ਪਹਿਚਾਣ ਹਨ। ਉਸ ਨੇ ਸਮੇਂ ਨਾਲ਼ ਬਦਲਣਾ ਸਿੱਖਿਆ ਹੋਇਆ ਹੈ ਸ਼ਾਇਦ ਇਸ ਲਈ ਹੀ ਉਹ ਅੱਜ ਵੀ ਸਰੋਤਿਆਂ ਤੇ ਦਰਸ਼ਕਾਂ ਵਿਚ ਓਨਾ ਹੀ ਹਰਮਨ ਪਿਆਰਾ ਹੈ। ਉਹ ਬੀਤੇ ਦਹਾਕਿਆਂ ਦੇ ਕਲਮਕਾਰਾਂ ਦੇ ਗੀਤਾਂ ਤੋਂ ਲੈ ਕੇ 'ਬਿੱਟੂ ਚੀਮੇ' ਵਰਗੇ ਨੌਜਵਾਨ ਗੀਤਕਾਰ ਦੇ ਲਿਖੇ ਗੀਤ ਗਾ ਰਿਹਾ ਹੈ।

ਸੁਰਜੀਤ ਖ਼ਾਨ ਵੀ ਰਿਆਜ਼ ਦਾ ਧਨੀ ਗਾਇਕ ਹੈ। ਉਸ ਦੀ ਆਪਣੇ ਸਮਕਾਲੀ, ਆਪਣੇ ਤੋਂ ਸੀਨੀਅਰ ਤੇ ਆਪਣੇ ਤੋਂ ਬਾਅਦ ਵਾਲ਼ੇ ਕਲਾਕਾਰਾਂ ਵਿਚਾਲੇ ਸਥਿਰਤਾ ਬਣੀ ਹੋਈ ਹੈ। ਉਸ ਦੀ ਨੱਕ ਵਿਚਲੀ ਟੁਣਕਦੀ ਹੋਈ ਆਵਾਜ਼ ਕਿਸੇ ਵੀ ਤਰ੍ਹਾਂ ਦੇ ਗੀਤ ਵਿਚ ਰਸ ਘੋਲ ਦਿੰਦੀ ਹੈ। ਉਹ ਆਪਣੀ ਗਾਇਕੀ ਦਾ ਸਾਫ਼-ਸੁਥਰਾ ਸਫ਼ਰ ਨਿਰੰਤਰ ਤਹਿ ਕਰ ਰਿਹਾ ਹੈ।

ਗੁਰਪਾਲ ਸੂਰਾਪੁਰੀਆ ਸੋਹਣਾ-ਸੁਨੱਖਾ ਪੰਜਾਬੀ ਗੱਭਰੂ ਹੋਣ ਦੇ ਨਾਲ਼-ਨਾਲ਼ ਆਪਣੀ ਵਧੀਆ ਤੇ ਸਾਫ਼-ਸੁਥਰੀ ਪੇਸ਼ਕਾਰੀ ਲਈ ਮਸ਼ਹੂਰ ਹੈ। ਉਸ ਨੇ ਜਿੰਨਾ ਵੀ ਗਾਇਆ ਹੈ, ਹਮੇਸ਼ਾ ਆਪਣੇ ਸਿਰ 'ਤੇ ਬੰਨ੍ਹੀ ਪੱਗ ਨੂੰ ਧਿਆਨ ਵਿਚ ਰੱਖ ਕੇ ਗਾਇਆ ਹੈ। ਸਟੇਜ ਪੇਸ਼ਕਾਰੀ ਦੌਰਾਨ ਉਸ ਦਾ ਹਸੂੰ-ਹਸੂੰ ਕਰਦਾ ਚਿਹਰਾ ਸਭ ਦਾ ਦਿਲ ਮੋਹ ਲੈਂਦਾ ਹੈ।

ਸਰਬਜੀਤ ਚੀਮੇ ਨੂੰ ਲੋਕ ਉੱਡਣਾ ਗਾਇਕ ਆਖਦੇ ਹਨ ਕਿਉਂਕਿ ਉਹ ਗੀਤ ਗਾਉਂਦਿਆਂ ਲੋਹੜੇ ਦਾ ਭੰਗੜਾ ਪਾਉਂਦਾ ਹੈ। 'ਸੋਨੇ ਦੀ ਚਿੜੀ', 'ਰੰਗ ਰਾਰਾ ਰੀਰੀ ਰਾਰਾ', 'ਬਿੱਲੋ ਤੇਰੀ ਤੋਰ ਦੇਖ ਕੇ' ਜਾਂ ਕੋਈ ਹੋਰ ਗੀਤ ਹੋਵੇ, ਉਹ ਆਪਣੇ ਜ਼ੋਰਦਾਰ ਭੰਗੜੇ ਨਾਲ਼ ਬੀਟ ਵਾਲ਼ੇ ਗੀਤ ਵਿਚ ਜਾਨ ਪਾ ਦਿੰਦਾ ਹੈ।

ਸ਼ੀਰਾ ਜਸਵੀਰ ਇੱਕ ਨਾਮੀ ਗੀਤਕਾਰ ਹੋਣ ਦੇ ਨਾਲ਼-ਨਾਲ਼ ਬਹੁਤ ਹੀ ਵਧੀਆ ਗਾਇਕ ਵੀ ਹੈ। ਉਹ 'ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜ੍ਹਕ ਦੇ ਨਾਲ਼' ਵਾਲ਼ੀ ਕਹਾਵਤ 'ਤੇ ਖਰਾ ਉੱਤਰਦਾ ਹੈ। ਉਸ ਦੇ ਗੀਤ ਕਿਸੇ ਟਿਕੀ ਹੋਈ ਰਾਤ ਦੇ ਰੁਮਾਂਸ ਵਰਗੇ ਹੁੰਦੇ ਹਨ। ਉਸ ਨੂੰ ਵੀ ਦੇਬੀ ਮਕਸੂਦਪੁਰੀ ਵਾਂਗ ਲਾਈਵ ਤੇ ਸ਼ੇਅਰੋ-ਸ਼ਾਇਰੀ ਵਾਲੀ ਗਾਇਕੀ ਦੀ ਮੁਹਾਰਤ ਹਾਸਿਲ ਹੈ।

ਮਾਸਟਰ ਸਲੀਮ, ਫ਼ਿਰੋਜ਼ ਖ਼ਾਨ, ਕਮਲ ਖ਼ਾਨ ਤੇ ਮਾਸ਼ਾ ਅਲੀ ਵਰਗੇ ਗਾਇਕਾਂ ਨੂੰ ਸੁਰਾਂ ਦੇ ਚੰਡੇ ਹੋਏ ਕਲਾਕਾਰ ਕਹਿ ਸਕਦੇ ਹਾਂ, ਜਿਹੜੇ ਔਖੇ ਤੋਂ ਔਖੇ ਗੀਤ ਨੂੰ ਸੁਰਾਂ ਰੂਪੀ ਗਰਾਰੀਆਂ ਲਾ-ਲਾ ਕੇ ਸਰਲ ਕਰ ਦਿੰਦੇ ਹਨ। ਇਨ੍ਹਾਂ ਦੀ ਗਾਇਕੀ ਵਾਚਦਿਆਂ-ਸੁਣਦਿਆਂ ਭਲੀਭਾਂਤ ਪਤਾ ਲੱਗ ਜਾਂਦਾ ਹੈ ਕਿ ਇਹ ਗਾਇਕ ਆਪੋ-ਆਪਣੇ ਉਸਤਾਦਾਂ ਕੋਲੋਂ ਸੰਗੀਤ ਦੀ ਤਾਲੀਮ ਹਾਸਿਲ ਕਰਨ ਤੋਂ ਬਾਅਦ ਹੀ ਗਾਇਕੀ ਦੇ ਪਿੜ ਵਿਚ ਆਏ ਹਨ।

ਇਸ ਤੋਂ ਇਲਾਵਾ ਪੰਜਾਬੀ ਗਾਇਕੀ ਵਿਚ ਕਿਸੇ ਵੇਲੇ ਸਿਰੇ ਦੇ ਉਦਾਸ ਗੀਤਾਂ ਦਾ ਬਹੁਤ ਜ਼ਿਆਦਾ ਰੁਝਾਨ ਸੀ। ਇਸ ਰੁਝਾਨ ਦੇ ਚੱਲਦਿਆਂ ਲੋਕ-ਗਾਇਕ ਦਵਿੰਦਰ ਕੋਹੇਨੂਰ, ਰਣਜੀਤ ਮਣੀ, ਸਵ. ਧਰਮਪ੍ਰੀਤ, ਹਰਦੇਵ ਮਾਹੀਨੰਗਲ, ਜੀ.ਐੱਸ. ਪੀਟਰ ਆਦਿ ਨੇ ਵੱਡੀ ਤਾਦਾਦ ਵਿਚ ਉਦਾਸ ਗੀਤ ਗਾ ਕੇ ਨਾਮ ਤੇ ਨਾਮਾ ਖੱਟਣ ਦੇ ਨਾਲ਼-ਨਾਲ਼ ਉਸ ਸਮੇਂ ਦੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਅਜਿਹੇ ਹੋਰ ਵੀ ਕਈ ਕਲਾਕਾਰ ਹਨ, ਜਿਹੜੇ ਆਪਣੇ ਦਮ ਨਾਲ਼ ਲਾਈਵ ਤੇ ਘਰਾਂ ਵਿਚ ਬੈਠ ਕੇ ਦੇਖਣ-ਸੁਣਨ ਯੋਗ ਗੀਤ ਗਾਉਂਦੇ ਹਨ ਪਰ ਸਾਰਿਆਂ ਦਾ ਜ਼ਿਕਰ ਕਰਨਾ ਇੱਥੇ ਸੰਭਵ ਨਹੀਂ ਹੈ। ਇਨ੍ਹਾਂ ਤੋਂ ਬਾਅਦ ਕੁੱਝ ਕੁ ਅੱਜ ਦੇ ਸਮੇਂ ਦੇ ਨਵੇਂ ਗਾਇਕ ਵੀ ਹਨ, ਜਿਹੜੇ ਹਮੇਸ਼ਾ ਕੁੱਝ ਨਾ ਕੁੱਝ ਚੰਗਾ ਗਾਉਣਾ ਹੀ ਲੋਚਦੇ ਹਨ।

# ਅਲੋਪ ਹੋ ਰਹੇ ਸੰਦ 'ਬੇੜ ਵੱਟਣੀ'

ਸਤਵੀਰ ਸਿੰਘ
ਚਾਨੀਆਂ
92569-73526
(Punjab Mail USA)



ਜਿਓਂ-ਜਿਓਂ ਗਰਮੀ ਦਾ ਜ਼ੋਰ ਵੱਧ ਰਿਹੈ, ਤਿਓਂ-ਤਿਓਂ ਕਣਕਾਂ ਦਾ ਰੰਗ ਸੁਨਹਿਰੀ ਹੋ ਰਿਹੈ। ਸਮਾਂ ਬਦਲ ਗਿਆ। ਮਾਨੋ ਯੁੱਗ ਬਦਲ ਗਿਆ। ਵਿਗਿਆਨਕ ਯੁੱਗ ਅਤੇ ਮਸ਼ੀਨੀਕਰਨ ਨਾਲ ਸੰਦ ਬਦਲ ਗਏ। ਨਵੀਨੀਕਰਨ ਦੇ ਨਾਂ ਪੁਰ ਜਿਵੇਂ ਸ਼ਹਿਰ ਪਿੰਡਾਂ ਨੂੰ ਖਾਈ ਜਾ ਰਹੇ, ਉਵੇਂ ਪੁਰਾਣੇ ਵੇਲਿਆਂ ਦੇ ਕੰਮ ਕਰਨ ਦੇ ਢੰਗ ਤਰੀਕੇ ਨਵਿਆਂ ਨੇ ਖਾ ਲਏ। 'ਸੌ ਹੱਥ ਰੱਸਾ ਸਿਰੇ ਤੇ ਗੰਢ', ਗੱਲ ਕੀ? ਕੰਮ ਕਰਨ ਦੇ ਸਭ ਤੌਰ-ਤਰੀਕੇ ਸੁਖੈਨ ਹੋ ਗਏ। ਜਦੋਂ ਹਾਲੇ ਕੰਬਾਈਨਾਂ ਨਹੀਂ ਸਨ ਆਈਆਂ, ਤਦੋਂ ਤੱਕ ਹੱਥੀਂ ਬੇੜਾਂ ਵੱਟਣ ਦਾ ਸਿਲਸਿਲਾ ਬਰਕਰਾਰ ਰਿਹਾ। ਬੇੜ ਵੱਟਣੀ ਇਕ ਜਾਂ ਦੋ ਸੂਤ ਸਰੀਏ ਨੂੰ ਕੱਟ/ਮੋੜ ਕੇ ਬਾਂਸ ਦੀਆਂ ਪੋਰੀਆਂ ਜਾਂ ਪਾਈਪ ਪਾ ਕੇ ਪਿੰਡ ਦੇ ਲੁਹਾਰ/ਤਰਖਾਣਾਂ ਬਣਾ ਦਿੰਦੇ।





ਕੰਢੀ ਖੇਤਰ, ਨੀਮ ਪਹਾੜੀ ਇਲਾਕਿਆਂ, ਹੁਸ਼ਿਆਰਪੁਰ ਵਗੈਰਾ ਵਲੋਂ ਲੰਬੀ ਕਿਸਮ ਦਾ ਘਾਹ ਵਿਕਣਾ ਆਉਂਦਾ, ਜਿਸ ਨੂੰ ਦੁਆਬੀ ਭਾਸ਼ਾ 'ਚ ਬਗੜ ਜਾਂ ਕਾਹੀ ਦਾ ਘਾਹ ਸਦੀਂਦੇ। ਉਸ ਘਾਹ ਨੂੰ ਬੇੜਾਂ ਵੱਟਣ ਤੋਂ ਪਹਿਲੀ ਰਾਤ ਛੋਟੀਆਂ-ਛੋਟੀਆਂ ਪੂਲੀਆਂ ਬੰਨ੍ਹ ਕੇ ਪਾਣੀ ਵਿਚ ਡਬੋਅ ਦੇਣੀਆਂ। ਇਸ ਤਰ੍ਹਾਂ ਘਾਹ ਕੁੱਝ ਨਰਮ ਹੋ ਜਾਂਦਾ। ਬੇੜਾਂ ਝੋਨੇ ਦੀ ਪਰਾਲੀ ਦੀਆਂ ਵੀ ਵੱਟ ਲਈਆਂ ਜਾਂਦੀਆਂ ਪਰ ਉਹ ਦੂਜੇ ਜਿੰਨੀਆਂ ਕਾਰਗਰ ਨਾ ਹੁੰਦੀਆਂ। ਦੂਜੇ ਦਿਨ ਸਵੇਰ ਵੇਲੇ ਬੇੜਾਂ ਵੱਟਣ ਦਾ ਸਿਲਸਿਲਾ ਸ਼ੁਰੂ ਹੋਣਾ, ਜੋ ਸੰਭਾਵੀ ਮਾਰਚ ਦਾ ਅਖ਼ੀਰੀ ਹਫ਼ਤਾ ਹੁੰਦਾ। ਕਿਉਂ ਜੋ ਸਕੂਲਾਂ ਵਿਚ ਇਨ੍ਹੀਂ ਦਿਨੀਂ ਸਾਲਾਨਾ ਇਮਤਿਹਾਨ ਖ਼ਤਮ ਹੋ ਗਏ ਹੁੰਦੇ, ਸੋ ਅਕਸਰ ਹੀ ਸਕੂਲ ਵਿਦਿਆਰਥੀ, ਬਜ਼ੁਰਗਾਂ ਦੇ ਖ਼ੂਬ ਅੜਿੱਕੇ ਆਉਂਦੇ। ਉਨ੍ਹਾਂ ਦੀ ਡਿਊਟੀ ਹੁੰਦੀ ਕਿ ਉਹ ਬੇੜ ਵੱਟਣੀ ਨਾਲ ਵੱਟ ਦਿੰਦੇ ਤੇ ਸਿਆਣੇ ਬੇੜ ਲਈ ਘਾਹ ਦਾ ਰੁੱਗ ਲਾਉਂਦੇ। ਜਿਥੇ ਵੱਟ ਚਾੜ੍ਹਨ ਵਾਲਿਆਂ ਥੱਕ ਜਾਣਾ, ਉਥੇ ਰੁੱਗ ਲਾਉਂਣ ਵਾਲਿਆਂ ਦਾ ਉਦੋਂ ਵੀ ਮਾੜਾ ਹਾਲ ਹੁੰਦਾ ਕਿਉਂ ਜੋ ਥੱਕਣ ਦੇ ਨਾਲ-ਨਾਲ ਉਨ੍ਹਾਂ ਦੇ ਪੋਟੇ ਘੱਸ ਕੇ ਵਿਚੋਂ ਅਕਸਰ ਹੀ ਲਹੂ ਸਿੰਮਦਾ। ਬੇੜਾਂ ਤਦੋਂ ਖੁੱਲ੍ਹੇ ਮੈਦਾਨਾਂ ਜਾਂ ਰਸਤਿਆਂ ਵਿਚ ਵੱਟੀਆਂ ਜਾਂਦੀਆਂ। ਉਨ੍ਹਾਂ ਦੀ ਲੰਬਾਈ ਅਕਸਰ 50 ਤੋਂ 70 ਗਜ਼ ਤੱਕ ਹੁੰਦੀ। ਬੇੜ ਵੱਟ ਹੋਣ 'ਤੇ ਰੁੱਗ ਲਾਉਣ ਵਾਲਾ ਆਪਣੇ ਪਾਸਿਓਂ ਕਿਸੇ ਰੁੱਖ ਜਾਂ ਚੀਜ਼ ਨਾਲ ਬੰਨ੍ਹ ਦਿੰਦਾ ਇਵੇਂ ਵੱਟ ਚਾੜ੍ਹਨ ਵਾਲਾ ਆਪਣੇ ਬੰਨੀਓਂ ਕਰਦਾ। ਸੁੱਕਣ ਉਪਰੰਤ ਆਥਣ ਢਲੇ ਬੇੜਾਂ ਨੂੰ 'ਕੱਠੀਆਂ ਕਰ ਲਿਆ ਜਾਂਦਾ। ਲੋੜ ਮੁਤਾਬਕ ਕੱਟ ਕੇ ਉਨ੍ਹਾਂ ਵਿਚ ਦਾਤੀ ਨਾਲ ਹੱਥੀਂ ਵੱਢੀ ਕਣਕ ਦੀਆਂ ਸੱਥਰੀਆਂ ਬੰਨ੍ਹੀਆਂ ਜਾਂਦੀਆਂ। ਬੰਨ੍ਹੀ ਹੋਈ ਇੱਕ ਪੰਡ ਨੂੰ ਭਰੀ ਸਦੀਂਦੇ। ਕਣਕ ਨੂੰ ਗਾਹੁਣ ਲਈ ਜਿਥੇ ਕੁਤਰੇ ਵਾਲੀ ਮਸ਼ੀਨ ਲੱਗਦੀ, ਉਸ ਲਈ ਪਿੜ ਤਿਆਰ ਕੀਤਾ ਜਾਂਦਾ। ਉਸ ਪਿੜ ਦੇ ਨਾਲ ਕਣਕ ਦੀਆਂ ਭਰੀਆਂ ਨੂੰ 'ਕੱਠਿਆਂ ਕੀਤਾ ਜਾਂਦਾ, ਜਿਸ ਨੂੰ ਮਰਲੀ ਲਾਉਣਾ ਕਹਿੰਦੇ। ਹੁਣ ਮਸ਼ੀਨਾਂ ਆਉਣ ਨਾਲ ਇਹ ਸਭ 'ਬੀਤ ਗਏ ਦੀਆਂ ਯਾਦਾਂ' ਬਣ ਕੇ ਰਹਿ ਗਈਆਂ। ਤੇ ਪੁਰਾਤਨ ਸੰਦ ਅਜਾਇਬ ਘਰਾਂ ਦਾ ਸ਼ਿੰਗਾਰ ਬਣ ਕੇ ਰਹਿ ਗਏ।

# ਹੁਸ਼ਿਆਰਪੁਰ ਜ਼ਿਲ੍ਹੇ ਦੀ ਗੁਰਲੀਨ ਅਤੇ ਅਰਸ਼ਪ੍ਰੀਤ ਇਸਰੋ ਵਲੋਂ ਯੰਗ ਸਾਇੰਟਿਸਟ ਵਜੋਂ ਚੁਣੀ ਗਈ

-ਬਲਜਿੰਦਰ ਮਾਨ
-ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
- 98150-18947
(Punjab Mail USA)



(Punjab Mail USA)



ਵਿਗਿਆਨ ਅਤੇ ਤਕਨੀਕ ਦੇ ਖੇਤਰ ਵਿਚ ਭਾਰਤ ਵਿਸ਼ਵ ਪੱਧਰੀ ਮੱਲ੍ਹਾਂ ਮਾਰ ਰਿਹਾ ਹੈ। ਇਨ੍ਹਾਂ ਮੱਲਾਂ ਪਿੱਛੇ ਭਾਰਤ ਦੇ ਵਿਗਿਆਨੀਆਂ ਅਤੇ ਮਿਹਨਤੀ ਅਧਿਆਪਕਾਂ ਦਾ ਵਿਸ਼ੇਸ਼ ਹੱਥ ਹੈ, ਜੋ ਵਿਦਿਆਰਥੀਆਂ ਨੂੰ ਆਧੁਨਿਕ ਸਮੇਂ ਦੀ ਤਕਨੀਕਸ ਨਾਲ ਜੋੜ ਰਹੇ ਹਨ। ਵਿਗਿਆਨਕ ਸੋਚ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਦੇਸ਼ ਭਰ ਦੇ ਅਧਿਆਪਕ ਵਿਸ਼ੇਸ਼ ਯੋਗਦਾਨ ਪਾ ਰਹੇ ਹਨ। ਸਾਹਿਤ ਕਲਾ, ਸੱਭਿਆਚਾਰ, ਸਿੱਖਿਆ, ਖੇਡਾਂ ਅਤੇ ਜੀਵਨ ਦੇ ਹਰ ਖੇਤਰ ਵਿਚ ਉਨ੍ਹਾਂ ਨੂੰ ਉੱਚੀਆਂ ਮੰਜ਼ਿਲਾਂ ਵੱਲ ਤੋਰ ਰਹੇ ਹਨ। ਇਨ੍ਹਾਂ ਵਿਸ਼ੇਸ਼ ਪ੍ਰਾਪਤੀਆਂ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਪੇਂਡੂ ਸਕੂਲਾਂ ਦੀਆਂ ਦੋ ਵਿਦਿਆਰਥਣਾਂ ਅਰਸ਼ਪ੍ਰੀਤ ਕੌਰ ਸਰਕਾਰੀ ਹਾਈ ਸਕੂਲ ਜੁਝਾਰ ਚਠਿਆਲ ਅਤੇ ਗੁਰਲੀਨ ਕੌਰ ਸਰਕਾਰੀ ਹਾਈ ਸਕੂਲ ਗੋਬਿੰਦਪੁਰ ਖੁਣ-ਖੁਣ ਯੰਗ ਸਾਇੰਟਿਸਟ ਦੇ ਤੌਰ 'ਤੇ ਇਸਰੋ ਵਾਸਤੇ ਚੁਣੀਆਂ ਗਈਆਂ ਹਨ। ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਅਤੇ ਮਾਪਿਆਂ ਲਈ ਇਹ ਮਾਣਮੱਤੀ ਪ੍ਰਾਪਤੀ ਕਹੀ ਜਾ ਸਕਦੀ ਹੈ। ਪੂਰੇ ਪੰਜਾਬ ਵਿਚੋਂ ਚੁਣੇ ਗਏ ਪੰਜ ਵਿਦਿਆਰਥੀਆਂ 'ਚੋਂ ਦੋ ਵਿਦਿਆਰਥਣਾਂ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਹਨ। ਜਿਨ੍ਹਾਂ ਆਪਣੀ ਮਿਹਨਤ ਤੇ ਲਗਨ ਦਾ ਸਬੂਤ ਦਿੰਦਿਆਂ ਇਹ ਪ੍ਰਾਪਤੀ ਕੀਤੀ ਹੈ। ਵਿਦਿਆਰਥਣ ਅਰਸ਼ਪ੍ਰੀਤ ਕੌਰ ਅਤੇ ਗੁਰਲੀਨ ਕੌਰ ਦੀ 'ਯੰਗ ਸਾਇੰਟਿਸਟ ਪ੍ਰੋਗਰਾਮ' ਵਾਸਤੇ ਇਸਰੋ ਵੱਲੋਂ ਯੁਵਿਕਾ 2024 ਲਈ ਵਿਦਿਆਰਥੀਆਂ ਦੀ ਚੋਣ ਕਰਨ ਲਈ ਨੈਸ਼ਨਲ ਪੱਧਰ 'ਤੇ ਇੱਕ ਪ੍ਰੀਖਿਆ ਲਈ ਗਈ ਸੀ, ਜਿਸ ਵਿਚ ਇਨ੍ਹਾਂ ਵਿਦਿਆਰਥਣਾਂ ਨੇ ਸਫਲਤਾ ਪ੍ਰਾਪਤ ਕੀਤੀ ਹੈ। ਇਸ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਦੀ ਚੋਣ ਕਰਨ ਦਾ ਮਨੋਰਥ ਵਿਦਿਆਰਥੀਆਂ ਨੂੰ ਪੁਲਾੜ ਵਿਗਿਆਨ, ਪੁਲਾੜ ਤਕਨੀਕ ਸਬੰਧੀ ਮੁੱਢਲੀ ਜਾਣਕਾਰੀ ਦੇਣਾ ਹੈ, ਤਾਂ ਕਿ ਵਿਦਿਆਰਥੀ ਜੀਵਨ ਤੋਂ ਹੀ ਉਨ੍ਹਾਂ ਵਿਚ ਵਿਗਿਆਨ, ਤਕਨੀਕ, ਇੰਜੀਨੀਅਰਿੰਗ, ਗਣਿਤ (ਸਟੈਮ) ਸਬੰਧੀ ਖੋਜ ਰੁਚੀਆਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਇਹ ਪ੍ਰੋਗਰਾਮ ਸਕੂਲ ਜਾਣ ਵਾਲੇ ਬੱਚਿਆਂ ਨੂੰ ਵਿਗਿਆਨ ਖੇਤਰ ਵਿਚ ਹੋ ਰਹੀਆਂ ਖੋਜਾਂ ਨੂੰ ਨੇੜੇ ਤੋਂ ਦੇਖਣ ਤੇ ਜਾਨਣ ਦਾ ਮੌਕਾ ਪ੍ਰਦਾਨ ਕਰਦਾ ਹੈ। ਦੋ ਹਫਤਿਆਂ ਦੇ ਇਸ ਪ੍ਰੋਗਰਾਮ ਵਿਚ ਬੱਚਿਆਂ ਨੂੰ ਪ੍ਰੈਕਟੀਕਲ ਕਰਵਾਉਣਾ, ਰੋਬੋਟ ਬਾਰੇ ਜਾਣਕਾਰੀ ਦੇਣਾ, ਇਸਰੋ ਦੇ ਵਿਗਿਆਨੀਆਂ ਨਾਲ ਰੂਬਰੂ ਆਦਿ ਸ਼ਾਮਿਲ ਹਨ। ਇਨ੍ਹਾਂ ਗੱਭਰੂ ਵਿਗਿਆਨੀਆਂ ਨੂੰ ਇੰਡੀਅਨ ਇੰਸਟੀਟਿਊਟ ਆਫ ਰਿਮੋਟ ਸੈਂਸਿੰਗ ਦੇਹਰਾਦੂਨ (ਉੱਤਰਾਖੰਡ) ਵਿਖੇ ਦੋ ਹਫਤੇ ਨਵੀਆਂ ਜੁਗਤਾਂ ਸਿੱਖਣ ਦੇ ਮੌਕੇ ਮਿਲੇਗਾ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਡਾ. ਗੁਰਿੰਦਰਜੀਤ ਕੌਰ ਨੇ ਦੋਨਾਂ ਵਿਦਿਆਰਥਣਾ, ਉਨ੍ਹਾਂ ਦੇ ਅਧਿਆਪਕਾਂ ਅਤੇ ਮਾਪਿਆਂ ਨੂੰ ਵਿਸ਼ੇਸ਼ ਤੌਰ 'ਤੇ ਸ਼ਾਬਾਸ਼ ਦਿੱਤੀ।





## ਅਰਸ਼ਪ੍ਰੀਤ ਕੌਰ

ਯੰਗ ਸਾਇੰਟਿਸਟ ਬਣੀ ਅਰਸ਼ਪ੍ਰੀਤ ਕੌਰ ਦਾ ਜਨਮ ਗੜ੍ਹਦੀਵਾਲਾ ਲਾਗਲੇ ਪਿੰਡ ਚਾਂਦ ਬਸੋਆ ਵਿਚ ਪਿਤਾ ਹਰਵਿੰਦਰ ਸਿੰਘ ਅਤੇ ਮਾਤਾ ਗੁਰਦੀਪ ਕੌਰ ਦੇ ਘਰ ਹੋਇਆ। ਦਾਦਾ ਹਰਭਜਨ ਸਿੰਘ ਦੀ ਪ੍ਰੇਰਨਾ ਸਦਕਾ ਉਹ ਸਿੱਖਿਆ ਜਗਤ ਵਿਚ ਸ਼ਾਨਦਾਰ ਪੈੜਾਂ ਪਾਉਣ ਲੱਗ ਪਈ। ਅੱਜ ਤੱਕ ਸਾਰੀਆਂ ਜਮਾਤਾਂ ਪਹਿਲੇ ਦਰਜੇ ਵਿਚ ਪਾਸ ਕਰਦੀ ਆ ਰਹੀ ਹੈ। ਉਸ ਵਾਂਗ ਹੀ ਭੈਣ ਜਸ਼ਨਪ੍ਰੀਤ ਕੌਰ ਅਤੇ ਭਰਾ ਵਿਸ਼ਾਲ ਪ੍ਰੀਤ ਸਿੰਘ ਵੀ ਮਿਹਨਤੀ ਅਤੇ ਹਿੰਮਤੀ ਵਿਦਿਆਰਥੀ ਹਨ। ਉਹ ਸਰਕਾਰੀ ਹਾਈ ਸਕੂਲ ਜੁਝਾਰ ਚਠਿਆਲ ਵਿਚ ਆਪਣੇ ਸਾਇੰਸ ਅਧਿਆਪਕ ਅਮਨਪ੍ਰੀਤ ਸਿੰਘ ਸਹੋਤਾ ਦੀ ਅਗਵਾਈ ਹੇਠ ਰਾਜ ਅਤੇ ਕੌਮੀ ਪੱਧਰ ਦੇ ਕਈ ਸਾਇੰਸ ਮੁਕਾਬਲਿਆਂ ਅਤੇ ਮੇਲਿਆਂ ਵਿਚ ਭਾਗ ਲੈ ਚੁੱਕੀ ਹੈ, ਜਿੱਥੇ ਉਸ ਵੱਲੋਂ ਤਿਆਰ ਕੀਤੇ ਆਧੁਨਿਕ ਪ੍ਰੋਜੈਕਟਾਂ ਨੂੰ ਖੂਬ ਸਰਾਹਣਾ ਮਿਲ ਚੁੱਕੀ ਹੈ। ਅਰਸ਼ਪ੍ਰੀਤ ਦੀ ਪਹਿਲੀ ਪਸੰਦ ਸਾਇੰਸ ਵਿਸ਼ਾ ਹੈ ਪਰ ਉਹ ਵਿਹਲੇ ਸਮੇਂ ਪੇਂਟਿੰਗ ਵੀ ਕਰਦੀ ਹੈ। ਉਸਦਾ ਕਹਿਣਾ ਹੈ ਕਿ ਅਜੇ ਮੰਜ਼ਿਲ ਬਹੁਤ ਦੂਰ ਹੈ ਪਰ ਉਹ ਇੱਕ ਵਿਗਿਆਨੀ ਬਣਕੇ ਦੇਸ਼ ਦੀ ਸੇਵਾ ਕਰੇਗੀ। ਸਕੂਲ ਮੁਖੀ ਸਤਪਾਲ ਸਮੇਤ ਸਾਰਾ ਸਟਾਫ ਆਪਣੇ ਵਿਦਿਆਰਥੀਆਂ ਨੂੰ ਉਚੇਰੀਆਂ ਮੰਜ਼ਲਾਂ ਵੱਲ ਤੋਰਨ ਲਈ ਯਤਨਸ਼ੀਲ ਹਨ।

## ਗੁਰਲੀਨ ਕੌਰ


ਹਰਿਆਣਾ ਭੂੰਗਾ ਲਾਗਲੇ ਸਰਕਾਰੀ ਹਾਈ ਸਕੂਲ ਗੋਬਿੰਦਪੁਰ ਖੁਣ-ਖੁਣ ਦੀ ਦਸਵੀਂ ਜਮਾਤ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਵੀ ਯੰਗ ਸਾਇੰਟਿਸਟ ਵਜੋਂ ਆਪਣੀ ਚੋਣ ਕਰਵਾ ਕੇ ਪੰਜਾਬ ਦੇ ਸਰਕਾਰੀ ਸਕੂਲਾਂ ਦਾ ਨਾਮ ਰੌਸ਼ਨ ਕੀਤਾ ਹੈ। ਉਸ ਦੀ ਸਾਇੰਸ ਅਧਿਆਪਕਾ ਪਵਨਦੀਪ ਚੌਧਰੀ ਦਾ ਕਹਿਣਾ ਹੈ ਕਿ ਇਸਰੋ ਵਿਚ ਪਿਛਲੇ ਸਾਲ ਉਸਦੀ ਵਿਦਿਆਰਥਣ ਸੁਖਦੀਪ ਕੌਰ ਵੀ ਜਾ ਚੁੱਕੀ ਹੈ। ਸਕੂਲ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਥੋਂ ਦੂਜੀ ਵਿਦਿਆਰਥਣ ਗੁਰਲੀਨ ਕੌਰ ਦੀ ਚੋਣ ਇਸਰੋ ਵਾਸਤੇ ਹੋਈ ਹੈ। ਮੁੱਖ ਅਧਿਆਪਕਾ ਸਮਰਿਤੂ ਰਾਣਾ ਦਾ ਕਹਿਣਾ ਹੈ ਕਿ ਹਰ ਅਧਿਆਪਕ ਆਪਣੇ ਕਿੱਤੇ ਨੂੰ ਸਮਰਪਿਤ ਹੈ, ਜਿਸ ਕਰਕੇ ਵਿਦਿਆਰਥੀ ਉੱਚੀਆਂ ਮੰਜ਼ਿਲਾਂ ਵੱਲ ਵੱਧ ਰਹੇ ਹਨ। ਇਸ ਸਕੂਲ ਨੂੰ ਗਰੀਨ ਸਕੂਲ ਦਾ ਪੁਰਸਕਾਰ ਵੀ ਪ੍ਰਾਪਤ ਹੋ ਚੁੱਕਾ ਹੈ। ਗੁਰਲੀਨ ਕੌਰ ਦਾ ਪ੍ਰੋਜੈਕਟ ਰਹਿੰਦ-ਖੂੰਹਦ, ਪਰਾਲੀ ਆਦਿ ਤੋਂ ਕਾਗਜ਼ ਦਾ ਨਿਰਮਾਣ ਕਰਨਾ ਕੌਮੀ ਪੱਧਰ ਤੱਕ ਮਾਣ ਪ੍ਰਾਪਤ ਕਰ ਚੁੱਕਾ ਹੈ। ਗੁਰਲੀਨ ਦੇ ਪਿਤਾ ਮਹੇਸ਼ ਸਿੰਘ ਅਤੇ ਮਾਤਾ ਰਜਵੰਤ ਕੌਰ ਘਰੇਲੂ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਉਂਦੇ ਹੋਏ ਆਪਣੀ ਬੱਚੀ ਨੂੰ ਇੱਕ ਖੋਜੀ ਵਿਗਿਆਨੀ ਦੇਖਣਾ ਚਾਹੁੰਦੇ ਹਨ। ਮਾਪਿਆਂ ਤੇ ਅਧਿਆਪਕਾਂ ਦੀ ਇੱਛਾ ਦੀ ਪੂਰਤੀ ਵਾਸਤੇ ਉਹ ਦਿਨ-ਰਾਤ ਮਿਹਨਤ ਕਰ ਰਹੀ ਹੈ। ਹੁਣ ਉਹ ਦਿਨ ਦੂਰ ਨਹੀਂ ਲੱਗਦਾ, ਜਦੋਂ ਉਹ ਇਸਰੋ ਵਰਗੇ ਇੰਸਟੀਚਿਊਟ ਵਿਚ ਆਪਣਾ ਥਾਂ ਬਣਾ ਲਵੇਗੀ।

# ਦੱਖਣੀ ਕੋਰੀਆ ਨੇ ਕੀਤਾ ਕਮਾਲ : ਬਣਾਇਆ ਨਵਾਂ ਸੂਰਜ

-ਸੰਜੀਵ ਝਾਂਜੀ
ਜਗਰਾਉਂ।
ਮੋ: 80049-10000
(Punjab Mail USA)







ਦੁਨੀਆਂ ਭਰ ਵਿਚ ਆਬਾਦੀ ਦੇ ਲਗਾਤਾਰ ਵਾਧੇ ਅਤੇ ਨਿੱਤ ਨਵੀਂ ਤਕਨੀਕ ਵਿਕਸਿਤ ਹੋਣ ਦੇ ਨਾਲ ਸਾਡੀਆਂ ਊਰਜਾ ਦੀਆਂ ਲੋੜਾਂ ਲਗਾਤਾਰ ਵੱਧਦੀਆਂ ਜਾ ਰਹੀਆਂ ਹਨ। ਸਾਡਾ ਹਰ ਕਾਰਜ ਊਰਜਾ 'ਤੇ ਨਿਰਭਰ ਹੈ ਅਤੇ ਅਸੀਂ ਊਰਜਾ 'ਤੇ। ਊਰਜਾ ਦੀ ਲਗਾਤਾਰ ਮੰਗ ਵਧਣ ਦੇ ਕਾਰਨ ਸਾਨੂੰ ਊਰਜਾ ਦੇ ਹੋਰ ਵਸੀਲੇ ਲੱਭਣੇ ਪੈ ਰਹੇ ਹਨ। ਵਿਗਿਆਨੀ ਚਿਰਾਂ ਤੋਂ ਅਤੇ ਲਗਾਤਾਰ ਇਨ੍ਹਾਂ ਵਸੀਲਿਆਂ ਦੀ ਭਾਲ ਵਿਚ ਹਨ।

ਆਮ ਤੌਰ 'ਤੇ ਊਰਜਾ ਦੀ ਪ੍ਰਾਪਤੀ ਦੇ ਲਈ ਦੋ ਤਰ੍ਹਾਂ ਦੇ ਤਰੀਕੇ ਅਪਣਾਏ ਜਾਂਦੇ ਹਨ। ਇਕ ਨੂੰ ਨਾਭਿਕ-ਵਿਖੰਡਨ (ਨਿਊਕਲੀਅਰ ਵਿਖੰਡਨ) ਕਿਹਾ ਜਾਂਦਾ ਹੈ ਅਤੇ ਦੂਜੇ ਨੂੰ ਨਾਭਿਕ-ਜੋੜਕ (ਨਿਊਕਲੀਅਰ ਸੰਯੋਜਨ)। ਨਾਭਿਕ-ਵਿਖੰਡਨ ਤਕਨੀਕ ਪਰਮਾਣੂ ਬੰਬਾਂ ਵਿਚ ਵਰਤੀ ਜਾਂਦੀ ਹੈ ਅਤੇ ਪਰਮਾਣੂ ਰਿਐਕਟਰਾਂ ਰਾਹੀਂ ਇਸ ਤੋਂ ਬਿਜਲੀ ਪ੍ਰਾਪਤ ਕੀਤੀ ਜਾਂਦੀ ਹੈ। ਇਸ ਵਿਚ ਬੇਕਾਬੂ ਕਿਰਿਆ ਨੂੰ ਕਾਬੂ ਕਰਕੇ ਬਿਜਲੀ ਦੀ ਜਾਂ ਊਰਜਾ ਦੀ ਪ੍ਰਾਪਤੀ ਹੁੰਦੀ ਹੈ। ਊਰਜਾ ਪ੍ਰਾਪਤੀ ਤੋਂ ਬਾਅਦ ਬਚੇ ਵਾਧੂ ਪਦਾਰਥ ਨੂੰ ਨਿਪਟਾਉਣਾ ਬੜਾ ਔਖਾ ਹੈ ਅਤੇ ਇਸੇ ਲਈ ਇਸ ਤਕਨੀਕ ਨੂੰ ਜ਼ਿਆਦਾ ਲਾਹੇਵੰਦ ਨਹੀਂ ਮੰਨਿਆ ਜਾਂਦਾ।


ਦੂਜੇ ਪਾਸੇ ਸਾਡੇ ਕੋਲ ਨਾਭਿਕ ਜੋੜਕ (ਨਿਊਕਲੀਅਰ ਸੰਜੋਜਨ) ਨਾਂ ਦੀ ਕਿਰਿਆ ਹੈ। ਇਹ ਉਹ ਕਿਰਿਆ ਹੈ, ਜਿਸ ਵਿਚ ਦੋ ਜਾਂ ਦੋ ਤੋਂ ਵੱਧ ਪਰਮਾਣੂ ਜੁੜ ਕੇ ਇੱਕ ਨਵਾਂ ਪਰਮਾਣੂ ਬਣਾਉਂਦੇ ਹਨ ਅਤੇ ਬਹੁਤ ਸਾਰੀ ਊਰਜਾ ਦਿੰਦੇ ਹਨ। ਇਹ ਕਿਰਿਆ ਆਮ ਤੌਰ 'ਤੇ ਤਾਰਿਆਂ ਅਤੇ ਸੂਰਜ ਵਿਚ ਹੁੰਦੀ ਹੈ। ਸੂਰਜ ਦੇ ਸਭ ਤੋਂ ਗਰਮ ਭਾਗ ਜਿਸ ਨੂੰ ਕੋਰ ਕਿਹਾ ਜਾਂਦਾ ਹੈ, ਦਾ ਤਾਪਮਾਨ ਲਗਭਗ ਡੇਢ ਕਰੋੜ ਡਿਗਰੀ ਸੈਲਸੀਅਸ ਹੁੰਦਾ ਹੈ। ਇਸ ਦੀ ਗਰਮੀ ਦਾ ਅੰਦਾਜ਼ਾ ਤੁਸੀਂ ਇਸ ਗੱਲ ਤੋਂ ਲਗਾ ਸਕਦੇ ਹੋ ਕਿ ਸੂਰਜ ਤੋਂ ਲੱਖਾਂ ਕਿਲੋਮੀਟਰ ਦੂਰ ਸਥਿਤ ਧਰਤੀ 'ਤੇ ਵੀ ਅਸੀਂ ਉਸ ਦਾ ਸੇਕ ਮਹਿਸੂਸ ਕਰਦੇ ਹਾਂ ਜਾਂ ਦੂਜੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਧਰਤੀ 'ਤੇ ਜੀਵਨ ਵੀ ਉਸੇ ਗਰਮੀ ਦੇ ਕਾਰਨ ਹੀ ਹੈ। ਕਾਫੀ ਦੇਰ ਤੋਂ ਦੁਨੀਆਂ ਭਰ ਦੇ ਵਿਗਿਆਨੀ ਇਸ ਤਕਨੀਕ ਦੀ ਵਰਤੋਂ ਕਰਕੇ ਨਕਲੀ ਸੂਰਜ ਬਣਾਉਣ ਲਈ ਮਗਜ ਖਪਾਈ ਕਰ ਰਹੇ ਹਨ। ਇਸ ਦੌੜ ਵਿਚ ਚੀਨ, ਦੱਖਣੀ ਕੋਰੀਆ, ਅਮਰੀਕਾ ਅਤੇ ਫਰਾਂਸ ਸ਼ਾਮਲ ਹਨ। ਇਨ੍ਹਾਂ 'ਚੋਂ ਹੁਣ ਦੱਖਣੀ ਕੋਰੀਆ ਦੇ ਵਿਗਿਆਨੀਆਂ ਨੇ ਇੱਕ ਨਵਾਂ ਹੀ ਸੂਰਜ ਬਣਾ ਕੇ ਬਾਜ਼ੀ ਮਾਰ ਲਈ ਹੈ। ਇਸ ਦੇ ਵਿਗਿਆਨੀਆਂ ਨੇ ਨਾਭਿਕ ਜੋੜਕ (ਨਿਊਕਲੀਅਰ ਸੰਯੋਜਨ) ਪ੍ਰਤੀਕਿਰਿਆ ਰਾਹੀਂ 10 ਕਰੋੜ ਡਿਗਰੀ ਸੈਲਸੀਅਸ ਦਾ ਤਾਪਮਾਨ ਪੈਦਾ ਕਰਕੇ ਵਿਸ਼ਵ ਰਿਕਾਰਡ ਬਣਾਇਆ ਹੈ। ਇਹ ਤਾਪਮਾਨ ਸੂਰਜ ਦੇ ਤਾਪਮਾਨ ਤੋਂ ਲਗਭਗ ਸੱਤ ਗੁਣਾ ਜ਼ਿਆਦਾ ਹੈ। ਕੋਰੀਆਈ ਇੰਸਟੀਚਿਊਟ ਆਫ ਐਨਰਜੀ ਦੇ ਇਸ ਨਕਲੀ ਸੂਰਜ ਨੇ ਦਸੰਬਰ 2023 ਅਤੇ ਫਰਵਰੀ 2024 ਵਿਚਕਾਰ ਟੈਸਟਾਂ ਦੌਰਾਨ 48 ਸਕਿੰਟਾਂ ਲਈ 10 ਕਰੋੜ ਡਿਗਰੀ ਦੇ ਤਾਪਮਾਨ ਦੇ ਨਾਲ ਪਲਾਜ਼ਮਾ ਨੂੰ ਬਣਾਈ ਰੱਖਣ ਵਿਚ ਕਾਮਯਾਬੀ ਹਾਸਿਲ ਕੀਤੀ ਸੀ। ਇਸ ਤੋਂ ਪਹਿਲਾ ਰਿਕਾਰਡ 2021 ਵਿਚ 30 ਸਕਿੰਟਾਂ ਦਾ ਸੀ। ਪਲਾਜ਼ਮਾ ਦੀ ਅਸਥਿਰ ਪ੍ਰਕਿਰਤੀ ਅਤੇ ਇੰਨ੍ਹੇ ਜ਼ਿਆਦਾ ਤਾਪਮਾਨ ਦੇ ਕਾਰਨ ਇੰਨਾ ਜ਼ਿਆਦਾ ਤਾਪਮਾਨ ਬਰਕਰਾਰ ਰੱਖਣਾ ਬੜਾ ਹੀ ਔਖਾ ਕਾਰਜ ਹੈ। ਇਸ ਲਈ ਇਹ ਤਾਜ਼ਾ ਰਿਕਾਰਡ ਬਹੁਤ ਅਹਿਮੀਅਤ ਰੱਖਦਾ ਹੈ। ਨਾਭਿਕ-ਜੋੜਕ ਕਿਰਿਆ ਉਦੋਂ ਹੀ ਹੁੰਦੀ ਹੈ, ਜਦੋਂ ਪਰਮਾਣੂ ਬਹੁਤ ਜ਼ਿਆਦਾ ਗਰਮੀ ਅਤੇ ਦਬਾਅ ਹੇਠ ਹੁੰਦੇ ਹਨ। ਅਜਿਹੀ ਸਥਿਤੀ ਵਿਚ, ਧਰਤੀ ਉੱਤੇ ਇਸ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਇੱਕ ਵਿਸ਼ੇਸ਼ ਚੈਂਬਰ ਦੀ ਲੋੜ ਹੁੰਦੀ ਹੈ। ਵਿਗਿਆਨੀਆਂ ਦਾ ਟੀਚਾ 2026 ਤੱਕ ਘੱਟੋ-ਘੱਟ 5 ਮਿੰਟਾਂ ਲਈ ਪਲਾਜ਼ਮਾ ਦੇ ਤਾਪਮਾਨ ਨੂੰ 10 ਕਰੋੜ ਡਿਗਰੀ ਸੈਲਸੀਅਸ 'ਤੇ ਬਣਾਈ ਰੱਖਣ ਦਾ ਹੈ।

ਨਕਲੀ ਸੂਰਜ ਬਣਾਉਣ 'ਚ ਸਫਲਤਾ ਮਿਲਣ ਤੋਂ ਬਾਅਦ ਵਿਗਿਆਨੀਆਂ ਨੂੰ ਕਈ ਫਾਇਦੇ ਮਿਲਣਗੇ। ਜੈਵਿਕ ਬਾਲਣ ਨੂੰ ਸਾੜਨ ਦੇ ਉਲਟ, ਇਹ ਪ੍ਰਕਿਰਿਆ ਕੋਈ ਪ੍ਰਦੂਸ਼ਣ ਪੈਦਾ ਨਹੀਂ ਕਰਦੀ। ਘੱਟੋ-ਘੱਟ ਰੇਡੀਓਐਕਟਿਵ ਰਹਿੰਦ-ਖੂੰਹਦ ਪੈਦਾ ਕਰਦੀ ਹੈ। ਬੇਅੰਤ ਊਰਜਾ ਪੈਦਾ ਹੁੰਦੀ ਹੈ, ਜੋ ਟਿਕਾਊ ਅਤੇ ਵਾਤਾਵਰਣ-ਪੱਖੀ ਹੈ। ਪਰ, ਧਰਤੀ 'ਤੇ ਇਸ ਪ੍ਰਕਿਰਿਆ ਵਿਚ ਮੁਹਾਰਤ ਹਾਸਲ ਕਰਨਾ ਬਹੁਤ ਚੁਣੌਤੀਪੂਰਨ ਕਾਰਜ ਹੈ। ਇਸ ਕਿਰਿਆ ਵਿਚ ਕੋਈ ਗਰੀਨ ਹਾਊਸ ਪ੍ਰਭਾਓ ਪੈਦਾ ਕਰਨ ਵਾਲੀ ਗੈਸ ਵੀ ਪੈਦਾ ਨਹੀਂ ਹੁੰਦੀ। ਇਸ ਨਾਲ ਜਿੱਥੇ ਸਾਡੀਆਂ ਊਰਜਾ ਸਬੰਧੀ ਲੋੜਾਂ ਪੂਰੀਆਂ ਹੋਣਗੀਆਂ, ਉੱਥੇ ਪੁਲਾੜ ਦੀਆਂ ਖੋਜਾਂ ਵਿਚ ਵੀ ਇਹ ਮਹੱਤਵਪੂਰਨ ਰੋਲ ਅਦਾ ਕਰ ਸਕਦੀ ਹੈ ਕਿਉਂਕਿ ਪੁਲਾੜ ਦੀਆਂ ਖੋਜਾਂ ਵਿਚ ਮਿਸ਼ਨ 'ਤੇ ਜਾ ਕੇ ਊਰਜਾ ਸਰੋਤ ਕੰਮ ਕਰਨਾ ਬੰਦ ਕਰ ਦਿੰਦੇ ਹਨ ਜਾਂ ਖਤਮ ਹੋ ਜਾਂਦੇ ਹਨ। ਇਸ ਲਈ ਨਾਭਕੀ ਜੋੜਕ ਕਿਰਿਆ ਰਾਹੀਂ ਥੋੜ੍ਹਾ ਜਿਹਾ ਬਾਲਣ ਵਰਤ ਕੇ ਬਹੁਤ ਸਾਰੀ ਊਰਜਾ ਪ੍ਰਾਪਤ ਕਰਕੇ ਅਗਾਂਹ ਦੀਆਂ ਖੋਜਾਂ ਕੀਤੀਆਂ ਜਾ ਸਕਦੀਆਂ ਹਨ। ਭਵਿੱਖ 'ਚ ਇਹ ਊਰਜਾ ਤਕਨੀਕ ਮੀਲ-ਪੱਥਰ ਸਾਬਤ ਹੋ ਸਕਦੀ ਹੈ।

# ਜੀਤ ਸਿਓਂ ਟਾਂਗੇ ਵਾਲਾ

ਅੰਗਰੇਜ ਸਿੰਘ ਵਿਰਦੀ
ਮੋਬਾਇਲ : 94646-28857
(Punjab Mail USA)





ਜੀਤ ਸਿਓਂ ਟਾਂਗੇ ਵਾਲਾ ਜੋ ਪਿੰਡ ਵਿਚ ਜੀਤਾ ਬੈਟਰਾ ਕਰਕੇ ਮਸ਼ਹੂਰ ਸੀ, ਦੀ ਜਿੰਦਗੀ ਵੀ ਇੱਕ ਦਿਲਚਸਪ ਕਹਾਣੀ ਵਾਂਗ ਹੈ, ਜਦੋਂ ਵੀ ਮੈਂ ਉਸ ਬਾਰੇ ਸੋਚਦਾ ਹਾਂ, ਤਾਂ ਮੈਨੂੰ ਉਸ ਦਾ ਹਸੂੰ-ਹਸੂੰ ਕਰਦਾ ਚਿਹਰਾ ਯਾਦ ਆ ਜਾਂਦਾ ਹੈ। ਅਜੇ ਕੱਲ੍ਹ ਦੀ ਹੀ ਗੱਲ ਲੱਗਦੀ ਹੈ, ਜਦੋਂ ਅਸੀ ਨਿੱਕੇ ਹੁੰਦਿਆਂ ਉਸ ਦੇ ਟਾਂਗੇ ਵਿਚ ਬੈਠ ਕੇ ਭਿੱਖੀਵਿੰਡ ਤੋਂ ਪਿੰਡ ਨੂੰ ਜਾਇਆ ਕਰਦੇ ਸਾਂ। ਟਾਂਗਾ ਵੀ ਪੂਰਾ ਸ਼ਿੰਗਾਰਿਆ ਹੁੰਦਾ ਸੀ ਜੀਤ ਸਿਓਂ ਨੇ, ਤੇ ਘੋੜੀ ਅੱਥਰੀ ਪੈਲਾ ਪਾਉਂਦੀ, ਜਦੋਂ ਸੜਕ ’ਤੇ ਦੌੜਦੀ ਤਾਂ ਉਸ ਦੇ ਗਲ ਵਿਚ ਪਾਇਆ ਘੁੰਗਰੂਆਂ ਵਾਲਾ ਪਟਾ ਛਣ-ਛਣ ਕਰਦਾ ਵੱਖਰਾ ਈ ਰਾਗ ਛੇੜਦਾ ਜਾਂਦਾ, ਸਫ਼ਰ ਵੀ ਬੜਾ ਸੰਗੀਤਮਈ ਹੋ ਜਾਂਦਾ ਸੀ ਟਾਂਗੇ ’ਤੇ ਬੈਠਿਆ। ਮਨ ਨੂੰ ਇੱਕ ਵੱਖਰਾ ਈ ਸਰੂਰ ਮਿਲਦਾ ਸੀ, ਜਦੋਂ ਵੀ ਉਸ ਦੇ ਟਾਂਗੇ ਵਿਚ ਬੈਠ ਕੇ ਸਫ਼ਰ ਕਰੀ ਦਾ ਸੀ।

ਪਿੰਡ ਵਿਚ ਗੁਰਦੁਆਰੇ ਦੇ ਕੋਲ ਈ ਸਾਡੇ ਘਰ ਤੋਂ ਚਾਰ ਘਰ ਛੱਡ ਕੇ ਓਸੇ ਕਤਾਰ ਵਿਚ ਜੀਤ ਸਿਓਂ ਦਾ ਘਰ ਸੀ। ਆਮ ਜਿਹਾ ਪੱਕੀਆਂ ਇੱਟਾਂ ਦਾ ਬਣਿਆਂ ਘਰ ਜਿਸ ਵਿਚ ਪਿੱਛੇ ਇੱਕ ਕਮਰਾ ਸੀ, ਕਮਰੇ ਦੇ ਨਾਲ ਇੱਕ ਸਬਾਤ ਜਿੱਥੇ ਮੀਂਹ ਕਣੀ ਵਿਚ ਰੋਟੀ ਟੁੱਕ ਕਰਨ ਲਈ ਚੁੱਲਾ ਤੇ ਹੋਰ ਭਾਂਡੇ ਟੀਡੇ ਰੱਖੇ ਹੋਏ ਸਨ। ਸਬਾਤ ਵਿਚ ਅਨਾਜ, ਕਣਕ ਆਦਿ ਰੱਖਣ ਲਈ ਇੱਕ ਵੱਡਾ ਮਿੱਟੀ ਦਾ ਭੜੋਲਾ ਵੀ ਰੱਖਿਆ ਹੋਇਆ ਸੀ। ਜੀਤ ਸਿਓਂ ਨੇ ਸਬਾਤ ਦੇ ਬਾਹਰ ਵੀ ਚੁੱਲ੍ਹਾ ਚੌਕਾਂ ਬਣਾ ਰੱਖਿਆ ਸੀ, ਚੌਰਸ ਜਿਹੀ ਜਗ੍ਹਾ ’ਚ ਢੁੱਕਵੇਂ ਤਰੀਕੇ ਨਾਲ ਚੁੱਲ੍ਹਾ, ਰੋਟੀਆਂ ਲਈ ਲੋਹ, ਦੁੱਧ ਕਾੜ੍ਹਨ ਲਈ ਹਾਰਾ ਬੜੇ ਸਲੀਕੇ ਨਾਲ ਬਣਾਇਆ ਹੋਇਆ ਸੀ। ਇਸ ਚੁੱਲ੍ਹੇ ਚੌਂਕੇ ’ਚ ਵਰਤਣ ਵਾਲੀਆਂ ਚੀਜ਼ਾਂ ਤੋਂ ਇਲਾਵਾ ਭਾਂਡੇ ਆਦਿ ਰੱਖਣ ਲਈ ਇਕ ਵੱਡੀ ਕੰਧ ਨਾਲ ਅੱਡ-ਅੱਡ ਖਾਨੇ ਵੀ ਬਣਾ ਰੱਖੇ ਸਨ। ਚੌਤਰੇ ਨੂੰ ਮਿੱਟੀ ਦੀਆਂ ਇੱਟਾਂ ਨਾਲ ਵਲ ਕੇ ਮਿੱਟੀ ਵਿਚ ਤੂੜੀ ਰਲਾ ਕੇ ਕੀਤੀ ਘਾਣੀ ਨਾਲ ਉਸ ਨੂੰ ਲਿੱਪਿਆ ਹੋਇਆ ਸੀ, ਜਿਸ ’ਤੇ ਪਰੋਲੇ ਨਾਲ ਛੱਪੜ ਦੀ ਚੀਕਣੀ ਮਿੱਟੀ ਫੇਰ ਕੇ ਉਸ ’ਤੇ ਮੋਰ ਘੁੱਗੀਆਂ ਦੇ ਚਿੱਤਰ ਉਕਰੇ ਹੋਏ ਸਨ। ਜੀਤ ਸਿਓਂ ਨੇ ਘਰ ਵਿਚ ਖਰਗੋਸ਼ ਵੀ ਰੱਖੇ ਹੁੰਦੇ ਸਨ, ਜਿਨ੍ਹਾਂ ਲਈ ਵਿਹੜੇ ਵਿਚ ਇੱਕ ਖੁੱਡਾ ਬਣਿਆ ਹੋਇਆ ਸੀ, ਜਿੱਥੇ ਉਨ੍ਹਾਂ ਦੇ ਖਾਣ ਲਈ ਪੱਠੇ ਆਦਿ ਪਏ ਰਹਿੰਦੇ ਸਨ।

ਉਸ ਵੇਲੇ ਜੀਤ ਸਿਓਂ ਦੀ ਉਮਰ ਕੋਈ ਪੰਜਾਹ ਕੁ ਸਾਲ ਤੋਂ ਵੱਧ ਈ ਹੋਣੀ। ਗੋਰਾ ਚਿੱਟਾ ਰੰਗ, ਸੋਹਣਾ-ਸੁਨੱਖਾ ਜੀਤ ਸਿਓਂ ਆਪ ਜਿੰਨਾ ਸੋਹਣਾ ਸੀ, ਉਸ ਦੀ ਘਰਵਾਲੀ ਓਨੀ ਹੀ ਕਰੂਪ ਜਿਸ ਦੇ ਨੈਣ-ਨਕਸ਼ ਵੀ ਕੋਈ ਬਹੁਤੇ ਵਧੀਆ ਨਹੀਂ ਸਨ। ਚਿਹਰੇ-ਮੋਹਰੇ ਅਤੇ ਬੋਲ-ਬਾਣੀ ਤੋਂ ਉਹ ਪੰਜਾਬਣ ਨਹੀਂ ਲੱਗਦੀ ਸੀ। ਸਾਰੇ ਪਿੰਡ ਨੂੰ ਪਤਾ ਸੀ ਕਿ ਜੀਤ ਸਿਓਂ ਕੁਦੇਸਣ ਲੈ ਕੇ ਆਇਆ ਸੀ, ਆਪਣਾ ਘਰ ਵਸਾਉਣ ਲਈ। ਪਤਾ ਨਹੀਂ ਉਸ ਦੀ ਕੀ ਮਜਬੂਰੀ ਸੀ, ਜੋ ਸੋਹਣੀ ਸੂਰਤ ਵਧੀਆ ਡੀਲ ਡੋਲ ਹੋਣ ਦੇ ਬਾਵਜੂਦ ਵੀ ਉਸ ਨੂੰ ਕੋਈ ਸਾਕ ਕਿਉਂ ਨਹੀਂ ਹੋਇਆ ਸੀ। ਪਰ ਫਿਰ ਵੀ ਜੀਤ ਸਿਓਂ ਨੇ ਆਪਣੀ ਘਰਵਾਲੀ ਨੂੰ ਰਾਣੀਆਂ ਵਾਂਗ ਰੱਖਿਆ। ਸਾਡੇ ਪਿੰਡ ਜੀਤ ਸਿਓਂ ਦੀ ਘਰਵਾਲੀ ਤੋਂ ਇਲਾਵਾ ਦੋ-ਤਿੰਨ ਕੁਦੇਸਣਾਂ ਹੋਰ ਵੀ ਵੱਸਦੀਆਂ ਸਨ, ਜਿਨ੍ਹਾਂ ਦੇ ਧੀਆਂ-ਪੁੱਤ ਵੀ ਵਿਆਹੇ ਵਰ੍ਹੇ ਸਨ ਤੇ ਉਹ ਪਿੰਡ ਦੇ ਰੰਗ ਵਿਚ ਪੂਰੀ ਤਰ੍ਹਾਂ ਰੰਗ ਚੁੱਕੀਆਂ ਸਨ। ਜੀਤ ਸਿਓਂ ਦੀ ਘਰਵਾਲੀ ਰਾਮੀ ਜੋ ਰਾਮ ਕੌਰ ਦੇ ਨਾਂ ਤੋਂ ਪਿੰਡ ਵਿਚ ਜਾਣੀ ਜਾਂਦੀ ਸੀ, ਵਧੀਆਂ ਦਾਨੇ ਕੱਪੜੇ ਪਾ ਕੇ ਸਿਰ ’ਤੇ ਮਲਮਲ ਦੀ ਚੁੰਨੀ ਲੈ ਕਈ ਵਾਰ ਸਾਡੇ ਘਰ ਮੇਰੀ ਦਾਦੀ ਕੋਲੋਂ ਸੂਟ ਸਿਵਾਉਣ ਆਉਂਦੀ ਅਸੀਂ ਤੱਕੀ ਸੀ। ਰਾਮ ਕੌਰ ਜਦੋਂ ਵੀ ਸਾਡੇ ਘਰ ਆਉਂਦੀ, ਤਾਂ ਉਹ ਮੇਰੀ ਦਾਦੀ ਨੂੰ ਸਾਨੂੰ ਵੇਖ ਕੇ ਇਹ ਜ਼ਰੂਰ ਪੁੱਛਦੀ ਕਿ ਕੁੜੇ ਭਜਨ ਕੁਰੇ, ਤੇਰੇ ਪੋਤਰੇ ਪੋਤਰੀਆਂ ਕਦੋਂ ਦੇ ਆਏ ਨੇ ਸ਼ਹਿਰੋਂ ਛੁੱਟੀਆਂ ਕੱਟਣ ?ਤੇ ਫਿਰ ਸਾਨੂੰ ਪਿਆਰ ਨਾਲ ਪੁਚਕਾਰਨ ਲੱਗਦੀ। ਬਹੁਤ ਵਧੀਆ ਸੁਭਾਅ ਦੀ ਮਾਲਿਕ ਸੀ ਰਾਮ ਕੌਰ। ਪਰ ਰਾਮ ਕੌਰ ਤੇ ਜੀਤ ਸਿਓਂ ਨੂੰ ਇੱਕ ਵੱਡਾ ਦੁੱਖ ਸੀ, ਉਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਸੀ ਹੋਈ। ਦੋਵੇਂ ਔਲਾਦ ਨੂੰ ਈ ਤਰਸਦੇ ਰਹੇ ਤੇ ਫਿਰ ਇੱਕ ਦਿਨ ਜੀਤ ਸਿਓਂ ਦੀ ਘਰਵਾਲੀ ਇਹ ਦੁੱਖ ਆਪਣੇ ਅੰਦਰ ਸਮਾਈ ਇਸ ਫ਼ਾਨੀ ਦੁਨੀਆਂ ਤੋਂ ਰੁਖ਼ਸਤ ਹੋ ਗਈ।

ਘਰਵਾਲੀ ਦੇ ਜਾਣ ਤੋਂ ਬਾਅਦ ਜੀਤ ਸਿਓਂ ਬਿਲਕੁੱਲ ਇਕੱਲਾ ਹੋ ਗਇਆ। ਅਸੀਂ ਜਦੋਂ ਵੀ ਪਿੰਡ ਜਾਣਾ ਜੀਤ ਸਿਓਂ ਨੂੰ ਓਸੇ ਧਰੇਕ ਦੀ ਛਾਂਵੇ ਇਕੱਲੇ ਬੈਠੇ ਵੇਖਣਾ, ਜਿਸ ਧਰੇਕ ਹੇਠਾਂ ਜੀਤ ਸਿਓਂ ਤੇ ਰਾਮ ਕੌਰ ਨੂੰ ਇਕੱਠੇ ਬੈਠਿਆਂ ਵੇਖਦੇ ਹੁੰਦੇ ਸਾਂ। ਰਾਮ ਕੌਰ ਦੇ ਜਾਣ ਤੋਂ ਬਾਅਦ ਉਨ੍ਹਾਂ ਦੇ ਘਰ ਦੀ ਹਾਲਤ ਬੇਹੱਦ ਖਰਾਬ ਹੋ ਗਈ ਸੀ। ਉਹ ਘਰ ਜੋ ਰਾਮ ਕੌਰ ਦੇ ਹੁੰਦਿਆ ਲਿਸ਼ਕਾਂ ਮਾਰਦਾ ਸੀ, ਉਸ ਦੇ ਜਾਣ ਤੋਂ ਬਾਅਦ ਉਜੜ-ਪੁਜੜ ਈ ਗਿਆ। ਘਰ ਦਾ ਕੱਚਾ ਵਿਹੜਾ, ਚੁੱਲਾ ਚੌਂਕਾ ਅਤੇ ਭੜੋਲੇ ਦੀ ਸੰਭਾਲ ਨਾ ਹੋਣ ਕਰਕੇ ਉਨ੍ਹਾਂ ਦੀ ਮਿੱਟੀ ਖੁਰਨ ਲੱਗੀ ਸੀ। ਜੀਤੇ ਦੀ ਜ਼ਿੰਦਗੀ ਵਿਚ ਇੱਕ ਖਾਲੀਪਣ ਆ ਗਿਆ ਸੀ, ਬੇਸ਼ੱਕ ਉਹ ਸਾਰਾ ਦਿਨ ਟਾਂਗਾ ਚਲਾਉਂਦਾ ਰਹਿੰਦਾ ਪਰ ਰਾਤ ਨੂੰ ਇਕੱਲਿਆਂ ਘਰ ਉਸ ਨੂੰ ਵੱਡ-ਵੱਡ ਖਾਂਦਾ। ਤੇ ਫਿਰ ਜਦੋਂ ਅਸੀਂ ਅਗਲੀਆਂ ਛੁੱਟੀਆਂ ਕੱਟਣ ਪਿੰਡ ਆਏ, ਤਾਂ ਜੀਤ ਸਿਓਂ ਦੇ ਘਰ ਅਸੀਂ 30-35 ਸਾਲ ਦੀ ਇਕ ਔਰਤ ਵੇਖੀ। ਜਦੋਂ ਅਸੀਂ ਆਪਣੀ ਦਾਦੀ ਨੂੰ ਪੁੱਛਿਆ ਕਿ ਉਹ ਕੌਣ ਹੈ, ਤਾਂ ਮੇਰੀ ਦਾਦੀ ਨੇ ਦੱਸਿਆ ਕਿ ਇਹ ਜੀਤੇ ਦੀ ਨਵੀਂ ਘਰਵਾਲੀ ਹੈ। ਰੰਗ ਦੀ ਗੋਰੀ ਕੱਦ ਵਾਹਵਾ ਲੰਬਾ ਤੇ ਸਰੀਰ ਦੀ ਭਾਰੀ ਪੇਟ ਵੀ ਬਾਹਰ ਨੂੰ ਨਿਕਲਿਆ। ਜੀਤ ਸਿਓਂ ਦੀ ਇਹ ਘਰਵਾਲੀ ਵੀ ਕੁਦੇਸਣ ਸੀ। ਸਾਰੀਆਂ ਛੁੱਟੀਆਂ ਅਸੀਂ ਉਸ ਨੂੰ ਚੋਰੀ-ਚੋਰੀ ਵੇਖਦੇ ਰਹਿੰਦੇ। ਜਿੰਨੇ ਦਿਨ ਵੀ ਅਸੀਂ ਪਿੰਡ ਰਹੇ, ਉਸ ਨੂੰ ਕਦੇ ਵੀ ਮੂੰਹੋਂ ਇੱਕ ਸ਼ਬਦ ਵੀ ਬੋਲਦੇ ਨਾ ਸੁਣਿਆ। ਖਰੇ ਉਹ ਗੂੰਗੀ ਈ ਸੀ। ਉਹ ਚੁੱਪਚਾਪ ਘਰ ਦਾ ਸਾਰਾ ਕੰਮ ਕਰਦੀ ਤੇ ਫਿਰ ਧਰੇਕ ਹੇਠਾਂ ਡੱਠੀ ਮੰਜੀ ਤੇ ਜੀਤ ਸਿਓਂ ਦੇ ਕੋਲ ਆ ਬਹਿੰਦੀ। ਜੀਤ ਸਿਓਂ ਉਸ ਨਾਲ ਹਾਸੇ-ਮਜ਼ਾਕ ਦੀਆ ਗੱਲਾਂ ਕਰ ਉਸ ਦਾ ਜੀਅ ਲਾ ਛੱਡਦਾ। ਗਰੀਬੀ ਵਿਚ ਜ਼ਿੰਦਗੀ ਗੁਜ਼ਾਰਦੇ ਵੀ ਦੋਵੇਂ ਜਾਣੇ ਖੁਸ਼ ਰਹਿੰਦੇ। ਜੀਤਾ ਸਾਰੀ ਉਮਰ ਟਾਂਗਾ ਵਾਹੁੰਦਾ ਰਿਹਾ। ਖੌਰੇ ਕਿੰਨ੍ਹੇ ਕੁ ਰਾਹੀਆਂ ਨੂੰ ਜੀਤੇ ਨੇ ਉਨ੍ਹਾਂ ਦੀ ਮੰਜ਼ਿਲ ’ਤੇ ਪਹੁਚਾਇਆ ਹੋਣਾ। ਜੀਤਾ ਪਿੰਡ ਦਾ ਇੱਕਲੌਤਾ ਟਾਂਗਾ ਚਾਲਕ ਸੀ, ਜਿਸ ਦੇ ਟਾਂਗੇ ਦੀ ਪੂਰੇ ਪਿੰਡ ਵਿਚ ਧੁੰਮ ਸੀ। ਹੋਵੇ ਵੀ ਕਿਉਂ ਨਾ, ਉਸ ਦੀ ਘੋੜੀ ਵੀ ਵਾਹਵਾ ਜੁਆਨ ਤੇ ਤੇਜ਼-ਤਰਾਰ, ਪਲਾਂ ਵਿਚ ਹੀ ਭਿੰਖੀਵਿੰਡ ਤੋਂ ਪਿੰਡ ਦਾ ਸਫ਼ਰ ਮੁਕਾ ਦਿੰਦੀ ਸੀ। ਟਾਂਗਾ ਵੀ ਬੜਾ ਸੋਹਣਾ ਰੰਗ-ਬਰੰਗਾ ਤੇ ਨਵਾਂ ਨਕੋਰ ਜਿਹੜਾ ਕਦੇ ਖਰਾਬ ਨਹੀਂ ਸੀ ਹੋਣ ਦਿੰਦਾ ਜੀਤਾ ਤਾਇਆ। ਜੀਤ ਸਿਓਂ ਸਾਰੀ ਉਮਰ ਟਾਂਗਾ ਵਾਹੁੰਦਾ ਰਿਹਾ ਤੇ ਫ਼ਿਰ ਪਤਾ ਈ ਨੀਂ ਲੱਗਾ ਜੀਤ ਸਿਓਂ ਕਦੋਂ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਿਆ। ਸ਼ਹਿਰ ਦੀ ਭੀੜ ਭਾੜ ਭਰੀ ਦੁਨੀਆਂ ਵਿਚ ਗਵਾਚਾ ਮੈਂ ਅੱਜ ਜਦੋਂ ਜੀਤ ਸਿਓਂ ਦੇ ਟਾਂਗੇ ’ਤੇ ਬੈਠ ਕੇ ਹੁੰਦੇ ਪਿਆਰੇ ਜਿਹੇ ਸੁਖਦ ਅਹਿਸਾਸ ਨੂੰ ਮਹਿਸੂਸ ਕਰਦਾ ਹਾਂ, ਤਾਂ ਮਨ ਨੂੰ ਬੜਾ ਈ ਸਕੂਨ ਮਿਲਦਾ ਹੈ। ਜੋ ਹੁਣ ਵੱਡੀਆਂ ਮਹਿੰਗੀਆਂ ਕਾਰਾਂ ਵਿਚ ਬੈਠ ਕੇ ਵੀ ਮਹਿਸੂਸ ਨਹੀਂ ਹੁੰਦਾ। ਪੁਰਾਣੇ ਵੇਲੇ ਮੁੜ ਕੇ ਤਾਂ ਵਾਪਸ ਨਹੀਂ ਆ ਸਕਦੇ ਤੇ ਨਾ ਹੀ ਹੁਣ ਕਦੇ ਉਹ ਸੱਚੇ-ਸੁੱਚੇ ਕਿਰਤੀ ਲੋਕ ਈ ਲੱਭ ਸਕਦੇ ਨੇ, ਬੱਸ ਉਨ੍ਹਾਂ ਦੀਆਂ ਯਾਦਾਂ ਨੂੰ ਹੀ ਆਪਣੇ ਸੰਗੀ ਸਾਥੀਆਂ ਨਾਲ ਸਾਂਝੀਆਂ ਕਰਕੇ ਉਨ੍ਹਾਂ ਨੂੰ ਯਾਦ ਕਰ ਸਕਦੇ ਹਾਂ।

# ਪੰਜਾਬੀ ਗੀਤਕਾਰੀ ਦੇ ਵਿਹੜੇ ਦਾ ਸੱਗੀ ਫੁੱਲ ਗੀਤਕਾਰ ਚਤਰ ਸਿੰਘ ਪਰਵਾਨਾ

ਮਨਜਿੰਦਰ ਸਿੰਘ ਸਰੌਦ
94634-63136
(Punjab Mail USA)



ਪੰਜਾਬੀ ਗੀਤਕਾਰੀ ਦੇ ਵਿਹੜੇ ਦੀ ਫੁਲਵਾੜੀ ਦੇ ਫੁੱਲ, ਸੈਂਕੜੇ ਨਹੀਂ, ਸਗੋਂ ਹਜ਼ਾਰਾਂ ਗੀਤਾਂ ਦਾ ਰਚੇਤਾ ਗੀਤਕਾਰ ਚਤਰ ਸਿੰਘ ਪਰਵਾਨਾ ਦਾ ਨਾਂ ਸੰਗੀਤਕ ਹਲਕਿਆਂ ਅੰਦਰ ਕਿਸੇ ਜਾਣਕਾਰੀ ਦਾ ਮੁਹਤਾਜ ਨਹੀਂ ਹੈ। ਸਰੋਤਿਆਂ ਨੂੰ ਦੱਸਣਾ ਤਾਂ ਬਣਦੈ ਕਿ ਇਹ ਫੁੱਲ ਅੱਜਕੱਲ੍ਹ ਮੁਰਝਾ ਰਿਹਾ ਪ੍ਰਤੀਤ ਹੁੰਦਾ ਹੈ। ਪੰਜਾਬੀ ਗਾਇਕੀ ਅਤੇ ਗੀਤਕਾਰੀ ਦਾ ਇਹ ਇੱਕ ਕੌੜਾ ਸੱਚ ਹੈ ਕਿ ਆਪਣੀ ਉਮਰ ਦੇ ਪਿਛਲੇ ਪੜਾਅ ’ਤੇ ਆ ਕੇ ਬਹੁਤੇ ਗਾਇਕ ਅਤੇ ਗੀਤਕਾਰ ਆਮ ਲੋਕਾਈ ਨਾਲੋਂ ਟੁੱਟ ਕੇ ਗੁੰਮਨਾਮ ਭਰੀ ਜ਼ਿੰਦਗੀ ਜਿਊਣ ਦੇ ਨਾਲ-ਨਾਲ ਤੰਗੀਆਂ ਤੁਰਸ਼ੀਆਂ ਦੀ ਜੰਗ ਲੜਦੇ ਵਿਖਾਈ ਦਿੰਦੇ ਹਨ। ਮੈਂ ਆਪਣੇ ਵਰ੍ਹਿਆਂ ਦੇ ਕਲਾਕਾਰਾਂ ਬਾਰੇ ਲਿਖਣ ਦੇ ਸਫ਼ਰ ਦੌਰਾਨ ਵੱਡੀ ਗਿਣਤੀ ਵਿਚ ਕਲਾਕਾਰਾਂ ਨੂੰ ਉਨ੍ਹਾਂ ਦੇ ਦਰਾਂ ’ਤੇ ਬੁਢਾਪੇ ਦੇ ਢੁੱਕਣ ਤੋਂ ਬਾਅਦ ਦੋ ਵਕਤ ਦੀ ਰੋਟੀ ਲਈ ਮੁਹਤਾਜ ਹੁੰਦੇ ਵੇਖਿਆ ਹੈ।

ਉਮਰ ਦੇ ਇਸ ਪੜਾਅ ’ਤੇ ਆ ਕੇ ਵੱਡੇ-ਵੱਡੇ ਫਨਕਾਰ ਵੀ ਆਪਣੀ ਸੰਘਰਸ਼ੀ ਜੰਗ ਹਾਰ ਗਏ। ਭਾਵੇਂ ਇਨ੍ਹਾਂ ਗੀਤਕਾਰਾਂ ਦੇ ਰਚੇ ਗੀਤਾਂ ਨੇ ਕਲਾਕਾਰਾਂ ਨੂੰ ਕਰੋੜਪਤੀ ਬਣਾ ਦਿੱਤਾ ਅਤੇ ਉਨ੍ਹਾਂ ਦੇ ਖੀਸੇ ਨੋਟਾਂ ਨਾਲ ਭਰ ਗਏ ਪਰ ਇਨ੍ਹਾਂ ਰਚਣਹਾਰਿਆਂ ਦੇ ਪੱਲੇ ਸਿਵਾਏ ਜ਼ਲਾਲਤ ਤੋਂ ਕੁਝ ਨਾ ਪਿਆ। ਗੀਤਕਾਰ ਦੇ ਲਿਖੇ ਗੀਤ ਤੋਂ ਕਲਾਕਾਰ ਗੱਡੀਆਂ ’ਚ ਸਵਾਰ ਹੋ ਗਏ ਪਰ ਗੀਤਕਾਰ ਨੂੰ ਸਾਈਕਲ ਵੀ ਜੁੜ ਨਾ ਸਕਿਆ। ਅਜਿਹਾ ਹੀ ਕੁਝ ਵਾਪਰ ਰਿਹਾ ਹੈ ਪੰਜਾਬੀ ਦੇ ਕਿਸੇ ਸਮੇਂ ਦੇ ਚੋਟੀ ਦੇ ਗੀਤਕਾਰ ਚਤਰ ਸਿੰਘ ਪਰਵਾਨਾ ਦੇ ਨਾਲ। ਇੱਕ ਸਮਾਂ ਸੀ ਜਦ ਚਤਰ ਸਿੰਘ ਪਰਵਾਨਾ ਦੇ ਘਰ ਦੀ ਦਲਦਲ ਦੇ ਬਾਹਰ ਕਲਾਕਾਰਾਂ ਅਤੇ ਚੰਗੀਆਂ ਰਿਕਾਰਡ ਕੰਪਨੀ ਵਾਲਿਆਂ ਦੀਆਂ ਗੱਡੀਆਂ ਦੀ ਕਤਾਰ ਹੁੰਦੀ ਸੀ ਅਤੇ ਉਨ੍ਹਾਂ ਸਮਿਆਂ ਵਿਚ ਉਸ ਦੇ ਘਰ ਚੋਟੀ ਦੇ ਕਲਾਕਾਰਾਂ ਦਾ ਮੇਲਾ ਭਰਦਾ ਸੀ।



ਸਿਆਣੇ ਆਖਦੇ ਨੇ ਕਿ ਸਮਾਂ ਬੜਾ ਬਲਵਾਨ ਹੁੰਦੈ, ਇਹ ਕਿਸੇ ਦੇ ਰੋਕਿਆਂ ਨਹੀਂ ਰੁੱਕਦਾ ਤੇ ਆਪਣੀ ਚਾਲੇ ਚੱਲਦਾ ਰਹਿੰਦਾ ਹੈ। ਚਤਰ ਸਿੰਘ ਪਰਵਾਨਾ ਨੇ ਪੰਜਾਬੀ ਗੀਤਕਾਰੀ ਦੀ ਦੁਨੀਆਂ ਅੰਦਰ ਲਗਪਗ ਇੱਕ ਹਜ਼ਾਰ ਤੋਂ ਜ਼ਿਆਦਾ ਗੀਤ ਲਿਖ ਕੇ ਆਪਣਾ ਨਾਂ ਸੁਨਹਿਰੀ ਅੱਖਰਾਂ ਵਿਚ ਦਰਜ ਕਰਵਾਇਆ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬੀ ਗੀਤਕਾਰੀ ਦਾ ਇਹ ਮਹਾਨ ਫ਼ਨਕਾਰ ਅੱਜਕੱਲ੍ਹ ਲੁਧਿਆਣਾ ਸ਼ਹਿਰ ਦੀ ਇੱਕ ਨੁੱਕਰੇ ਪੈਂਦੇ ਕਸਬਾ ਲੁਹਾਰਾ ਵਿਖੇ ਆਪਣੀ ਜ਼ਿੰਦਗੀ ਦੀ ਦਿਨ ਕਟੀ ਕਰ ਰਿਹਾ ਪ੍ਰਤੀਤ ਹੁੰਦਾ ਹੈ। ਸਿਰਫ਼ ਇੱਕ ਕਮਰੇ ਨੂੰ ਆਪਣੀ ਜ਼ਿੰਦਗੀ ਦਾ ਰੈਣ ਬਸੇਰਾ ਮੰਨ ਕੇ ਬਹੁਤੇ ਕਲਾਕਾਰਾਂ ’ਤੇ ਗਿਲਾ ਕਰਦਿਆਂ ਚਤਰ ਸਿੰਘ ਪਰਵਾਨਾ ਆਖਦਾ ਹੈ ਕਿ ਮੈਂ ਕਿਸੇ ਵੀ ਬੱਚੇ ਨੂੰ ਇਸ ਖੇਤਰ ਦਾ ਰਾਹੀ ਬਣਨ ਲਈ ਨਹੀਂ ਆਖਾਂਗਾ ਕਿਉਂਕਿ ਜੋ ਕੁਝ ਮੈਂ ਇਸ ਖੇਤਰ ਵਿਚ ਵੇਖਿਆ ਹੈ, ਉਸ ਤੋਂ ਮੈਨੂੰ ਨਫ਼ਰਤ ਹੋ ਚੁੱਕੀ ਹੈ।

ਇੱਥੇ ਝੂਠ ਅਤੇ ਚੜ੍ਹਦੇ ਸੂਰਜ ਨੂੰ ਸਲਾਮਾਂ ਹੁੰਦੀਆਂ ਨੇ। ਅਜਿਹੇ ਕੁਝ ਸ਼ਬਦ ਪਰਵਾਨੇ ਦੇ ਦਿਲ ’ਚੋਂ ਉੱਠੀ ਚੀਸ ਆਖੇ ਜਾ ਸਕਦੇ ਹਨ। ਕਈ ਕਲਾਕਾਰਾਂ ’ਤੇ ਗਿਲਾ ਕਰਦਿਆਂ ਪਰਵਾਨੇ ਦਾ ਆਖਣਾ ਸੀ ਕਿ ਉਸ ਦੇ ਪੈਸੇ ਮਾਰ ਗਏ। ਇਸ ਫ਼ਨਕਾਰ ਨੇ ਆਪਣੀ ਜ਼ਿੰਦਗੀ ਦੇ ਲਗਪਗ 40 ਵਰ੍ਹੇ ਪੰਜਾਬੀ ਗੀਤਕਾਰੀ ਨੂੰ ਦਿੱਤੇ ਅਤੇ ਬਦਲੇ ਵਿਚ ਅਸੀਂ ਉਸ ਨੂੰ ਬੁਢਾਪੇ ਦੀ ਕਗਾਰ ’ਤੇ ਜਾ ਕੇ ਮਹਿਜ਼ ਸਹਾਰਾ ਦੇਣ ਤੋਂ ਵੀ ਅਸਮਰੱਥ ਹੋ ਚੁੱਕੇ ਹਾਂ। ਲੰਘੇ ਸਮੇਂ ਨੱਬੇਵਿਆਂ ਤੱਕ ਪੰਜਾਬ ਦਾ ਕੋਈ ਵੀ ਅਜਿਹਾ ਕਲਾਕਾਰ ਨਹੀਂ ਸੀ, ਜਿਸ ਨੇ ਪਰਵਾਨੇ ਦੇ ਲਿਖੇ ਗੀਤਾਂ ਨੂੰ ਆਪਣੀ ਆਵਾਜ਼ ਨਾ ਦਿੱਤੀ ਹੋਵੇ। ਹਰਚਰਨ ਗਰੇਵਾਲ ਤੋਂ ਲੈ ਕੇ ਬਲਕਾਰ ਸਿੱਧੂ ਤੱਕ ਕਈ ਦਰਜਨ ਕਲਾਕਾਰਾਂ ਨੇ ਚਤਰ ਸਿੰਘ ਪਰਵਾਨਾ ਦੇ ਲਿਖੇ ਗੀਤਾਂ ਨੂੰ ਗਾਇਆ। ਫ਼ਰਜ਼ ਤਾਂ ਉਨ੍ਹਾਂ ਕਲਾਕਾਰਾਂ ਦਾ ਵੀ ਬਣਦਾ ਹੈ, ਜਿਨ੍ਹਾਂ ਨੇ ਪਰਵਾਨੇ ਦੇ ਸਿਰ ਤੋਂ ਲੱਖਾਂ ਰੁਪਏ ਕਮਾ ਲਏ।

ਮਿੱਤਰਾਂ ਦਾ ਚੱਲਿਆ ਟਰੱਕ ਨੀ, ਸਮੇਤ ਕਿੰਨੇ ਹੀ ਚਤਰ ਸਿੰਘ ਪਰਵਾਨਾ ਦੀ ਕਲਮ ’ਚੋਂ ਨਿਕਲੇ ਗੀਤ ਸਮਾਜਿਕ ਤੌਰ ’ਤੇ ਪ੍ਰਵਾਨ ਚੜ੍ਹੇ। ਉਸਨੇ ਹਜ਼ਾਰਾਂ ਗੀਤ ਲਿਖੇ, ਸ਼ੌਹਰਤ ਮਿਲੀ ਅਤੇ ਪੈਸਾ ਵੀ ਕਮਾਇਆ ਪਰ ਚਤਰ ਸਿੰਘ ਪਰਵਾਨਾ ਸਮੇਂ ਦੀ ਬਦਲ ਰਹੀ ਹਵਾ ਨੂੰ ਸਮਝ ਨਾ ਸਕਿਆ ਅਤੇ ਬਦਲੇ ਹਾਲਾਤਾਂ ਨੇ ਪਰਵਾਨੇ ਨੂੰ ਐਸਾ ਲਪੇਟਾ ਮਾਰਿਆ ਕਿ ਵੇਖਣ ਵਾਲੇ ਮੂੰਹ ਵਿਚ ਉਂਗਲਾਂ ਪਾ ਕੇ ਸੋਚਣ ਲਈ ਮਜਬੂਰ ਹੋ ਗਏ ਕਿ ਇਕ ਮਹਾਨ ਗੀਤਕਾਰ ਦਾ ਇਹ ਹਾਲ ਵੀ ਹੋ ਸਕਦਾ ਹੈ। ਕਿਸੇ ਸਮੇਂ ਹਜ਼ਾਰਾਂ ਦਿਲਾਂ ਦੀ ਧੜਕਣ ਬਣਿਆ ਪਰਵਾਨਾ ਅੱਜ ਇਕ ਕਮਰੇ ਅੰਦਰ ਇਕ ਮੰਜੀ ਅਤੇ ਇਕ ਸਟੀਲ ਦਾ ਗਲਾਸ ਲੈ ਕੇ ਕਿ ਜ਼ਿੰਦਗੀ ਦੀ ਵਾਟਾਂ-ਗਾਹੀ ਕਰਦਾ ਨਜ਼ਰੀਂ ਪੈਂਦਾ ਹੈ।

ਹੈਰਾਨੀਜਨਕ ਤੱਥ ਇਹ ਹੈ ਕਿ ਲੁਧਿਆਣੇ ਦੇ ਪਿੰਡ ਲੁਹਾਰਾ ਵਿਖੇ ਆਂਢ-ਗੁਆਂਢ ਦੇ ਕਿਸੇ ਵੀ ਵਿਅਕਤੀ ਨੂੰ ਇਹ ਨਹੀਂ ਸੀ ਪਤਾ ਕਿ ਕਿਸੇ ਸਮੇਂ ਦਾ ਮਸ਼ਹੂਰ ਗੀਤਕਾਰ ਚਤਰ ਸਿੰਘ ਪਰਵਾਨਾ ਇਸ ਕਮਰੇ ਦੇ ਵਿਚ ਰਹਿ ਰਿਹਾ ਹੈ। ਮੈਨੂੰ ਨਹੀਂ ਲੱਗਦਾ ਕਿ ਕਿਸੇ ਫ਼ਨਕਾਰ ਲਈ ਸ਼ਾਇਦ ਇਸ ਤੋਂ ਹੋਰ ਜ਼ਲਾਲਤ ਭਰੀ ਜ਼ਿੰਦਗੀ ਕੀ ਹੋਵੇਗੀ, ਕਿ ਕਿਸੇ ਸਮੇਂ ਜਿਸ ਦੇ ਲੱਖਾਂ ਲੋਕ ਦੀਵਾਨੇ ਹੋਣ ਅਤੇ ਚੋਟੀ ਦੇ ਕਲਾਕਾਰ ਉਸ ਦੀ ਸਾਹਦੀ ਭਰਦੇ ਹੋਣ, ਉਹ ਗੁੰਮਨਾਮ ਜ਼ਿੰਦਗੀ ਬਤੀਤ ਕਰ ਰਿਹਾ ਹੋਵੇ। ਖ਼ੈਰ, ਮੈਂ ਪਿਛਲੇ ਕਈ ਲੇਖਾਂ ਵਿਚ ਲਿਖਿਆ ਸੀ ਕਿ ਪੰਜਾਬੀ ਦੇ ਗਾਇਕੀ ਦੇ ਇਤਿਹਾਸ ਦਾ ਇਹ ਵੀ ਇੱਕ ਕੌੜਾ ਪੰਨਾ ਹੈ। ਗੀਤਕਾਰ ਵੀਰੋ ਜੇਕਰ ਸਮਾਂ ਰਹਿੰਦਿਆਂ ਸਮਾਂ ਸੰਭਾਲ ਸਕਦੇ ਹੋ, ਤਾਂ ਸੰਭਾਲ ਲਵੋ, ਨਹੀਂ ਤਾਂ ਹਾਲ ਤੁਹਾਡੇ ਸਭ ਦੇ ਸਾਹਮਣੇ ਹੈ। ਆਓ ਤੰਗੀਆਂ-ਤੁਰਸ਼ੀਆਂ ਨਾਲ ਜੰਗ ਲੜ ਰਹੇ ਆਪਣੇ ਸਮੇਂ ਦੇ ਉੱਘੇ ਫ਼ਨਕਾਰਾਂ ਨੂੰ ਸਹਾਰਾ ਦਿੰਦਿਆਂ ਆਪਣਾ ਮੂਲ ਪਛਾਣਨ ਦੀ ਕੋਸ਼ਿਸ਼ ਕਰੀਏ।

## ਵਿਸਾਖੀ ਦਾ ਗੀਤ

ਚੰਨਾ ਵੇ ਮੇਰਾ ਜੀਅ ਕਰਦਾ,
ਮੈਂ ਮੇਲੇ ਵਿਸਾਖੀ ਦੇ ਜਾਵਾਂ।
ਸੂਫ਼ ਦਾ ਸੁਵਾ ਦੇ ਘੱਗਰਾ,
ਵੇ ਮੈਂ ਧਰਤੀ ਸੁੰਵਰਦੀ ਜਾਵਾਂ।
ਢੋਲਾ ਵੇ ਮੇਰਾ ਦਿਲ ਕਰਦਾ......।

ਪੋਲੇ ਪੋਲੇ ਵੇ ਪੈਰ ਪੁੱਟਦੀ ,
ਸੱਪ ਵਾਂਗਰਾਂ ਮੇਲ੍ਹਦੀ ਜਾਵਾਂ।
ਗੁਰੂ ਘਰ ਜਾ ਕੇ ਮੱਥਾ ਟੇਕੀਏ ,
ਸਾਰੇ ਟੱਬਰ ਦੀ ਖੈਰ ਮਨਾਵਾਂ।
ਦਿਲਜਾਨੀ ਵੇ ਮੇਰਾ ਦਿਲ ਕਰਦਾ......।

ਪੈਲੀਆਂ ਨੂੰ ਲਾਲੀ ਚੜ੍ਹ ਜਾਏ ,
ਜਦੋਂ ਪੈਰੀਂ ਝਾਂਜਰ ਛਣਕਾਵਾਂ।
ਦਾਤੀ ਨੂੰ ਲਵਾ ਦੇ ਘੁੰਗਰੂ ,
ਮੈਂ ਕਣਕਾਂ ਦੇ ਸੱਥਰ ਵਿਛਾਵਾਂ।
ਮਾਹੀਆ ਵੇ ਮੇਰਾ ਚਿੱਤ ਕਰਦਾ......।

ਚੰਡੋਲ ਦੇ ਹੁਲਾਰਿਆਂ ਦੇ ਨਾਲ,
ਦੁਪੱਟਾ ਕਾਸ਼ਨੀ ਉੱਚੀ ਲਹਿਰਾਵਾਂ।
ਦੋਵੇਂ ਘੁੰਮ ਫਿਰ ਮੇਲਾ ਦੇਖੀਏ,
ਥਾਲ ਭਰ ਵੇ ਜਲੇਬੀਆਂ ਖਾਵਾਂ।
ਸੋਹਣਿਆ ਵੇ ਮੇਰਾ ਮਨ ਕਰਦਾ......।



-ਸੇਵਾ ਸਿੰਘ "ਨੂਰਪੁਰੀ"
(Punjab Mail USA)

## ਗ਼ਜ਼ਲ

ਵੱਢ ਕੇ ਰੁੱਖ ਤੂੰ ਕੀਤਾ ਖਾਲੀ ਥਾਂ,
ਹੁਣ ਧੁੱਪ ਤੋਂ ਬਚਣ ਲਈ ਭਾਲੇਂ ਛਾਂ।

ਚਾਰੇ ਪਾਸੇ ਕੋਈ ਰੁੱਖ ਨਹੀਂ,
ਬੈਠਣ ਕਿੱਥੇ ਚਿੜੀਆਂ, ਘੁੱਗੀਆਂ, ਕਾਂ?

ਜਦ ਤੱਕ ਉਨ੍ਹਾਂ ਨੂੰ ਮਾਇਆ ਨਾ ਮਿਲੇ,
ਬਾਬੂ ਕੰਮ ਲਈ ਨਹੀਂ ਕਰਦੇ ਹਾਂ।

ਮੇਰੇ ਜਿਹਾ ਮਿਲ ਉਸ ਨੂੰ ਹੋਰ ਗਿਆ,
ਉਹ ਕਿਉਂ ਚੇਤੇ ਰੱਖਦਾ ਮੇਰਾ ਨਾਂ?

ਰੱਬ ਇਕ ਹੈ, ਉਹ ਵੱਸਦਾ ਹੈ ਸਭ ਵਿਚ,
ਲੋਕਾਂ ਉਸ ਦੇ ਰੱਖੇ ਬਥੇਰੇ ਨਾਂ।

ਕਾਮੇ ਦੀ ਹਾਲਤ ਬਹੁਤੇ ਮਾੜੀ,
ਤਾਂ ਹੀ ਉਸ ਦੀ ਖਾਤਰ ਲਿਖਦੇ ਹਾਂ।



-ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ
ਫੋਨ : 99158-03554
(Punjab Mail USA)

## ਖ਼ਾਲਸਾ ਪੰਥ ਸਜਾਇਆ

ਵਿਸਾਖੀ ਵਾਲੇ ਦਿਨ
ਗੁਰੂ ਦਸਵੇਂ ਕੌਤਕ ਵਰਤਾਇਆ
ਲੈ ਕੇ ਸੀਸ ਪੰਜ ਪਿਆਰਿਆਂ
ਖਾਲਸਾ ਪੰਥ ਸਜਾਇਆ।
ਇਹ ਅਲੌਕਿਕ ਨਜ਼ਾਰਾ
ਵੇਖ ਸੰਗਤ ਸੀਸ ਝੁਕਾਇਆ
ਇਕੋ ਬਾਟੇ 'ਚ ਅੰਮ੍ਰਿਤ ਛਕਾ ਕੇ
ਜਾਤ-ਪਾਤ ਦਾ ਭੇਦ ਮਿਟਾਇਆ।
ਨੀਚ ਜਾਤ ਨੂੰ ਗਲੇ ਲਗਾ ਕੇ
ਸਤਿਕਾਰ ਉਨ੍ਹਾਂ ਦਾ ਵਧਾਇਆ।
ਜੀਵਨ ਸਿੰਘ ਮਜ਼੍ਹਬੀ ਸਿੰਘ ਨੂੰ ਪਹਿਲੇ
ਕਲਗੀ ਲਾ ਕੇ ਸਤਿਕਾਰ ਦਿਵਾਇਆ।
ਸਮਾਜ ਅੰਦਰ ਸੀ ਕ੍ਰਾਂਤੀ ਦਾ
ਇਕ ਨਵਾਂ ਪੈਗ਼ਾਮ ਫੈਲਾਇਆ
ਪਰ ਚੌਥੀ ਸਦੀ ਆਉਣ 'ਤੇ ਵੀ
ਲੋਕਾਂ ਮਨ ਨਾ ਸਮਝਾਇਆ।
ਸਿੱਖੀ ਦੇ ਅਲੰਬਰਦਾਰਾਂ
ਹਉਮੈ ਆਪਣੀ ਨੂੰ ਪੱਠੇ ਪਾਇਆ
ਜਾਤ ਪਾਤਾਂ ਦੀਆਂ ਵੰਡੀਆਂ ਨੂੰ
ਨਵੇਂ ਸਿਰੇ ਤੋਂ ਰਚਾਇਆ।
ਜਾਤ-ਪਾਤ ਦੇ ਨਾਲ ਜੋੜ ਕੇ
ਨੇਤਾਵਾਂ ਨੇ ਖ਼ੂਬ ਭਰਮਾਇਆ
ਸਰਕਾਰ ਸਾਡੀ ਨੇ ਪਹਿਲਾਂ ਹੀ
ਹਰੇਕ 'ਤੇ ਜਾਤ ਦਾ ਠੱਪਾ ਲਾਇਆ।
ਸਮਾਜ ਸਾਡੇ ਨੇ ਸਿੱਖੀ ਨੂੰ
ਵੱਖਰਾ ਹੀ ਰੂਪ ਬਣਾਇਆ
ਸੰਤ ਬਾਬਿਆਂ ਆਮ ਸਿੱਖ ਨੂੰ
ਉਲਝਣ ਤਾਣੀ ਵਿਚ ਪਾਇਆ।
ਸਿੱਖੀ ਦੇ ਪਹਿਰੇਦਾਰੋ ਅਜੇ ਵੀ ਸੋਚੋ
ਕੀ ਅਸੀਂ ਉਹੀਓ ਕਮਾਇਆ?
ਕਿਉਂ ਨਹੀਂ ਗੁਰੂ ਦੀ ਸੋਚ ਨੂੰ
ਸੱਚੇ ਦਿਲੋਂ ਅਸਾਂ ਅਪਣਾਇਆ?

-ਸ. ਮੇਜਰ ਸਿੰਘ ਨਾਭਾ, (ਪਟਿਆਲਾ)
(Punjab Mail USA)

## ਵਿਸਾਖੀ (ਬਾਲ ਕਵਿਤਾ)

ਵਿਸਾਖੀ ਵਾਲਾ ਦਿਨ ਇਤਿਹਾਸਕ
ਸਾਡੇ ਲਈ ਹੈ ਬੜਾ ਮਹਾਨ।
ਹੱਕ ਮਨੁੱਖੀ ਪਾਵਣ ਦੇ ਲਈ
ਵਾਰੀ ਕਈ ਯੋਧਿਆਂ ਜਾਨ।

ਦਸਵੇਂ ਗੁਰੂ ਗੋਬਿੰਦ ਸਿੰਘ ਨੇ
ਕੀਤੀ ਖਾਲਸਾ ਫੌਜ ਤਿਆਰ
ਮਜ਼ਲੂਮਾਂ ਦੀ ਖਾਤਰ ਜਿਹੜੇ
ਵੈਰੀਆਂ ਨੂੰ ਸੀ ਕਰਦੇ ਪਾਰ।

ਖਾਲਸਾ ਪੰਥ ਵਿਚ ਪੰਜ ਪਿਆਰੇ
ਜਾਂਦੇ ਨੇ ਹਰ ਥਾਂ ਸਤਿਕਾਰੇ
ਆਪੇ ਗੁਰੂ ਤੇ ਆਪੇ ਚੇਲਾ
ਇਕ ਨੂਰ ਵਿਚ ਮਿਲ ਗਏ ਸਾਰੇ।

ਅਨੰਦਪੁਰ ਦਾ ਸੀ ਥਾਂ ਪਵਿੱਤਰ
ਗੁਰਾਂ ਨੇ ਜਿੱਥੇ ਕਾਜ ਰਚਾਇਆ।
ਫਿਰ ਬੰਦਾ, ਸਿੰਘ ਬਹਾਦਰ ਬਣਿਆ
ਜਿਸਨੇ ਖਾਲਸਾ ਰਾਜ ਚਲਾਇਆ।

ਜਲਿਆਂ ਵਾਲੇ ਬਾਗ ਦਾ ਸਾਕਾ
ਜਾਂਦਾ ਨਾਹੀਂ ਦਿਲੋਂ ਭੁਲਾਇਆ।
ਜ਼ਾਲਮ ਗੋਰੇ ਜਨਰਲ ਡਾਇਰ ਨੇ
ਖੂਨ ਮਸੂਮਾਂ ਦਾ ਬਹਾਇਆ।

ਭਗਤ ਸਿੰਘ ਵਰਗੇ ਕਈ ਯੋਧੇ
ਦੇਸ਼ ਦੀ ਖਾਤਰ ਹੋਏ ਕੁਰਬਾਨ।
ਭਾਰਤ ਮਾਤਾ ਆਜ਼ਾਦ ਕਰਾ ਕੇ
ਕਰ ਗਏ ਆਪਣੀ ਕੌਮ ਮਹਾਨ।

ਪੱਕੀਆਂ ਫਸਲਾਂ ਦੇਖ ਕਿਸਾਨ
ਖੁਸ਼ੀਆਂ ਦੇ ਵਿਚ ਨੱਚੇ ਨੱਪੇ
ਵਿਚ ਸਰੋਵਰਾਂ ਕਰੇ ਇਸ਼ਨਾਨ
ਧਰਤੀ 'ਤੇ ਫਿਰ ਪੱਬ ਨਾ ਰੱਖੇ।

ਮੁਹਬਤ ਸਾਂਝਾਂ ਪ੍ਰੀਤ ਜਗਾਈਏ
ਇਕ ਦੂਜੇ ਤੋਂ ਵਾਰੀਏ ਜਾਨ
'ਮਾਨ' ਵਿਸਾਖੀ ਭਰੇ ਭੜੋਲੇ
ਹਰ ਥਾਂ ਵਧੇ ਪੰਜਾਬ ਦੀ ਸ਼ਾਨ।



-ਬਲਜਿੰਦਰ ਮਾਨ
98150-18947
ਸੰਪਾਦਕ ਨਿੱਕੀਆਂ ਕਰੂੰਬਲਾਂ,
ਕਰੂੰਬਲਾਂ ਭਵਨ ਮਾਹਿਲਪੁਰ, ਹੁਸ਼ਿਆਰਪੁਰ
(Punjab Mail USA)

## ਭਾਗਾਂ ਭਰੀ ਵਸਾਖੀ...

ਭਾਗਾਂ ਭਰੀ ਵਸਾਖੀ ਦੇ ਦਿਨ ਉੱਤੇ, ਕੇਸਗੜ੍ਹ ਵਿਚ ਸਜਿਆ ਦੀਵਾਨ ਹੋਵੇ।
ਪੁੱਜ ਪੁੱਜ ਕੇ ਗੁਰਾਂ ਦੇ ਹੁਕਮਨਾਮੇ, ਸੰਗਤ ਜੁੜੀ ਹੋਈ ਬੇ ਅਨੁਮਾਨ ਹੋਵੇ।
ਮੇਰੇ ਦਾਤਾ ਜੀ ਤੰਬੂ 'ਚੋਂ ਬਾਹਰ ਆਵਣ, ਸੀਸ ਲੈਣ ਦਾ ਮੁਖੋਂ ਫੁਰਮਾਨ ਹੋਵੇ।
ਛਾਇਆ ਹੋਏ ਸੰਨਾਟਾ ਦੀਵਾਨ ਅੰਦਰ, ਸੰਗਤ ਦੇਖ ਕੇ ਸਾਰੀ ਹੈਰਾਨ ਹੋਵੇ।
ਅੱਗੇ ਹੋ ਕੇ ਝੁਕਾਵਾਂ ਮੈਂ ਸੀਸ ਅਪਣਾ, ਉਤੋਂ ਗੁਰਾਂ ਦੀ ਪੈਂਦੀ ਕਿਰਪਾਨ ਹੋਵੇ।
ਲੰਘ ਕੇ ਖੰਡੇ 'ਚੋਂ ਖੰਡੇ ਦਾ ਪੀਆਂ ਅੰਮ੍ਰਿਤ, ਪੂਰਾ ਇਸ ਤਰ੍ਹਾਂ ਮੇਰਾ ਅਰਮਾਨ ਹੋਵੇ।
ਮਰਾਂ ਸਦਾ ਗਰੀਬਾਂ ਅਨਾਥਾਂ ਦੇ ਲਈ, ਭਰੀ ਦਿਲ ਵਿਚ ਏਹੋ ਉਮੰਗ ਹੋਵੇ।
ਲਥਣ ਕਾਮ ਕਰੋਧ ਦੇ ਰੰਗ ਕੱਚੇ, ਚੜ੍ਹਿਆ ਨਾਮ ਵਾਲਾ ਪੱਕਾ ਰੰਗ ਹੋਵੇ।
ਸੜਾਂ ਹੱਸ ਕੇ ਕੌਮ ਤੇ ਦੇਸ਼ ਬਦਲੇ, ਸੜਦਾ ਸਮਾਂ ਤੋਂ ਜਿਵੇ ਪਤੰਗ ਹੋਵੇ।
ਅੱਗੇ ਹੋ ਕੇ ਮਰਾਂ ਮੈਂ ਸਾਰਿਆਂ ਤੋਂ, ਕੌਮੀ ਅਣਖ ਖਾਤਰ ਲੱਗੀ ਜੰਗ ਹੋਵੇ।
ਗੋਲੀ ਖਾ ਕੇ ਧਰਮ ਦੇ ਜੰਗ ਅੰਦਰ, ਤੜਫ ਤੜਫ ਕੇ ਨਿਕਲਦੀ ਜਾਨ ਹੋਵੇ।
ਰੁਲਾਂ ਮੈਂ ਤੇ ਵਤਨ ਦੀ ਸ਼ਾਨ ਚਮਕੇ, ਪੂਰਾ ਇਸ ਤਰ੍ਹਾਂ ਮੇਰਾ ਅਰਮਾਨ ਹੋਵੇ।
ਮੈਨੂੰ ਆਪਣੇ ਮਾਣ ਦੀ ਲੋੜ ਕੋਈ ਨਹੀਂ, ਕਰਨਾ ਦੇਸ਼ ਦਾ ਉੱਚਾ ਵਕਾਰ ਚਾਉਨਾ।
ਮੈਂ ਚਾਉਨਾ ਕਿ ਅਮਨ ਨਾਲ ਵਸੇ ਦੁਨੀਆਂ, ਨਾ ਮੈਂ ਜਿੱਤ ਚਾਉਨਾ ਨਾ ਮੈਂ ਹਾਰ ਚਾਉਨਾ।

ਕਰ ਕੇ ਦੂਰ ਦੇਸ਼ੋਂ ਫਰਕ ਫਿਰਕਿਆਂ ਦੇ, ਭਾਈ ਭਾਈ ਦਾ ਗੰਢਨਾ ਪਿਆਰ ਚਾਉਨਾ।
ਨਾ ਹੈ ਅਗਲੇ ਸਵਰਗ ਦੀ ਝਾਕ ਕੋਈ, ਸੁਖੀ ਦੇਖਣਾ ਏਹੋ ਸੰਸਾਰ ਚਾਉਨਾ।
ਹੋਵੇ ਸਾਰੇ ਇਨਸਾਨਾਂ ਦਾ ਇਕ ਦਰਜਾ, ਬ੍ਰਾਹਮਣ ਸ਼ੂਦਰ ਦੀ ਮਿਟੀ ਪਹਿਚਾਨ ਹੋਵੇ।
ਲੱਗ ਜਾਏ ਲੋਕ ਭਲਾਈ ਲਈ ਜਾਨ ਜੇਕਰ, ਪੂਰਾ ਇਸ ਤਰ੍ਹਾਂ ਮੇਰਾ ਅਰਮਾਨ ਹੋਵੇ।
ਗਾਲਣ ਲਈ ਜਹਾਨ ਦੀਆਂ ਔਕੜਾਂ ਨੂੰ, ਹੱਸ ਹੱਸ ਜਿਹਲਾਂ ਵਿਚ ਜ਼ਿੰਦਗੀ ਗਾਲ ਦੇਵਾਂ।
ਲੈ ਕੇ ਸਿੱਖਿਆ ਭਾਈ ਦਿਆਲੇ ਜੀ ਤੋਂ, ਭਾਵੇਂ ਦੇਗਾਂ ਵਿਚ ਆਪਾ ਉਬਾਲ ਦੇਵਾਂ।
ਤੁਰਿਆ ਉਤੇ, ਜੀਵਨ ਮਰਨ ਦਾ ਛੱਡ ਖਿਆਲ ਦੇਵਾਂ।
ਜਾਲ ਦੇਸ਼ ਤੇ ਕੌਮ ਦੇ ਕੱਟਣੇ ਲਈ, ਭਾਵੇਂ ਜੰਡਾਂ ਨਾਲ ਜ਼ਿੰਦਗੀ ਜਾਲ ਦੇਵਾਂ।
ਤਨ ਮਨ ਧਨ ਸਭ ਕੌਮ ਤੋਂ ਕਰਾਂ ਅਰਪਣ, ਸਿੱਖਿਆ ਗੁਰਾਂ ਤੋਂ ਇਹੋ ਗਿਆਨ ਹੋਵੇ।
ਤਾਰੂ ਸਿੰਘ ਵਾਗੂੰ ਤਰ ਜਾਂ ਜ਼ੁਲਮ ਵਿਚੋਂ, ਪੂਰਾ ਇਸ ਤਰ੍ਹਾਂ ਮੇਰਾ ਅਰਮਾਨ ਹੋਵੇ।
ਭਗਤ ਸਿੰਘ ਵਾਗੂੰ ਝੂਟਾਂ ਫਾਂਸੀਆਂ 'ਤੇ, ਖਿੜੀ ਬੁੱਲ੍ਹਾਂ ਦੇ ਉਤੇ ਮੁਸਕਾਨ ਹੋਵੇ।
ਸੀਸ ਤਲੀ ਧਰ ਯਾਰ ਦੀ ਗਲੀ ਲੰਘਾਂ, ਭੇਟਾ ਤੁਛ ਜਿਹੀ ਜੇ ਕਰ ਪਰਵਾਨ ਹੋਵੇ।
ਪਹੁੰਚ ਕਿਸੇ ਨਿਸ਼ਾਨੇ 'ਤੇ ਮੈਂ ਜਾਵਾਂ, ਮਿਟ ਦਾ ਜੱਗ ਤੋਂ ਭਾਵੇਂ ਨਿਸ਼ਾਨ ਹੋਵੇ।
ਕਰਨ ਖੁਸ਼ੀ ਨਾਲ ਮਾਣ ਮਹਿਸੂਸ ਸਾਰੇ, ਜਦੋਂ ਬਲ਼ ਰਿਹਾ ਮੇਰੇ ਸਮਸ਼ਾਨ ਹੋਵੇ।
ਆਉਣਾ ਜੱਗ 'ਤੇ ਸਮਝਾਂਗਾ ਸਫਲ ਹੋਇਆ, ਜੇ ਕਰ ਦੇਸ਼ ਖਾਤਰ ਬਲੀਦਾਨ ਹੋਵੇ।
ਜੀਆਂ ਕੌਮ ਖਾਤਰ ਮਰਾਂ ਕੌਮ ਖਾਤਰ, ਪੂਰਾ ਇਸ ਤਰ੍ਹਾਂ ਮੇਰਾ ਅਰਮਾਨ ਹੋਵੇ।



-ਸਤਨਾਮ ਸਿੰਘ ਦਰਦੀ, ਚਾਨੀਆਂ (ਜਲੰਧਰ)
92569-73526
(Punjab Mail USA)

## ਉੱਠਕੇ ਕੋਈ ਆਵੇ ਸੂਰਮਾ

ਇੱਕ ਸਿਰ ਮੰਗੇ ਮੇਰੀ ਤਲਵਾਰ,
ਉੱਠਕੇ ਕੋਈ ਆਵੇ ਸੂਰਮਾ
ਕਿਹਾ ਗੁਰਾਂ ਨੇ ਤੰਬੂ 'ਚੋਂ ਹੋਕੇ ਬਾਹਰ,
ਉੱਠਕੇ ਕੋਈ ਆਵੇ ਸੂਰਮਾ।

ਸੱਜੇ ਹੱਥ ਵਿਚ ਚੰਡੀ ਚੇਹਰਾ ਲਾਲ ਸੀ,
ਕੀਤਾ ਸੰਗਤਾਂ ਤੇ ਗੁਰਾਂ ਨੇ ਸਵਾਲ ਸੀ,
ਕੰਬ ਗਿਆ ਸੀ ਸਾਰਾ ਹੀ ਦਰਬਾਰ,
ਉੱਠਕੇ ਕੋਈ ਆਵੇ ਸੂਰਮਾ।

ਸੀਸ ਰੱਖਕੇ ਜੋ ਤਲੀ 'ਤੇ ਲਿਆਊਗਾ
ਗੁਰੂ ਘਰੋਂ ਸਦਾ ਖੁਸ਼ੀਆਂ ਉਹ ਪਾਊਗਾ
ਵਿਚ ਦਰਗਾਹ ਦੇ ਹੋਊ ਸਤਿਕਾਰ
ਉੱਠਕੇ ਕੋਈ ਆਵੇ ਸੂਰਮਾ।

ਐਸਾ ਅੰਮ੍ਰਿਤ ਖੰਡੇ ਦਾ ਛਕਾਉਣਾ ਏ
ਨਿਆਰਾ ਜੱਗ ਤੋਂ ਮੈਂ ਖ਼ਾਲਸਾ ਸਜਾਉਣਾ ਏ
ਫੌਜ ਖ਼ਾਲਸੇ ਦੀ ਕਰਨੀ ਤਿਆਰ,
ਉੱਠਕੇ ਕੋਈ ਆਵੇ ਸੂਰਮਾ।

ਪੰਜ ਪਿਆਰੇ ਸਤਿਗੁਰਾਂ ਨੇ ਸਿੰਗਾਰ ਤੇ
ਸਿੰਘ ਸੂਰੇ ਬਣੇ ਪੰਜ ਕੱਕੇ ਧਾਰ ਕੇ
ਹੋ ਗਈ 'ਗਿੱਲ ਮਲਕੀਤ' ਜੈ ਜੈ ਕਾਰ
ਉੱਠਕੇ ਕੋਈ ਆਵੇ ਸੂਰਮਾ।
ਇਕ ਸਿਰ ਮੰਗੇ ਮੇਰੀ ਤਲਵਾਰ
ਉੱਠਕੇ ਕੋਈ ਆਵੇ ਸੂਰਮਾ।



ਮਲਕੀਤ ਸਿੰਘ ਗਿੱਲ 'ਭੱਠਲਾਂ'
ਸੰਪਰਕ : 79865-28225
94174-90943
(Punjab Mail USA)

## ਅੰਮ੍ਰਿਤ ਦੀ ਦਾਤ

ਸੂਰਜ ਵਾਂਗੂੰ ਚਮਕੇ, ਚਿਹਰਾ ਹੱਥ ਫੜੀ ਤਲਵਾਰ।
ਇੱਕ ਸੀਸ ਦੀ ਲੋੜ ਹੈ ਮੈਨੂੰ, ਮੁੱਖ 'ਚੋਂ ਦਿੱਤਾ ਉਚਾਰ।
ਸੁਣ ਬੋਲ ਦਸਮ ਪਿਤਾ ਦੇ, ਸੰਗਤ ਹੋਈ ਠੰਡੀ ਠਾਰ।
ਰੋਟੀਆਂ ਕਾਰਣ ਪੂਰੇ ਤਾਲ ਜੋ, ਭੱਜੇ ਦੀਵਾਨੋਂ ਬਾਹਰ।
ਸੰਗਤ ਵਿਚੋਂ ਦਇਆ ਰਾਮ ਨੇ, ਉੱਠ ਕੇ ਅਰਜ ਗੁਜਾਰੀ।
ਸੀਸ ਮੇਰਾ ਹੈ ਹਾਜ਼ਰ ਗੁਰੂ ਜੀ, ਮੁੱਖ 'ਚੋਂ ਆਵਾਜ਼ ਉਚਾਰੀ।
ਉਸ ਤੋਂ ਧਰਮ ਚੰਦ ਤੇ ਫਿਰ, ਹਿੰਮਤ ਚੰਦ ਦੀ ਆਈ ਵਾਰੀ।
ਮੋਹਕਮ ਚੰਦ ਤੇ ਸਾਹਿਬ ਦਾਸ, ਉਠੇ ਕਰ ਹੁਸ਼ਿਆਰੀ।
ਬਾਜਾਂ ਵਾਲੇ ਅੰਮ੍ਰਿਤ ਦੇ ਜਦ, ਪੰਜ ਪੰਜ ਘੁੱਟ ਛਕਾਏ।
ਤਨ ਦੇ ਉੱਪਰ ਪਹਿਨਣ ਦੇ ਲਈ, ਪੰਜ ਕਕਾਰ ਸਜਾਏ।
ਤੁਸੀਂ ਗੁਰੂ ਦੇ ਸਿੰਘ ਸੂਰਮੇ, ਇਹ ਮੁੱਖ 'ਚੋਂ ਵਾਕ ਸੁਣਾਏ।
ਅੱਜ ਤੋਂ ਨਾਂ ਖਾਲਸਾ ਤੇਰਾ, ਮਾਂ ਸਾਹਿਬ ਕੌਰ ਦੇ ਜਾਏ।
ਪੰਜਾਂ ਵਿਚ ਪਰਮੇਸ਼ਰ ਦੱਸ ਕੇ, ਹੈ ਆਖਰ ਗੁਜਾਰੀ।
ਦਾਤ ਅੰਮ੍ਰਿਤ ਦੀ ਬਖ਼ਸ਼ੋ ਮੈਨੂੰ, ਕਰਕੇ ਹੁਣ ਤਿਆਰੀ।
ਗੋਬਿੰਦ ਸਿੰਘ ਬਣਨ ਦੀ, ਆਈ ਹੈ ਹੁਣ ਮੇਰੀ ਵਾਰੀ।
ਕਿਰਪਾ ਕਰੋ ਮਿਹਰ ਦੀ ਐਸੀ, ਮੈਂ ਹੋਵਾ ਅੰਮ੍ਰਿਤ ਧਾਰੀ।
ਪੰਜਾਂ ਕੋਲੋਂ ਅੰਮ੍ਰਿਤ ਛੱਕ ਕੇ, ਆਪ ਬਣੇ ਅੰਮ੍ਰਿਤਧਾਰੀ।
ਆਪੇ ਗੁਰੂ, ਚੇਲਾ ਹੈ ਆਪੇ, ਇਹ ਐਸੀ ਖੇਡ ਚਿਤਾਰੀ।
ਨਿਸ਼ਾਨ ਧਰਮ ਦਾ ਉੱਚਾ ਕੀਤਾ, ਸਿੱਖੀ ਜਾਨੋਂ ਪਿਆਰੀ।
ਪੁੱਤਰਾਂ ਨਾਲੋਂ ਵੱਧ ਕੇ ਆਖੇ, ਸਿੱਖ ਕੌਮ ਹੈ ਪਿਆਰੀ।
ਧੰਨ ਧੰਨ ਦਸ਼ਮੇਸ਼ ਪਿਤਾ, ਤੂੰ ਐਸੀ ਕੌਮ ਬਣਾਈ।
ਸਵਾ ਲਖ ਨਾਲ 'ਕਲਾ 'ਕਲਾ, ਲੜਦੇ ਸਿੰਘ ਲੜਾਈ।
ਮੌਤ ਨਾ ਅੱਗੇ ਝੁਕੇ ਖਾਲਸਾ, ਮੌਤ ਹੈ ਸਗੋਂ ਚੁਕਾਈ।
"ਫਰਵਾਹੀ" ਤੂੰ ਨਾਲ ਕਲਮ ਦੇ, ਕੀ ਲਿਖੇ ਵਡਿਆਈ।

-ਗਿਆਨੀ ਸਤਪਾਲ ਸਿੰਘ ਫਰਵਾਹੀ
98147-32793
(Punjab Mail USA)

## ਜਲ੍ਹਿਆਂ ਵਾਲਾ ਬਾਗ

ਹਿੰਮਤ ਸਿੰਘ ਜੱਲੇਵਾਲ ਦਾ ਜੋ ਬਾਗ ਸੀ ਭਾਈ
ਰੌਲਟ ਐਕਟ ਖਿਲਾਫ਼ ਜਨਤਾ ਅੰਮ੍ਰਿਤਸਰ ਆਈ,
ਰੌਲਟ ਐਕਟ ਨੇ ਕਰਤੇ ਸਭ ਹੱਕਾਂ ਤੋਂ ਵਾਂਝੇ,
ਇਕੱਠੇ ਹੋ ਕੇ ਲੱਗੇ ਕਰਨ ਵਿਚਾਰ ਜੋ ਸਾਂਝੇ।
ਮਾਈ ਭਾਈ ਬੱਚੇ ਬੁੱਢੇ ਸਭ ਬਾਗ 'ਚ ਆਏ,
ਦੇਸ਼ ਪ੍ਰੇਮੀ ਸੂਰਿਆਂ ਸਭ ਦੇ ਜੋਸ਼ ਜਗਾਏ।
ਸਮਾਂ ਐਸਾ ਆ ਗਿਆ ਦੇਸ਼ ਲਈ ਮਰਨਾ ਪੈਣਾ,
ਜੋ ਨਹੀਂ ਕੀਤਾ ਅੱਜ ਤੱਕ ਉਹ ਵੀ ਕਰਨਾ ਪੈਣਾ।
ਉੱਠੋ ਜਾਗੋ ਦੇਸ਼ ਵਾਸੀਓ ਸਭ ਕਰੋ ਤਿਆਰੀ।
ਲੁੱਟ ਫ਼ਿਰੰਗੀ ਖਾ ਗਿਆ ਸਾਡੀ ਧਰਤ ਪਿਆਰੀ,
ਬਾਰਾਂ ਸਾਲ ਦਾ ਭਗਤ ਸਿੰਘ ਬਾਗ 'ਚ ਆਇਆ,
ਖੂਨੀ ਮਿੱਟੀ ਚੁੰਮ ਕੇ ਉਸ ਮੱਥੇ ਲਾਇਆ।
ਇਕ ਦਿਨ ਆਪਣਾ ਖੂਨ ਮੈਂ ਇਸਦੇ ਵਿਚ ਮਿਲਾਉਣਾ
ਰਾਜ ਫ਼ਿਰੰਗੀ ਦਾ ਦੇਸ਼ 'ਚੋਂ ਅਸੀਂ ਜੜ੍ਹੋਂ ਮੁਕਾਉਣਾ।
ਊਧਮ ਸਿੰਘ ਸ਼ਹੀਦ ਨੇ ਵੀ ਕਸਮਾਂ ਖਾਈਆਂ,
ਲਾੜੀ ਮੌਤ ਵਿਆਹੁਣ ਲਈ ਯਾਰੀਆਂ ਪਾਈਆਂ।
ਇੱਕੀ ਸਾਲਾਂ ਬਾਅਦ ਲੰਡਨ ਵਿਚ ਉਸ ਭੱੜਥੂ ਪਾਇਆ
ਮਾਈਕਲ ਉਡਵਾਇਰ ਮਾਰਕੇ ਉਹਨੇ ਸਬਕ ਸਿਖਾਇਆ,
ਫ਼ਿਰ ਭਗਤ ਸਰਾਭੇ ਵਰਗੇ ਜੰਮੇ ਕਈ ਹੋਰ ਜੁਆਨ,
ਦੇਸ਼ ਕੌਮ ਦੀ ਖਾਤਰ ਉਹ ਕਰ ਗਏ ਜਿੰਦ ਕੁਰਬਾਨ।
ਕਈ ਦੇਸ਼ ਪ੍ਰੇਮੀ ਗੋਰਿਆਂ ਦੇ ਸੀਨੇ ਲੜ ਗਏ,
ਉਹ ਵਤਨ ਬਚਾਵਣ ਖਾਤਰ ਸੂਲੀਆਂ ਚੜ੍ਹ ਗਏ।
13 ਅਪ੍ਰੈਲ 1919 ਤੋਂ ਬਾਅਦ ਨਾ ਗੋਰਾ ਪੈਰੀਂ ਆਇਆ
ਚੜ੍ਹ-ਚੜ੍ਹ ਸੂਲੀ ਯੋਧਿਆ ਫ਼ਿਰੰਗੀ ਰਾਜ ਮੁਕਾਇਆ,
ਹੱਸ ਕੇ ਰੱਸੇ ਚੁੰਮ ਗਏ ਸੀ ਅਨੇਕ ਪੰਜਾਬੀ।
ਬਾਬੇ ਨਾਨਕ ਦੇ ਵਾਰਸਾਂ ਦੀ ਟੌਹਰ ਨਵਾਬੀ,
ਫ਼ਿਰ ਸੰਨ ਸੰਤਾਲੀ ਆ ਗਿਆ ਉਹ ਭਾਗਾਂ ਭਰਿਆ,
ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੋਂ ਗੋਰਾ ਡਰਿਆ
ਲਹੂ ਨਾਲ ਭਿੱਜੀ ਮਿਲ ਗਈ ਸਾਨੂੰ ਆਜ਼ਾਦੀ ,
ਹਿੰਦ ਪਾਕ ਨੂੰ ਵੰਡ ਕੇ ਦੇ ਗਿਆ ਬਰਬਾਦੀ।
ਮਾੜੇ ਭਾਤੀ ਅੱਜ ਵੀ ਦੇਸ਼ ਦੇ ਅੰਦਰ
ਹਰ ਪਾਸੇ ਵਰਤ ਰਿਹਾ ਸਭ ਉਹੀ ਮੰਜ਼ਰ
ਦੇਸ਼ ਭਗਤਾਂ ਤੇ ਸੂਰਿਆਂ ਦੀ ਸੁਣੋ ਪੁਕਾਰ,
ਦੇਸ਼ ਸੇਵਾ ਦੇ ਨਾਮ 'ਤੇ ਨਾ ਕਰੋ ਨਿਘਾਰ।
ਮਾਨਵਤਾ ਦੇ ਹੱਕ ਮਿਲ ਜਾਵਣ ਹੋਏ ਸੋਚ ਸੁਤੰਤਰ
ਰਲਕੇ ਸਾਰੇ ਇਕ ਜੁੱਟ ਹੋ ਕੇ ਬਦਲੀਏ ਇਹੋ ਤੰਤਰ,
ਜਲ੍ਹਿਆਂ ਵਾਲੇ ਬਾਗ ਦੀ ਮਿੱਟੀ ਅਜ ਵੀ ਇਹੋ ਪੁਕਾਰੇ,
ਹਿੰਦੂ ਮੁਸਲਿਮ ਸਿੱਖ ਇਸਾਈ ਬਣੋ ਇਨਸਾਨ ਪਿਆਰੇ।

-ਬਲਜਿੰਦਰ ਮਾਨ
98150-18947
ਸੰਪਾਦਕ ਨਿਕੀਆਂ ਕਰੂੰਬਲਾਂ,
ਕਰੂੰਬਲਾਂ ਭਵਨ ਮਾਹਿਲਪੁਰ, ਹੁਸ਼ਿਆਰਪੁਰ
(Punjab Mail USA)



## ਫ਼ਸਲਾਂ ਨਾਲ ਵਿਸਾਖੀ ਹੁੰਦੀ ਫ਼ਸਲਾਂ ਨਾਲ ਖੁਸ਼ਹਾਲੀ

ਫ਼ਸਲਾਂ ਨਾਲ ਵਿਸਾਖੀ ਹੁੰਦੀ ਫ਼ਸਲਾਂ ਨਾਲ ਖੁਸ਼ਹਾਲੀ।
ਬਾਰਿਸ਼ ਹੱਥੋਂ ਖੇਤਾਂ ਦੇ ਵਿਚ ਉਜੜੀ ਡਾਲੀ-ਡਾਲੀ।
ਕੁਦਰਤ ਨੇ ਕੀ ਕਹਿਰ ਕਮਾਇਆ ਹਰ ਪਾਸੇ ਬਰਬਾਦੀ।
ਪੱਤੀ-ਪੱਤੀ ਕੋਲੋਂ ਖੋਹ ਲਈ ਖੁਸ਼ਬੂ ਦੀ ਆਜ਼ਾਦੀ।
ਫਸਲਾਂ ਨਾਲ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।
ਧੀਆਂ ਪੁੱਤਾਂ ਨਾਲੋਂ ਵਧ ਕੇ ਪਿਆਰੀ ਹੁੰਦੀ ਖੇਤੀ।
ਆਸ ਮੁਰਾਦਾਂ ਤਾਂਘ ਹੁੰਦੀ ਏ ਪੱਕ ਜਾਂਦੀ ਹੈ ਛੇਤੀ।
ਲੱਕ ਤੋੜਵੀਂ ਮਿਹਨਤ ਕਰਕੇ ਸਾਰਾ ਸਾਲ ਸੰਭਾਲੀ।
ਫਸਲਾਂ ਨਾਲ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।
ਮਿਹਨਤ ਕਰ ਕਿਰਸਾਨ ਕ੍ਰਿਤ 'ਚੋਂ ਸਾਰਾ ਦੇਸ਼ ਰਜਾਏ।
ਬੇਸ਼ੱਕ ਆਪੇ ਰੁਲ ਖੁਲ ਜਾਏ ਕਰਜ਼ੇ ਦੇ ਵਿਚ ਆਏ।
ਉਸ ਦੇ ਹੱਥ ਵਿਚ ਰਹਿ ਜਾਂਦੀ ਹੈ ਮਿੱਟੀ ਕਰਮਾਂ ਵਾਲੀ।
ਫਸਲਾਂ ਨਾਲ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।
ਮਿਹਨਤ ਦੇ ਸੱਚੇ ਅਰਥਾਂ ਅੰਦਰ ਪਲ-ਪਲ ਤੁਰਦਾ ਜਾਏ।
ਜਿੰਦਾਂ ਛੱਜੇ ਦੇ ਟੁੱਟਣ 'ਤੇ ਸ਼ਹਿਰ ਹੈ ਖੁਰਦਾ ਜਾਏ।
ਤੜਕ ਸਵੇਰਾ ਸ਼ਿਖ਼ਰ ਦੁਪਹਿਰਾਂ ਰਾਤ ਹੋਵੇ ਜਾਂ ਕਾਲੀ।
ਫ਼ਸਲਾਂ ਨਾਲ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।
ਭਾਰਤ ਮਾਂ ਦੇ ਸਿਰ 'ਤੇ ਹਰਿਆਲੀ ਦਾ ਤਾਜ਼ ਰਵੇਗਾ।
ਇਸ ਦੀ ਪ੍ਰਭੂਤਾ ਸ਼ਕਤੀ ਉਤੇ ਸਭ ਨੂੰ ਨਾਜ਼ ਰਵੇਗਾ।
ਡਿੱਗਣ ਨਾ ਦਿੱਤੀ ਧਰਤੀ ਮਾਂ ਨੇ ਇਸ ਦੀ ਪੱਗ ਸੰਭਾਲੀ।
ਫ਼ਸਲਾਂ ਵਿਚ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।
ਬੇਸ਼ੱਕ ਨੇਰ੍ਹੀ, ਝੱਖੜ, ਤੂਫਾਂ, ਬਾਰਿਸ਼ ਰੰਗ ਵਿਖਾਏ।
ਧਰਤੀ ਮਾਂ ਦੇ ਸਿਰ ਦੇ ਉਤੇ ਫਿਰ ਵੀ ਆਂਚ ਨਾ ਆਵੇ।
ਬਾਲਮ, ਸੂਰਜ, ਦਰਿਆ ਕਰਦੇ ਇਸ ਦੀ ਖੁਦ ਰਖਵਾਲੀ।
ਫਸਲਾਂ ਨਾਲ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।

-ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ, ਗੁਰਦਾਸਪੁਰ ਪੰਜਾਬ
98156-25409
(Punjab Mail USA)



## ਖਾਲਸਾ

ਸੋਚੀਂ ਕਿਹੜੀ ਗੱਲੇ ਤੈਨੂੰ, ਕਹਿੰਦੇ ਸਰਦਾਰ ਜੀ।
ਅਸਲੀ ਥਾਂ ਨਕਲੀ ਹੋ, ਹੋਵੀਂ ਨਾ ਤੂੰ ਆਰਜੀ।

ਪਉਣ 'ਚ ਮਖੌਟੇ ਭਾਵੇਂ ਹੋਵੇਂ ਤੂੰ ਕੁਸ਼ਲਕਾਰੀ,
ਖਰੇ ਦੀ ਥਾਂ ਖੋਟੇ ਨੂੰ ਤਾਂ ਪੈਣੀ ਸਦਾ ਮਾਰ ਜੀ।

ਬਿੱਲੀ ਤੇਰੀ ਥੈਲੇ ਵਿਚੋਂ ਬਾਹਰ ਦੇਖ ਆਈ ਜਾਣ,
ਧਰਮ ਇਮਾਨ ਦਾ ਜੋ ਕਰੇਂ ਵਿਓਪਾਰ ਜੀ।

ਸ਼ਬਦ ਸਰੂਪ ਹੋ ਕੇ ਸੱਚ ਦਾ ਸਰੂਪ ਹੋਈਂ,
ਸ਼ਬਦੀ ਸੁਭਾਅ ਹੁੰਦੇ ਅੰਮ੍ਰਿਤਧਾਰ ਜੀ।

ਸੱਚਾ ਗੁਰਮਤੀਆ ਤੇ ਕਹਿੰਦੇ ਨੇ ਵਿਵੇਕੀ ਉਹਨੂੰ,
ਫੁਰਨੇ ਤੋਂ ਖਲਾਸ ਹੈ ਜੋ, ਮਨਫੀ ਵਿਚਾਰ ਜੀ।

ਇਸ਼ਟ ਸੁਹਿਰਦ ਚੋਜੀ ਪਿਤਾ ਕਹਿਣ ਓਸੇ ਨੂੰ,
ਖਾਲਸਾ ਖੁਦਾ ਦਾ ਹੈ ਜੋ ਮਿਟੇ ਹੰਕਾਰ ਜੀ।

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਜੋ ਵੱਸ ਹੋਣ,
ਪੜ੍ਹ-ਲਿਖ ਕੇ ਵੀ ਬੰਦੇ ਰਹਿੰਦੇ ਨੇ ਗੰਵਾਰ ਜੀ।

ਜ਼ਿੰਦ ਵਿਚ ਜ਼ਿੰਦ ਹੈ ਜੇ, ਜ਼ਿੰਦਗੀ 'ਚ ਸੱਚ ਹੋਵੇ।
ਸੱਚ ਬਿਨ ਜ਼ਿੰਦਗੀ ਤਾਂ ਰਹਿੰਦੀ ਹੈ ਬੇਕਾਰ ਜੀ।

ਹੋਰਾਂ ਨੂੰ ਪਿਆਰੇ ਪ੍ਰਚਾਰੇ ਭਾਵੇਂ ਰੱਜ ਕੇ,
'ਢੇਸੀ' ਚਿੱਤ ਆਪਣੇ ਦੀ ਹੋਵੇ ਜਿਹਨੂੰ ਸਾਰ ਜੀ।

-ਕੁਲਵੰਤ ਸਿੰਘ 'ਢੇਸੀ'
ਕਾਵੈਂਟਰੀ, ਯੂ.ਕੇ.
(Punjab Mail USA)



## 21ਵੀਂ ਸਦੀ ਦੀ ਵਿਸਾਖੀ

ਨਾ ਦਾਤੀ ਨੂੰ ਲੱਗਦੇ ਘੁੰਗਰੂ
ਨਾ ਖੇਤੀ ਆਉਂਦੇ ਭੱਤੇ ਨੇ
ਵਾਢੀ ਵਸ ਮਸ਼ੀਨਾਂ ਪੈਗੀ
ਨਾ ਹੁਣ ਚੱਲਦੇ ਖੱਕੇ ਨੇ।

ਭਲੇ ਦਿਨ ਸੀ ਉਹ ਮਿੱਤਰਾ
ਮਸ਼ਕਾਂ ਨਾਲ ਪਾਣੀ ਪਿਉਂਦੇ ਸੀ
ਰੁੱਘ ਭਰ ਵੱਲੀਆ ਦਾ ਲੈ ਕੇ
ਟੱਬਰ ਦੀ ਪਿਆਸ ਬੁਝਾਉਂਦੇ ਸੀ।

ਨਾ ਹੁਣ ਸਾਂਝੇ ਪਿੜ ਹੀ ਰਹਿਗੇ
ਨਾ ਪਹਿਲਾਂ ਜਿਹਾ ਪਿਆਰ ਰਿਹਾ
ਧਰਤੀ ਨੂੰ ਮਾਂ ਕਹਿੰਦੇ ਸੀ ਪਰ
ਬਣ ਉਹ ਅੱਜ ਵਪਾਰ ਗਿਆ।

ਹੁਣ ਨਾ ਵੱਜਣ ਦਮਾਮੇ ਜੱਟ ਤੋਂ
ਕਰਜ਼ੇ ਦਾ ਢੋਲ ਬਜਾਉਂਦਾ ਹੈ
ਨੱਕ ਤੱਕ ਡੁੱਬਿਆ ਫਿਰ ਵੀ ਦੇਖੋ
ਪੈਲੇਸਾਂ ਵਿਚ ਭੰਗੜੇ ਪਾਉਂਦਾ ਹੈ।

ਗਾਣਿਆਂ ਦੇ ਵਿਚ ਔਡੀ ਤੇ ਜੱਟ
ਮੌਜਾਂ ਖੂਬ ਮਨਾਉਂਦੇ ਨੇ
ਅਸਲ ਹਕੀਕਤ ਦੇਖੋ ਜਾ ਕੇ
ਮਰ ਮਰ ਜ਼ਿੰਦਗੀ ਜਿਉਂਦੇ ਨੇ।

ਧਾਲੀਵਾਲ ਸਮਾਂ ਹੁਣ ਬਦਲ ਗਿਆ ਹੈ
ਝੂਠੇ ਦੇ ਸਿਰ ਤਾਜ ਸਜੇ
ਵੋਟਾਂ ਨੇ ਹੁਣ ਪੈਸੇ ਦੇ ਨਾਲ
ਤਦੇ ਰਾਜ ਤੋਂ ਪਹਿਲਾ ਸੇਵਾ ਕਰੇ।

-ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ
ਮੋ : 78374-90309
Adv.dhaliwal@gmail.com
(Punjab Mail USA)



## ਖੁਦਗਰਜ਼ਾਂ ਦੀ ਦੁਨੀਆਂ

ਇਹ ਖੁਦਗਰਜ਼ਾਂ ਦੀ ਦੁਨੀਆਂ ਹੈ ਏਥੇ ਕੋਈ ਕਿਸੇ ਦਾ ਯਾਰ ਨਹੀਂ।
ਏਥੇ ਪਿਆਰ ਵੀ ਇਕ ਛਲਾਵਾ ਹੈ ਕਿਤੇ ਲੱਭਦਾ ਸੱਚਾ ਪਿਆਰ ਨਹੀਂ।

ਦੁਨੀਆਂ ਮੇਂ ਹੈ ਨਹੀਂ ਕੋਈ ਕਿਸੀ ਕਾ, ਅਗਰ ਹੈ ਤੋ ਅਕੇਲਾ ਸਾਇਆ,
ਜੋ ਵੁਹ ਭੀ ਹਨੇਰੇ ਮੇਂ ਸਾਥ ਛੋੜ ਜਾਤਾ ਹੈ।


ਮਜ਼੍ਹਬੀ ਠੇਕੇਦਾਰਾਂ ਨੇ ਏਥੇ ਹੱਟ ਨਫ਼ਰਤ ਦੇ ਖੋਲ੍ਹੇ ਨੇ,
ਜਿੱਥੇ ਸੌਦਾ ਮਿਲੇ ਮੁਹੱਬਤ ਦਾ ਇਸ ਦੁਨੀਆਂ ਵਿਚ ਬਾਜ਼ਾਰ ਨਹੀਂ।

ਬੰਦਾ ਹੈ ਦੁਸ਼ਮਣ ਬੰਦੇ ਦਾ, ਛਲ ਕਪਟ ਹੈ ਧੰਦਾ ਬੰਦੇ ਦਾ,
ਕਦ ਧੋਖਾ ਦੇਣਾ ਬੰਦੇ ਨੇ ਇਸ ਬੰਦੇ ਦਾ ਇਤਬਾਰ ਨਹੀਂ।

ਵੈਸੇ ਤਾਂ ਪਿਆਰ ਵੀ ਕਰਦਾ ਹੈ ਪਰ ਦੌਲਤ ਉਪਰ ਮਰਦਾ ਹੈ,
ਤੂੰ ਇਸ ਕੋਲੋਂ ਹੁਸ਼ਿਆਰ ਰਹੀਂ ਇਹ ਤੇਰਾ ਪਹਿਰੇਦਾਰ ਨਹੀਂ।

ਤੈਨੂੰ ਗੱਲ ਪਤੇ ਦੀ ਦਸ ਦੇਈਏ ਤੂੰ ਹੋਰ ਕਿਸੇ ਨੂੰ ਦੱਸੀਂ ਨਾ,
ਸਭ ਚੋਰ ਉਚੱਕੇ ਆਗੂ ਨੇ, ਲੋਕਾਂ ਦੇ ਖ਼ਿਦਮਤਗਾਰ ਨਹੀਂ।

ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-799-0955
(Punjab Mail USA)



## ਡਾਂਸਰ - ਸਿਮਰ ਸੰਧੂ

ਕੀ ਦੱਸਾਂ 'ਸਮਰਾਲੇ' ਦੇ ਵਿਚ ਉਹਨੇ ਲੈ ਲਈ ਮੁੱਲ ਲੜਾਈ
ਮੈਂ ਕਈ ਵਾਰੀ ਉਹਨੂੰ ਮੌਕਾ ਦਿੱਤਾ ਉਹ ਜਾਵੇ ਗੱਲ ਵਧਾਈ
ਫਿਰ ਸਿਰ ਤੋਂ ਪਾਣੀ ਵਗਦਾ ਵੇਖ ਮੈਂ ਵੀ ਪਾ ਕੇ ਛੱਡੀ ਪੂਰੀ
ਮੈਂ ਕਾਹਦਾ ਲੜਨਾ ਸੀ ਹੋ ਗਈ ਮੇਰੀ ਵੀ ਮਜਬੂਰੀ

ਨਿੱਕੀ ਹੁੰਦੀ ਦੇ ਮਰ ਗਏ ਮਾਪੇ ਭੂਆ ਕੋਲ ਸੀ ਰਹਿਦੀ
ਕਰਾਂ ਧੰਨਵਾਦ ਬੱਸ ਭੂਆ ਦਾ ਸਾਰੀ ਦੁਨੀਆਂ ਕੋਲ ਤਾਂ ਕਹਿਦੀ
ਨਾ ਕੁੱਟ ਇਥੇ ਕੌਣ ਦਿੰਦਾ ਕੋਈ ਮਾਂ ਤੋਂ ਬਿਨਾਂ ਨਾ ਚੂਰੀ
ਮੈਂ ਕਾਹਦਾ ਨੱਚਣਾ ਵੇ ਬੱਸ ਮੇਰੀ ਵੀ.... .... ....

ਜਦ ਸਿਰ ਤੋਂ ਉਠਦਾ ਸਾਇਆ ਤੇ ਉਹੀ ਕਰਦਾ ਫੇਰ ਪੜ੍ਹਾਈ
ਨੌਕਰੀ ਕਿਤੋਂ ਨਾ ਮਿਲਦੀ ਸੀ ਦੱਸ ਹੋਣੀ ਕਿੱਥੋਂ ਕਮਾਈ
ਫਿਰ ਵਿਆਹ ਸ਼ਾਦੀ 'ਤੇ ਨੱਚ ਕੇ ਲੈ ਕੇ ਜਾਂਦੀ ਮੈਂ ਮਜ਼ਦੂਰੀ
ਮੈਂ ਕਾਹਦਾ ਨੱਚਣਾ ਵੇ ਬੱਸ ਮੇਰੀ ਵੀ.... .... ....।

ਕੱਸਿਆ ਫੇਰ ਸ਼ਿਕੰਜਾ ਪੁਲਿਸ ਨੇ ਫੜ ਕੇ ਕਰਤਾ ਅੰਦਰ
ਨਾ ਹੁੰਦੀ ਜ਼ਮਾਨਤ ਵੇਖੀ ਕੇ ਮਿੰਨਤਾ ਕੱਢਦਾ ਫਿਰੇ ਪਤੰਦਰ
ਚੁੱਪ ਕਰਕੇ ਹੁਣ ਬਹਿਜਾ ਮੈਂ ਵੀ ਵੱਟੀ ਉਸ ਨੂੰ ਘੂਰੀ
ਮੈਂ ਕਾਹਦਾ ਨੱਚਣਾ ਵੇ ਬੱਸ ਮੇਰੀ ਵੀ.... .... ....।

ਫਿਰ ਪੱਤਰਕਾਰ ਘਰ ਆ ਗਏ ਸਾਡੇ ਸਾਰੀ ਦੱਸੀ ਕਹਾਣੀ
ਧੰਨਵਾਦ ਉਨ੍ਹਾਂ ਲੋਕਾਂ ਦਾ ਜਿਨ੍ਹਾਂ ਕਰਤਾ ਦੁੱਧ ਤੋਂ ਪਾਣੀ
ਫਿਰ "ਦੇਵ ਘੋਲੀਏ" ਖੋਲ੍ਹੇ ਪਰਦੇ ਨਾ ਕੋਈ ਰੱਖੀ ਗੱਲ ਅਧੂਰੀ
ਮੈਨੂੰ ਸ਼ੌਕ ਨਾ ਨੱਚਣ ਦਾ ਬੱਸ ਮੇਰੀ ਵੀ ਮਜਬੂਰੀ।

ਗੀਤਕਾਰ : ਦੇਵ ਘੋਲੀਆ ਖੁਰਦ, ਫਰਿਜ਼ਨੋ
559-232-7764
(Punjab Mail USA)



## ਧੱਕੇ ਨਾਲ

ਸਿਰ ਤੇ ਨਾ ਚੁੱਕੀਏ ਹੰਕਾਰ ਵਾਲੀ ਪੰਡ ਜੀ।
ਜਦੋਂ ਮਾਰੂ, ਮਾਰਦਾ ਏ ਬੰਦੇ ਨੂੰ ਘੁਮੰਡ ਜੀ।

ਚੰਗੀ ਤਰ੍ਹਾਂ ਜੰਮਦੀ ਨਾ ਕੋਈ ਵੀ ਫਸਲ ਹੁੰਦੀ,
ਬਾਰਿਸ਼ਾਂ ਦੇ ਨਾਲ ਜਦੋਂ ਜਾਂਦੀ ਏ ਕਰੰਡ ਜੀ।

ਮਾਪਿਆਂ ਦੇ ਦਿਲ ਉੱਤੇ ਉਦੋਂ ਬੁਰੀ ਬੀਤਦੀ ਏ,
ਸਕਿਆਂ ਭਰਾਵਾਂ ਵਿਚ ਪੈਂਦੀ ਜਦੋਂ ਵੰਡ ਜੀ।

ਦਾਨ ਦੇਣਾ ਹੋਵੇ ਦੇਵੋ, ਨਿਮਰਤਾ ਦੇ ਵਿਚ ਰਹਿਕੇ,
ਲੋਕਾਂ ਵਿਚ ਐਵੇਂ ਬਹੁਤੀ ਪਾਈਦੀ ਨੀਂ ਡੰਡ ਜੀ।

ਲੋਲੋ-ਪੋਪੋ ਕਰਕੇ ਨਾ ਸਿਰ 'ਤੇ ਚੜ੍ਹਾਈਏ ਬਹੁਤਾ,
ਰੰਬਾ ਅਤੇ ਧੀਆਂ-ਪੁੱਤ ਰੱਖੀਦੇ ਆ ਚੰਡ ਜੀ।

ਦਿਲ ਵਿਚ ਕੂੜ ਅਤੇ ਪਾਪ ਪਾਲ਼ੀ ਬੈਠੇ ਕਈ,
ਬਾਣਾ ਪਾ ਕੇ ਧਰਮਾਂ ਦਾ ਕਰਦਾ ਪਖੰਡ ਜੀ।

ਬੜਾ ਔਖਾ 'ਨਾਗਰਾ' ਏ ਦਾਨ-ਪੁੰਨ ਕਰਨਾ,
ਧੱਕੇ ਨਾਲ ਰੱਬ ਤਾਂ ਭਰਾ ਦਿੰਦਾ ਦੰਡ ਜੀ।

-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ', ਯੂਬਾ ਸਿਟੀ
ਫੋਨ: +1-360-448-1989
(Punjab Mail USA)




REALTY ONE GROUP
Gurjatinder S. Randhawa
REALTOR CA DRE licence # 01490567
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com